ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਮੱਘਰ-ਪੋਹ, ਸੰਮਤ ਨਾਨਕਸ਼ਾਹੀ ੫੪੮ ਦਸੰਬਰ ੨੦੧੬

ਜਿਲਦ ੬੦ ਅੰਕ ੯

*ਸੰਪਾਦਕ*

**ਸਤਵਿੰਦਰ ਸਿੰਘ ਫੂਲਪੁਰ**

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ˇ ੫ | ਸਾਲਾਨਾ | ˇ ੧੨੫੦ |
| ਸਾਲਾਨਾ | ˇ ੫੦ | ਪੰਜ ਸਾਲ | ˇ ੫੦੦੦ |
| ਪੰਜ ਸਾਲ | ˇ ੨੫੦ | ਲਾਈਫ਼ | ˇ ੧੦੦੦੦ |
| ਲਾਈਫ਼ | ˇ ੫੦੦ | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

**Secretary**
**Dharam Parchar Committee**
**(S.G.P.C.)**
**Sri Amritsar-143006**

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

website : www.sgpc.net

e-mail :gurmatparkashmonthly@gmail.com,
gyan_gurmat@yahoo.com

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School libraries by the Director of Public Instructions Punjab.
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਅੰਕ ਆਰਸੀ | | ੮ |
| ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੧੦ |
| ਮਰਦੋਂ ਕੇ ਗੀਤ ਗਾਓ | -ਪ੍ਰਿੰ. ਸਤਿਬੀਰ ਸਿੰਘ | ੧੯ |
| ਸ਼ਹੀਦ ਮਾਤਾ ਗੁਜਰੀ ਜੀ | -ਸ. ਵਰਿਆਮ ਸਿੰਘ | ੨੨ |
| ਕੀਨੋ ਬਡੋ ਕਲੂ ਮਹਿ ਸਾਕਾ | -ਡਾ. ਜਗਜੀਤ ਸਿੰਘ | ੨੫ |
| ਕਲਗੀਧਰ ਪਾਤਸ਼ਾਹ ਜੀ ਦਾ ਇਲਾਹੀ ਸਰੂਪ | -ਸ. ਜਸਵੰਤ ਸਿੰਘ | ੨੯ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਭਗਤੀ ਦਾ ਸੰਕਲਪ | -ਡਾ. ਪਰਮਜੀਤ ਕੌਰ | ੩੨ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ : ਇਨਕਲਾਬ ਦੇ ਸੰਦਰਭ ਵਿਚ | -ਸ. ਵਿਕਰਮਜੀਤ ਸਿੰਘ 'ਤਿਹਾੜਾ' | ੩੮ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੰਮੂ ਵੱਲ ਸਫ਼ਰ | -ਡਾ. ਜਸਬੀਰ ਸਿੰਘ ਸਰਨਾ | ੪੨ |
| ਗੁਰਮਤਿ ਵਿਚਾਰਧਾਰਾ : ਇੱਕ ਅਧਿਐਨ | -ਡਾ. ਸਰਬਜੀਤ ਕੌਰ | ੪੮ |
| ਧਰਮ ਤੇ ਵਿੱਦਿਆ | -ਪ੍ਰਿੰ. ਨਰਿੰਦਰ ਸਿੰਘ ਸੋਚ | ੫੩ |
| ਅਸੀਂ ਪੱਤ ਨਾਲ ਕਿਸ ਤਰ੍ਹਾਂ ਜ਼ਿੰਦੇ ਰਹਿ ਸਕਦੇ ਹਾਂ? | -ਗਿ. ਦਿੱਤ ਸਿੰਘ | ੬੦ |
| ਉਹ ਸੱਚਮੁੱਚ ਰੰਗ ਵਿਚ ਸਨ | -ਡਾ. ਜਸਵੰਤ ਸਿੰਘ ਨੇਕੀ | ੬੨ |
| ਭਾਈ ਵੀਰ ਸਿੰਘ ਜੀ ਦੀ ਕਵਿਤਾ ਵਿਚ ਰੂਹਾਨੀਅਤ ਝਲਕਾਰਾ | -ਸਤਵਿੰਦਰ ਸਿੰਘ ਫੂਲਪੁਰ | ੬੩ |
| ਜਿਨ੍ਹਾਂ ਧਰਮ ਨਹੀਂ ਹਾਰਿਆ . . . | -ਸ. ਗੁਰਮੀਤ ਸਿੰਘ | ੭੧ |
| ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦੀ ਇਕ ਘਟਨਾ | -ਸ. ਹਰਭਜਨ ਸਿੰਘ | ੭੪ |
| ਗਾਗਰ 'ਚ ਸਾਗਰ-- ੬੯ | -ਡਾ. ਇੰਦਰਜੀਤ ਸਿੰਘ ਗੋਗੋਆਣੀ | ੭੭ |
| ਗੁਰਮਤਿ ਸਾਹਿਤ ਦੇ ਰੂ-ਬਰੂ-- ੮ | -ਡਾ. ਅਮਰਜੀਤ ਕੌਰ | ੭੯ |
| ਅੰਤਰਰਾਸ਼ਟਰੀ ਸਿੱਖ ਬਿਰਤਾਂਤ | | ੮੧ |
| ਜੰਗਨਾਮਾ | -ਲੈਫ. ਪਰਸ਼ੋਤਮ ਸਿੰਘ ਲੱਲੀ | ੮੩ |
| ਸਰਸਾ ਬੇਵਫ਼ਾ ਨਿਕਲੀ (ਕਵਿਤਾ) | -ਸ. ਸਤਿਨਾਮ ਸਿੰਘ ਕੋਮਲ | ੮੬ |
| ਨਿੱਕੀਆਂ ਜਿੰਦਾ ਵੱਡਾ ਸਾਕਾ (ਬਾਲ ਕਵਿਤਾ) | -ਡਾ. ਹਰਬੰਸ ਸਿੰਘ | ੮੭ |
| ਸਰਹੰਦ ਦੀ ਦੀਵਾਰ (ਕਵਿਤਾ) | -ਸ੍ਰੀ. ਆਰ. ਐਲ. ਸਭਰਵਾਲ | ੮੮ |
| ਮੇਰੀ ਤੈਨੂੰ ਨਮਸਕਾਰ ਹੈ (ਕਵਿਤਾ) | -ਸ. ਅਰਸ਼ਪ੍ਰੀਤ ਸਿੰਘ | ੮੯ |
| ਚੋਜੀ ਦਾਤੇ ਦੇ ਚੋਜ ਕਮਾਲ ਦੇ ਸਨ (ਕਵਿਤਾ) | -ਗਿਆਨੀ ਪਿਆਰਾ ਸਿੰਘ ਜਾਚਕ | ੯੦ |
| ਸ੍ਰੀ ਦਸਮੇਸ਼ ਜੀ ਦੇ ਪਰਉਪਕਾਰ (ਕਵਿਤਾ) | -ਸ. ਸੁਰਜੀਤ ਸਿੰਘ | ੯੨ |
| ਖ਼ਬਰਨਾਮਾ | | ੯੩ |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ | | ੯੭ |

# ਗੁਰਬਾਣੀ ਵਿਚਾਰ

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥*
*ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥*
*ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥*
*ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥*
*ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥*
*ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ॥*
*ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥*
*ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥*
*ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥* *(ਪੰਨਾ ੧੩੫)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਬਾਰਹ ਮਾਹਾ ਮਾਂਝ ਦੀ ਇਸ ਪਾਵਨ ਪਉੜੀ ਦੇ ਮਾਧਿਅਮ ਦੁਆਰਾ ਜੀਵ ਨੂੰ ਸਮਝਾਉਂਦੇ ਹਨ ਕਿ ਜਿਸ ਜੀਵ ਰੂਪੀ ਇਸਤਰੀ ਨੇ ਪਤੀ ਰੂਪੀ ਪ੍ਰਭੂ ਦੇ ਨਾਮ ਨਾਲ ਸਾਂਝ ਪਾਈ ਹੈ ਅਰਥਾਤ ਜਿਸ ਨੇ ਆਪਣਾ ਮਨ ਪ੍ਰਭੂ ਦੀ ਸਿਫਤ-ਸਾਲਾਹ ਵਿਚ ਜੋੜਿਆ ਹੈ, ਵਿਕਾਰਾਂ ਰੂਪੀ ਠੰਡ ਉਸ ਦਾ ਕੁਝ ਨਹੀਂ ਵਿਗਾੜ ਸਕਦੀ। ਉਸ ਦਾ ਚਿੱਤ/ਮਨ ਅਰਥਾਤ ਉਸ ਦਾ ਇੱਕ-ਇੱਕ ਸਾਹ ਹਮੇਸ਼ਾਂ ਹੀ ਪ੍ਰਭੂ ਦੇ ਦੀਦਾਰਾਂ ਦੀ ਚਾਹ ਵਿਚ ਜੁੜਿਆ ਰਹਿੰਦਾ ਹੈ। ਗੁਰੂ ਸਾਹਿਬ ਫੁਰਮਾਨ ਕਰਦੇ ਹਨ ਕਿ ਜਿਸ ਜੀਵ ਰੂਪੀ ਇਸਤਰੀ ਨੇ ਜਗਤ ਦੇ ਮਾਲਕ ਅਤੇ ਪਾਲਣਹਾਰ ਪ੍ਰਭੂ ਦਾ ਆਸਰਾ ਲਿਆ ਹੈ, ਉਸ ਨੇ ਹੀ ਪ੍ਰਭੂ-ਪਤੀ ਦੀ ਸੇਵਾ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਜਿਸ ਨੇ ਪ੍ਰਭੂ ਦੇ ਗੁਣਾਂ ਦੀ ਵਿਚਾਰ ਕੀਤੀ ਹੈ, ਉਸ ਨੂੰ ਮਾਇਆ ਰੂਪੀ ਹਨੇਰਾ ਛੋਹ ਵੀ ਨਹੀਂ ਸਕਦਾ। ਅਜਿਹੀ ਜੀਵ ਇਸਤਰੀ ਹਮੇਸ਼ਾਂ ਉਸ ਪਰਮਾਤਮਾ ਦੀ ਹੀ ਸਿਫਤ-ਸਾਲਾਹ ਵਿਚ ਜੁੜੀ ਰਹਿੰਦੀ ਹੈ ਅਰਥਾਤ ਉਸ ਦੀ ਲਿਵ ਪ੍ਰਭੂ ਦੀ ਹੀ ਪ੍ਰੀਤ ਵਿਚ ਲੀਨ ਰਹਿੰਦੀ ਹੈ ਜਿਸ ਤੋਂ ਉਸ ਨੇ ਜਨਮ ਲਿਆ ਹੈ। ਅਸਲ ਵਿਚ ਪਰਮਾਤਮਾ ਨੇ ਹੀ ਅਜਿਹੀ ਜੀਵ ਇਸਤਰੀ ਨੂੰ ਹੱਥ ਫੜ ਕੇ ਆਪਣੇ ਨਾਲ ਜੋੜਿਆ ਹੁੰਦਾ ਹੈ ਅਤੇ ਉਹ ਕਦੀ ਵੀ ਉਸ ਤੋਂ ਵਿਛੜਦੀ ਨਹੀਂ। ਗੁਰੂ ਸਾਹਿਬ ਦੱਸਦੇ ਹਨ ਕਿ ਅਜਿਹਾ ਸੱਜਣ ਰੂਪੀ ਪਰਮਾਤਮਾ ਅਪਹੁੰਚ ਹੈ। ਉਸ ਦੇ ਗੁਣਾਂ ਦੀ ਡੂੰਘਾਈ ਤਕ ਨਹੀਂ ਪਹੁੰਚਿਆ ਜਾ ਸਕਦਾ। ਮੈਂ ਅਜਿਹੇ ਪਰਮਾਤਮਾ ਤੋਂ ਲੱਖ ਵਾਰ ਕੁਰਬਾਨ ਜਾਂਦਾ ਹਾਂ ਜੋ ਦਰ ਆਇਆਂ/ਸਰਣ ਪਿਆਂ ਦੀ ਲਾਜ ਰੱਖਦਾ ਹੈ। ਪਰਮਾਤਮਾ ਬਹੁਤ ਹੀ ਨਰਮ-ਦਿਲ ਵਾਲਾ ਦਿਆਲੂ ਹੈ। ਉਸ ਨੂੰ ਆਪਣੇ ਸਰਣ ਪਏ ਭਗਤਾਂ ਦੀ ਲਾਜ ਰੱਖਣੀ ਹੀ ਪੈਂਦੀ ਹੈ। ਗੁਰੂ ਸਾਹਿਬ ਅੰਤ ਵਿਚ ਫੁਰਮਾਨ ਕਰਦੇ ਹਨ ਕਿ ਜਿਸ ਜੀਵ ਉੱਤੇ ਬੇਰਪਵਾਹ ਦਿਆਲੂ ਪਰਮਾਤਮਾ ਮਿਹਰ ਦੀ ਨਿਗਾਹ ਪਾਉਂਦਾ ਹੈ, ਉਸ ਨੂੰ ਸਾਰੇ ਹੀ ਸੁੱਖ ਮਿਲ ਜਾਂਦੇ ਹਨ, ਉਸ ਨੂੰ ਪੋਹ ਦੀ ਕਕਰੀਲੀ ਠੰਡ ਵਾਲਾ ਮਹੀਨਾ ਵੀ ਨਿੱਘਾ ਅਤੇ ਸੁਹਾਵਣਾ ਲੱਗਦਾ ਹੈ। ■

## ਸੰਪਾਦਕੀ...

# ਆਓ! ਸ਼ਹੀਦਾਂ ਦੇ ਅਸਲ ਵਾਰਸ ਬਣੀਏ!

ਸਿੱਖੀ ਦੇ ਮਹੱਲ ਨੂੰ ਮਜ਼ਬੂਤ ਕਰਨ ਲਈ ਕੁੱਛੜ ਦੇ ਲਾਲਾਂ ਤੋਂ ਲੈ ਕੇ ਵਡੇਰੀ ਉਮਰ ਦੇ ਬਜ਼ੁਰਗਾਂ ਤਕ ਨੇ ਇਸ ਦੀਆਂ ਨੀਹਾਂ ਨੂੰ ਸ਼ਹਾਦਤ ਦੇ ਖ਼ੂਨ ਨਾਲ ਸਿੰਜਿਆ ਹੈ ਅਤੇ ਕਰਤਾ-ਪੁਰਖ ਦੀ ਕਿਰਪਾ ਸਦਕਾ ਇਨ੍ਹਾਂ ਵਿੱਚੋਂ ਇੱਕ ਵੀ ਅਜਿਹਾ ਨਹੀਂ ਜੋ ਆਪਣੇ ਅਕੀਦੇ ਤੋਂ ਡੋਲਿਆ ਹੋਵੇ। ਸਿੱਖ ਸ਼ਹੀਦੀ ਤਵਾਰੀਖ਼ ਅੰਦਰ ਪੋਹ ਦੇ ਮਹੀਨੇ ਦੀ ਸ਼ਹੀਦੀ ਦਾਸਤਾਨ ਤਾਂ ਰੌਂਗਟੇ ਖੜੇ ਕਰ ਦੇਣ ਵਾਲੀ ਹੈ। ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੋਂ ਕੁਝ ਹੀ ਦਿਨਾਂ ਦੇ ਅੰਦਰ ਗੁਰੂ ਜੀ ਦੇ ਦੋਨੋਂ ਵੱਡੇ ਸਾਹਿਬਜ਼ਾਦੇ ਅਤੇ ਬਹੁਤ ਸਾਰੇ ਪਿਆਰੇ ਗੁਰਸਿੱਖ ਚਮਕੌਰ ਦੀ ਜੰਗ ਵਿਚ ਜੂਝਦਿਆਂ ਸ਼ਹਾਦਤ ਦਾ ਜਾਮ ਪੀ ਗਏ। ਛੋਟੇ ਦੋਨੋਂ ਸਾਹਿਬਜ਼ਾਦਿਆਂ ਨੂੰ ਸਰਹੰਦ ਵਿਖੇ ਜਿਊਂਦਾ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤਾ ਗਿਆ ਅਤੇ ਮਾਤਾ ਗੁਜਰੀ ਜੀ ਠੰਡੇ ਬੁਰਜ ਵਿਚ ਸ਼ਹੀਦੀ ਪਾ ਗਏ। ਜੇਕਰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਗੱਲ ਕਰੀਏ ਤਾਂ ਉਮਰ ਦੇ ਤਕਾਜ਼ੇ ਨਾਲ ਇਹ ਸ਼ਹਾਦਤ ਬਾ-ਕਮਾਲ ਅਤੇ ਬੇਮਿਸਾਲ ਹੈ। ਛੋਟੀ-ਛੋਟੀ ਉਮਰ ਹੋਵੇ ਅਤੇ ਅੱਗੋਂ ਵੈਰੀਆਂ ਦੀ ਸ਼ਸਤਰ-ਬੱਧ ਸ਼ਾਹੀ ਫੌਜ ਤਰ੍ਹਾਂ-ਤਰ੍ਹਾਂ ਦੇ ਲਾਲਚ, ਡਰਾਵੇ ਆਦਿ ਹਰ ਪ੍ਰਕਾਰ ਦਾ ਹੀਲਾ ਵਰਤ ਕੇ ਥੱਕ ਜਾਵੇ ਪਰ ਹੌਂਸਲੇ ਬੁਲੰਦ ਰਹਿਣ, ਅਜਿਹੀ ਦਲੇਰੀ ਪਿੱਛੇ ਖੰਡੇ-ਬਾਟੇ ਦੇ ਅੰਮ੍ਰਿਤ ਦੀ ਸ਼ਕਤੀ, ਮਾਤਾ ਜੀਤੋ ਜੀ ਅਤੇ ਦਾਦੀ, ਮਾਤਾ ਗੁਜਰੀ ਜੀ ਦੀ ਸਿੱਖਿਆ ਅਤੇ ਦਾਦਾ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ **ਸੀਸ ਦੀਆ ਪਰ ਸਿਰਰੁ ਨ ਦੀਆ** ਵਾਲੀ ਪ੍ਰੇਰਨਾ ਕੰਮ ਕਰ ਰਹੀ ਸੀ। ਗੁਰੂ ਜੀ ਦੇ ਇਨ੍ਹਾਂ ਲਾਡਲੇ ਸਾਹਿਬਜ਼ਾਦਿਆਂ ਨੇ ਇਹ ਸਾਬਤ ਕਰ ਵਿਖਾਇਆ ਕਿ ਜ਼ਿੰਦਗੀ ਵਿਚ ਵੱਡੇ ਕੀਰਤੀਮਾਨ ਸਥਾਪਤ ਕਰਨ ਲਈ ਲੰਮੀ ਉਮਰ ਦੀ ਨਹੀਂ ਬਲਕਿ ਵੱਡੇ ਜਜ਼ਬੇ ਅਤੇ ਦ੍ਰਿੜ੍ਹ ਇਰਾਦੇ ਦੀ ਲੋੜ ਹੁੰਦੀ ਹੈ। ਜਿਸ ਪ੍ਰਕਾਰ ਗੁਰੂ ਜੀ ਦੇ ਚੌਹਾਂ ਸਾਹਿਬਜ਼ਾਦਿਆਂ ਨੇ ਜਬਰ-ਜ਼ੁਲਮ ਅਤੇ ਅਨਿਆਂ ਵਿਰੁੱਧ ਸੱਚ ਧਰਮ ਦੀ ਅਵਾਜ਼ ਬੁਲੰਦ ਕਰਦਿਆਂ ਜਾਲਮ ਅੱਗੇ ਝੁਕਣ ਦੀ ਬਜਾਇ ਆਪਣੀ ਜਾਨ ਨਿਛਾਵਰ ਕਰਨ ਦਾ ਮਾਰਗ ਚੁਣਿਆ। ਇਸੇ ਲਈ ਅੱਜ ਸਮੁੱਚਾ ਸਿੱਖ ਜਗਤ ਚਾਰੇ ਸਾਹਿਬਜ਼ਾਦਿਆਂ ਨੂੰ 'ਬਾਬਾ' ਦੇ ਲਕਬ ਨਾਲ ਯਾਦ ਕਰਦਾ ਹੈ।

ਸਾਹਿਬਜ਼ਾਦਿਆਂ ਦੀ ਇਸ ਲਾਸਾਨੀ ਸ਼ਹਾਦਤ ਦੇ ਜਜ਼ਬੇ ਨੂੰ ਪਰਵਾਰਿਕ ਪਿਛੋਕੜ ਵਿੱਚੋਂ ਤਲਾਸ਼ਣ ਦਾ ਯਤਨ ਕਰੀਏ ਤਾਂ ਸਭ ਤੋਂ ਪਹਿਲਾਂ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੇਅੰਤ ਤਸੀਹੇ ਝੱਲਦਿਆਂ ਸ਼ਹਾਦਤ ਦੇ ਕੇ ਜਬਰ ਦਾ ਟਾਕਰਾ ਸਬਰ ਨਾਲ ਕਰਨਾ ਸਿਖਾਇਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤਾਂ ਦੁਨੀਆ ਦੇ ਇਤਿਹਾਸ ਅੰਦਰ ਇੱਕੋ ਇਕ ਅਜਿਹੀ ਲਾਸਾਨੀ ਸ਼ਹਾਦਤ ਸੀ ਜੋ ਦੂਸਰੇ ਦੇ ਧਰਮ ਦੀ ਰਾਖੀ ਕਰਦਿਆਂ ਪ੍ਰਵਾਨ ਚੜ੍ਹੀ।

ਸਮੁੱਚੇ ਸਿੱਖ ਸੰਘਰਸ਼ ਦੇ ਸੰਦਰਭ ਵਿਚ ਇਨ੍ਹਾਂ ਸ਼ਹਾਦਤਾਂ ਦੇ ਮੰਤਵ ਬਾਰੇ ਵਿਚਾਰ ਕਰੀਏ ਤਾਂ ਇਹ ਮੁੱਖ ਪਹਿਲੂ ਸਾਹਮਣੇ ਆਉਂਦੇ ਹਨ ਕਿ ਹਰੇਕ ਮਨੁੱਖ ਨੂੰ ਆਪਣੇ ਧਰਮ ਅਨੁਸਾਰ ਆਪਣੇ ਧਾਰਮਿਕ ਸੰਸਕਾਰ ਕਰਨ ਦੀ ਸੁਤੰਤਰਤਾ ਹੋਵੇ। ਕਿਸੇ ਉੱਪਰ ਜਬਰੀ ਆਪਣਾ ਧਰਮ ਨਾ ਥੋਪਿਆ ਜਾਵੇ। ਆਪਣੇ ਸੱਭਿਆਚਾਰ ਅਨੁਸਾਰ ਪਹਿਰਾਵਾ ਪਹਿਨਣ

ਅਤੇ ਆਪਣੀ ਬੋਲੀ ਬੋਲਣ ਦੀ ਅਜ਼ਾਦੀ ਹੋਵੇ। ਦੇਸ਼ ਦੇ ਆਰਥਿਕ ਸਾਧਨ ਯੋਗਤਾ ਅਨੁਸਾਰ ਸਭ ਲਈ ਬਰਾਬਰ ਹੋਣ। ਕਿਸੇ ਗਰੀਬ-ਗੁਰਬੇ ਦਾ ਹੱਕ ਨਾ ਮਾਰਿਆ ਜਾਵੇ। ਹਰੇਕ ਕੰਮ ਨਿਆਂ ਦੀ ਕਸਵੱਟੀ 'ਤੇ ਪਰਖ ਕੇ ਕੀਤਾ ਜਾਵੇ ਆਦਿ। ਇਨ੍ਹਾਂ ਸਭ ਗੱਲਾਂ ਨੂੰ ਅਮਲ ਵਿਚ ਲਿਆਉਣ ਦੀ ਖਾਤਰ ਗੁਰੂ ਸਾਹਿਬਾਨ ਨੇ ਗੁਰਬਾਣੀ ਰਾਹੀਂ ਪ੍ਰਚਾਰ ਕੀਤਾ। ਜਦੋਂ-ਜਦੋਂ ਇਨ੍ਹਾਂ ਅਸੂਲਾਂ, ਮਾਨਵੀ ਹੱਕਾਂ ਦਾ ਘਾਣ ਹੋਇਆ ਉਦੋਂ ਲੋੜ ਪੈਣ 'ਤੇ ਸ਼ਸਤਰ-ਬੱਧ ਸੰਘਰਸ਼ ਵੀ ਕਰਨਾ ਪਿਆ। ਇਸ ਸੰਘਰਸ਼ ਵਿਚ ਗੁਰੂ ਸਾਹਿਬਾਨ, ਗੁਰੂ-ਪਰਵਾਰ, ਬੱਚਿਆਂ-ਬਜ਼ੁਰਗਾਂ ਅਤੇ ਬੇਅੰਤ ਸਿੱਖਾਂ ਦੀਆਂ ਸ਼ਹਾਦਤਾਂ ਹੋਈਆਂ। ਹੱਕ-ਸੱਚ ਲਈ ਜੂਝਦਿਆਂ ਦਿੱਤੀਆਂ ਕੁਰਬਾਨੀਆਂ ਦੇ ਲਹੂ ਭਿੱਜੇ ਇਤਿਹਾਸ ਨੂੰ ਪੜ੍ਹ-ਸੁਣ ਕੇ ਹਰੇਕ ਗੁਰਸਿੱਖ ਨੂੰ ਆਪਣੇ ਪੁਰਖਿਆਂ ਉੱਪਰ ਮਾਣ ਮਹਿਸੂਸ ਹੁੰਦਾ ਹੈ। ਪਰ ਅਸਲ ਵਿਚ ਇਹ ਮਾਣ ਤਾਂ ਹੀ ਸਮਝਿਆ ਜਾ ਸਕਦਾ ਹੈ ਜੇਕਰ ਇਨ੍ਹਾਂ ਸ਼ਹਾਦਤਾਂ ਦੇ ਮੰਤਵ ਨੂੰ ਅੱਜ ਅਸੀਂ ਆਪਣੇ ਅਮਲੀ ਜੀਵਨ ਵਿਚ ਦ੍ਰਿੜ੍ਹ ਕਰ ਸਕੀਏ। ਅੱਜ ਪੱਛਮੀ ਸੱਭਿਅਤਾ ਦੇ ਪ੍ਰਭਾਵ ਹੇਠ ਸਿੱਖ ਪਰਵਾਰਾਂ ਵਿਚ ਬਹੁਤ ਸਾਰੀਆਂ ਅਜਿਹੀਆਂ ਅਲਾਮਤਾਂ ਘਰ ਕਰ ਚੁੱਕੀਆਂ ਹਨ ਜਿਨ੍ਹਾਂ ਕਰਕੇ ਸਾਨੂੰ ਇਹ ਸੋਚਣ ਦੀ ਜ਼ਰੂਰਤ ਹੈ ਕਿ ਅਸੀਂ ਵਾਕਇ ਉਪਰੋਕਤ ਸ਼ਹੀਦਾਂ ਦੇ ਵਾਰਸ ਹਾਂ? ਇਨ੍ਹਾਂ ਸਭ ਵਿੱਚੋਂ ਸਿੱਖ ਪਰਵਾਰਾਂ ਵਿਚ ਫੈਲਿਆ, ਪਤਿਤਪੁਣਾ ਸਭ ਤੋਂ ਵੱਡੀ ਅਲਾਮਤ ਸਮਝਿਆ ਜਾ ਸਕਦਾ ਹੈ। ਸਾਡੀ ਖਾਤਰ ਜਿਨ੍ਹਾਂ ਸਾਹਿਬਜ਼ਾਦਿਆਂ ਨੇ ਸ਼ਹਾਦਤ ਸਮੇਂ ਫ਼ਖ਼ਰ ਨਾਲ ਇਹ ਸ਼ਬਦ ਕਹੇ ਹੋਣ:

ਹਮ ਜਾਨ ਦੇਕੇ ਔਰੋਂ ਕੀ ਜਾਨੇ ਬਚਾ ਚਲੇ
ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪਰ ਉਠਾ ਚਲੇ. . .
ਸਿੱਖੀ ਕੀ ਸਲਤਨਤ ਕਾ ਹੈ ਪੌਦਾ: ਲਗਾ ਚਲੇ।

ਅਸੀਂ ਇਨ੍ਹਾਂ ਸਹਿਬਜ਼ਾਦਿਆਂ ਦੇ ਵਾਰਸ ਹੋਈਏ ਅਤੇ ਸਾਡੇ ਸਿਰਾਂ ਉੱਪਰ ਕੈਂਚੀਆਂ ਚੱਲਣ ਇਹ ਗੱਲ ਹਰਗਿਜ਼ ਸ਼ੋਭਾ ਨਹੀਂ ਦਿੰਦੀ।

ਅਸੀਂ ਉਸ ਦਾਦੀ ਮਾਂ, ਮਾਤਾ ਗੁਜਰੀ ਜੀ ਦੇ ਵਾਰਸ ਹੋਈਏ, ਜਿਹੜੇ ਸਾਹਿਬਜ਼ਾਦਿਆਂ ਨੂੰ ਸ਼ਹਾਦਤ ਲਈ ਤੋਰਨ ਤੋਂ ਪਹਿਲਾਂ ਕਹਿੰਦੇ ਸਨ:

ਜਾਨੇ ਸੇ ਪਹਿਲੇ ਆਓ ਗਲੇ ਸੇ ਲਗਾ ਤੋਂ ਲੂੰ
ਕੇਸੋਂ ਕੋ ਕੰਘੀ ਕਰ ਦੂੰ ਜ਼ਰਾ ਮੂੰਹ ਧੁਲਾ ਤੋਂ ਲੂੰ।

ਅਤੇ ਸਾਡੇ ਪਰਵਾਰਾਂ ਵਿਚ ਫੈਲੇ ਪਤਿਤਪੁਣੇ ਲਈ ਮਾਤਾਵਾਂ ਵੀ ਬਰਾਬਰ ਦੀਆਂ ਜ਼ਿੰਮੇਵਾਰ ਹੋਣ, ਉਨ੍ਹਾਂ ਨੂੰ ਆਪਣੇ ਬੱਚਿਆਂ ਦੇ ਕੇਸ ਕਤਲ ਕਰਾਉਣ ਤੋਂ ਪਹਿਲਾਂ ਨੀਂਹਾਂ ਵਿਚ ਖਲੋਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਲ ਨਜ਼ਰ ਨਾ ਆਉਣ ਇਹ ਸਾਡੇ ਲਈ ਦੁੱਖ ਦੀ ਗੱਲ ਹੈ।

ਅੱਜ ਆਧੁਨਿਕ ਯੁੱਗ ਵਿਚ ਸਾਨੂੰ ਲੋੜ ਹੈ ਕਿ ਅਸੀਂ ਆਪ ਗੁਰਮਤਿ ਸਿਧਾਂਤਾਂ ਦੇ ਧਾਰਨੀ ਹੋ ਕੇ ਆਪਣੇ ਬੱਚਿਆਂ ਨੂੰ ਆਪਣੇ ਲਾਸਾਨੀ ਵਿਰਸੇ ਤੋਂ ਜਾਣੂ ਕਰਵਾਈਏ, ਸਿੱਖ ਰਹਿਤ ਮਰਯਾਦਾ ਦੇ ਧਾਰਨੀ ਹੋ ਕੇ ਆਪਣੇ ਸ਼ਹੀਦਾਂ ਦੇ ਸੱਚਮੁਚ ਵਾਰਸ ਕਹਾਉਣ ਦੇ ਹੱਕਦਾਰ ਬਣੀਏ।

■

# ਅੰਕ ਆਰਸੀ

ਗੁਰਮਤਿ ਪ੍ਰਕਾਸ਼ ਦੇ ਹਥਲੇ ਦਸੰਬਰ ਅੰਕ ਵਿਚ ਸ਼ਾਮਲ ਕੀਤੇ ਗਏ ਲੇਖਾਂ ਅਤੇ ਹੋਰ ਸਮਗਰੀ ਵਿਚ ਸਭ ਤੋਂ ਪਹਿਲਾਂ ਪੋਹ ਦੇ ਮਹੀਨੇ ਦੀ ਸ਼ਹੀਦੀ ਦਾਸਤਾਨ ਨੂੰ ਦਰਸਾਉਂਦੇ ਤਿੰਨ ਲੇਖ ਸ਼ਾਮਲ ਕੀਤੇ ਗਏ ਹਨ। ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਪ੍ਰਸਿੱਧ ਸਿੱਖ ਚਿੰਤਕ ਪ੍ਰੋਫ਼ੈਸਰ ਕਿਰਪਾਲ ਸਿੰਘ ਬਡੂੰਗਰ ਦਾ ਮਹੱਤਵਪੂਰਨ ਲੇਖ 'ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ', ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਾਕਾ ਚਮਕੌਰ ਨਾਲ ਸੰਬੰਧਿਤ ਪ੍ਰਿੰਸੀਪਲ ਸਤਿਬੀਰ ਸਿੰਘ ਦਾ ਲੇਖ 'ਮਰਦੋਂ ਕੇ ਗੀਤ ਗਾਓ' ਅਤੇ ਸ. ਵਰਿਆਮ ਸਿੰਘ ਦਾ ਲੇਖ ਸ਼ਹੀਦ ਮਾਤਾ ਗੁਜਰੀ ਜੀ ਵਿਸ਼ੇਸ਼ ਰੂਪ ਵਿਚ ਪ੍ਰਕਾਸ਼ਿਤ ਕੀਤੇ ਗਏ ਹਨ। ਇਸ ਤੋਂ ਅੱਗੇ ਨੌਵੇਂ ਪਾਤਸ਼ਾਹ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਲੇਖ 'ਕੀਨੋ ਬਡੋ ਕਲੂ ਮਹਿ ਸਾਕਾ' ਗੁਰੂ ਜੀ ਦੀ ਮਹਾਨ ਸ਼ਹੀਦੀ ਦੀ ਯਾਦ ਕਰਵਾਉਂਦਾ ਹੈ।

ਇਸ ਅੰਕ ਵਿਚ ਦਸਮ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਵਰੀ-੨੦੧੭ ਵਿਚ ਆ ਰਹੇ ੩੫੦-ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ. ਜਸਵੰਤ ਸਿੰਘ ਦਾ ਲੇਖ 'ਕਲਗੀਧਰ ਪਾਤਸ਼ਾਹ ਦਾ ਇਲਾਹੀ ਸਰੂਪ, ਸ. ਵਿਕਰਮਜੀਤ ਸਿੰਘ 'ਤਿਹਾੜਾ' ਦਾ ਲੇਖ 'ਸ੍ਰੀ ਗੁਰੂ ਗੋਬਿੰਦ ਸਿੰਘ ਸਿੰਘ ਜੀ:ਇਨਕਲਾਬ ਦੇ ਸੰਦਰਭ ਵਿਚ', ਡਾ. ਪਰਮਜੀਤ ਕੌਰ ਦਾ ਲੇਖ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਭਗਤੀ ਦਾ ਸੰਕਲਪ' ਅਤੇ ਡਾ. ਜਸਬੀਰ ਸਿੰਘ ਸਰਨਾ ਦਾ ਖੋਜ-ਭਰਪੂਰ ਲੇਖ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੰਮੂ ਵੱਲ ਸਫ਼ਰ' ਅਤਿਅੰਤ ਹੀ ਮਹੱਤਤਾ ਵਾਲੇ ਲੇਖ ਹਨ, ਜੋਕਿ ਦਸਵੇਂ ਪਾਤਸ਼ਾਹ ਦੀ ਬਹੁਪਰਤੀ ਅਤੇ ਰੂਹਾਨੀਅਤ ਭਰਪੂਰ ਲਾਸਾਨੀ ਸ਼ਖ਼ਸੀਅਤ ਦੇ ਪੱਖਾਂ ਨੂੰ ਉਘਾੜਦੇ ਹਨ। ਗੁਰੂ ਸਾਹਿਬਾਨ ਦੀ ਵਿਚਾਰਧਾਰਾ ਉਨ੍ਹਾਂ ਦੀ ਬਾਣੀ ਵਿੱਚੋਂ ਮਿਲਦੀ ਹੈ। ਸਮੁੱਚਾ ਗੁਰੂ-ਕਾਲ ਦਾ ਇਤਿਹਾਸ ਤੇ ਸਿੱਖ ਇਤਿਹਾਸ ਇਸੇ ਹੀ ਵਿਚਾਰਧਾਰਾ ਨੂੰ ਸਮਰਪਿਤ ਹੋ ਕੇ ਆਪਣੇ ਸਮਕਾਲੀ ਹਾਲਾਤ ਨਾਲ ਸੰਵਾਦ ਰਚਾਉਂਦਾ ਆਇਆ ਹੈ, ਬੇਸ਼ੱਕ ਉਹ ਗਿਆਨ ਗੋਸ਼ਟੀਆਂ ਹੋਣ ਜਾਂ ਮਨੁੱਖਤਾ ਦੀ ਭਲਾਈ ਖਾਤਰ ਲੜੀਆਂ ਜੰਗਾਂ। ਇਸੇ ਵਿਚਾਰਧਾਰਾ ਨਾਲ ਸੰਬੰਧਿਤ ਡਾ. ਸਰਬਜੀਤ ਕੌਰ ਦਾ ਲੇਖ 'ਗੁਰਮਤਿ ਵਿਚਾਰਧਾਰਾ' ਸ਼ਾਮਲ ਕੀਤਾ ਹੈ। ਇਸ ਤੋਂ ਅੱਗੇ ਡੂੰਘੇ ਸਿੱਖ ਚਿੰਤਕ ਪ੍ਰਿੰ. ਨਰਿੰਦਰ ਸਿੰਘ ਸੋਚ ਦਾ ਲੇਖ 'ਧਰਮ ਤੇ ਵਿੱਦਿਆ' ਕੇਵਲ ਇਕ ਲੇਖ ਹੀ ਨਹੀਂ ਇਕ ਅਜਿਹਾ ਮਾਰਗ-ਦਰਸ਼ਨ ਹੈ ਜਿਸ ਨੂੰ ਪੜ੍ਹ-ਵਾਚ ਕੇ ਕੌਮ ਦਾ ਹਰੇਕ ਚੇਤੰਨ ਜਗਿਆਸੂ/ਪਾਠਕ ਸਿੱਖ ਵਿੱਦਿਅਕ ਅਦਾਰਿਆਂ ਦੀ ਭੂਮਿਕਾ ਸਮਝਦਾ ਹੋਇਆ ਆਪਣੇ ਬੱਚਿਆਂ ਨੂੰ ਉੱਚ ਵਿੱਦਿਆ ਦੇ ਨਾਲ-ਨਾਲ ਧਰਮ ਦੇ ਅਸੂਲਾਂ

ਦੀ ਵਿੱਦਿਆ ਨੂੰ ਗ੍ਰਹਿਣ ਕਰਵਾਉਣ ਲਈ ਵੀ ਤਤਪਰ ਹੋਵੇਗਾ।

ਸਿੱਖ ਧਰਮ ਤੇ ਇਤਿਹਾਸ ਦੇ ਪਾਠਕਾਂ ਲਈ ਗਿ. ਦਿੱਤ ਸਿੰਘ ਦਾ ਨਾਮ ਕਿਸੇ ਵਾਕਫੀਅਤ ਦਾ ਮੁਥਾਜ ਨਹੀਂ। ਸਿੱਖ ਪੱਤਰਕਾਰੀ ਵਿਚ 'ਖਾਲਸਾ ਸਮਾਚਾਰ' ਉਨ੍ਹਾਂ ਦਾ ਸਿੱਖ ਪੁਨਰ-ਜਾਗ੍ਰਿਤੀ ਲਈ ਸਫਲ ਸਾਧਨ ਸੀ। ਉਨ੍ਹਾਂ ਦਾ ਲੇਖ 'ਅਸੀਂ ਪੱਤ ਨਾਲ ਕਿਸ ਤਰ੍ਹਾਂ ਜ਼ਿੰਦੇ ਰਹਿ ਸਕਦੇ ਹਾਂ?" ਵਿਚ ਗਿਆਨੀ ਹੁਰਾਂ ਦੇ ਅਤਿ ਜ਼ਰੂਰੀ ਨੁਕਤੇ ਕਿ ਇਕ ਕੌਮ, ਜੋ ਦੁਨੀਆ 'ਤੇ ਆਪਣੀ ਮਾਣ ਤੇ ਪ੍ਰਤਿਸ਼ਠਾ ਦੀ ਲੋਚਾ ਰੱਖਦੀ ਹੈ, ਕੇਵਲ ਧਨ, ਬਲ ਤੇ ਵਿੱਦਿਆ ਰਾਹੀਂ ਹੀ ਆਪਣੀ ਇਹ ਲੋਚਾ ਪੂਰੀ ਕਰ ਸਕਦੀ ਹੈ, ਨੂੰ ਦਰਸਾਉਣ ਵਾਲਾ ਅਤਿ ਕੀਮਤੀ ਲੇਖ ਹੈ ਜੋ ਕੌਮੀ ਉਨਤੀ ਲਈ ਮਾਰਗ-ਦਰਸ਼ਕ ਹੈ। ਪ੍ਰਿੰਸੀਪਲ ਸੋਚ ਜੀ ਅਤੇ ਗਿ. ਦਿੱਤ ਸਿੰਘ ਹੁਰਾਂ ਦੇ ਇਹ ਦੋਵੇਂ ਲੇਖ ਬੇਸ਼ੱਕ ਪੁਰਾਤਨ ਤੇ ਦੁਰਲੱਭ ਹਨ ਪਰੰਤੂ ਵਰਤਮਾਨ ਆਧੁਨਿਕ ਦੌਰ ਵਿਚ ਇਨ੍ਹਾਂ ਦੀ ਸਾਰਥਿਕਤਾ ਜਿਉਂ ਦੀ ਤਿਉਂ ਬਣੀ ਹੋਈ ਹੈ, ਬਲਕਿ ਹੋਰ ਵੀ ਪ੍ਰਚੰਡ ਰੂਪ ਵਿਚ ਸਾਡੇ ਸਾਹਮਣੇ ਆਉਂਦੀ ਹੈ। ਅਗਲੇ ਦੋ ਲੇਖ ਸੰਤ-ਕਵੀ ਭਾਈ ਵੀਰ ਸਿੰਘ ਜੀ ਨਾਲ ਸੰਬੰਧਿਤ ਹਨ, ਜਿਨ੍ਹਾਂ ਵਿਚ ਮਨੋਵਿਗਿਆਨਕ ਤੇ ਸਿੱਖ ਚਿੰਤਕ ਡਾ. ਜਸਵੰਤ ਸਿੰਘ ਨੇਕੀ ਦਾ ਲੇਖ 'ਉਹ ਸੱਚਮੁੱਚ ਰੰਗ ਵਿਚ ਸਨ' ਅਤੇ 'ਭਾਈ ਵੀਰ ਸਿੰਘ ਜੀ ਦੀ ਕਵਿਤਾ ਵਿਚ ਰੂਹਾਨੀਅਤ ਝਲਕਾਰਾ' ਭਾਈ ਵੀਰ ਸਿੰਘ ਜੀ ਦੀ ਰੂਹਾਨੀ ਸ਼ਖ਼ਸੀਅਤ ਨੂੰ ਰੂਪਮਾਨ ਕਰਦੇ ਹਨ। ਸ. ਗੁਰਮੀਤ ਸਿੰਘ ਦਾ ਲੇਖ 'ਜਿਨ੍ਹਾਂ ਧਰਮ ਨਹੀਂ ਹਾਰਿਆ' ਸਿੱਖ ਧਰਮ ਦੀਆਂ ਗੁਰੂ-ਕਾਲ ਤੋਂ ਵਰਤਮਾਨ ਕਾਲ ਤਕ ਦੇ ਸੰਘਰਸ਼ੀ ਯੋਧਿਆਂ ਦੀ ਯਾਦ ਕਰਵਾਉਂਦਾ ਹੈ। ਇਸੇ ਤਰ੍ਹਾਂ ਸ. ਹਰਭਜਨ ਸਿੰਘ ਦਾ ਇਕ ਹੋਰ ਵਿਸ਼ੇਸ਼ ਤੇ ਰੌਚਕ ਜਾਣਕਾਰੀ ਭਰਪੂਰ ਲੇਖ 'ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦੀ ਇਕ ਘਟਨਾ' ਪੜ੍ਹਨਯੋਗ ਹੈ।

ਮਹੀਨੇਵਾਰ ਕਾਲਮ-- ਗਾਗਰ 'ਚ ਸਾਗਰ 'ਗੁਰਮਤਿ ਸਾਹਿਤ ਦੇ ਰੂ-ਬਰੂ', 'ਅੰਤਰਾਸ਼ਟਰੀ ਸਿੱਖ ਬਿਰਤਾਂਤ', 'ਜੰਗਨਾਮਾ' ਦੀ ਨਿਰੰਤਰਤਾ ਨੂੰ ਪਹਿਲਾਂ ਵਾਂਗ ਹੀ ਜਾਰੀ ਰੱਖਿਆ ਗਿਆ ਹੈ।

ਕਵਿਤਾ ਸੈਕਸ਼ਨ ਵਿਚ ਸਾਹਿਬਜ਼ਾਦਿਆਂ ਦੀ ਸਹਾਦਤ ਨੂੰ ਸਮਰਪਿਤ ਡਾ. ਹਰਬੰਸ ਸਿੰਘ ਦੀ ਬਾਲ-ਕਵਿਤਾ 'ਨਿੱਕੀਆਂ ਜਿੰਦਾ ਵੱਡਾ ਸਾਕਾ, ਸ੍ਰੀ ਆਰ. ਐਲ. ਸਭਰਵਾਲ ਦੀ ਕਵਿਤਾ 'ਸਰਹਿੰਦ ਦੀ ਦੀਵਾਰ', ਸ. ਅਰਸ਼ਪ੍ਰੀਤ ਸਿੰਘ ਦੀ ਕਵਿਤਾ 'ਮੈਨੂੰ ਤੇਰੀ ਨਮਸਕਾਰ ਹੈ', ਗਿਆਨੀ ਪਿਆਰਾ ਸਿੰਘ ਜਾਚਕ ਦੀ ਕਵਿਤਾ 'ਚੋਜੀ ਦਾਤੇ ਦੇ ਚੋਜ ਕਮਾਲ ਦੇ ਸਨ' ਅਤੇ ਸ. ਸੁਰਜੀਤ ਸਿੰਘ ਦੀ ਕਵਿਤਾ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਉਪਕਾਰ' ਕਾਵਿ ਰੂਪ ਵਿਚ ਇਤਿਹਾਸ ਦੇ ਦਰਸ਼ਨ ਕਰਾਉਂਦੀਆਂ ਹਨ।

ਉਮੀਦ ਹੈ ਕਿ ਪਾਠਕ 'ਗੁਰਮਤਿ ਪ੍ਰਕਾਸ਼' ਦੇ ਹਥਲੇ ਅੰਕ ਤੋਂ ਭਰਪੂਰ ਲਾਹਾ ਹਾਸਲ ਕਰਨਗੇ।

*-ਸੰਪਾਦਕ*

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਗੁਰਮਤਿ ਅਨੁਸਾਰ ਅਧਿਆਤਮਕ ਅਨੰਦ ਦੀ ਪ੍ਰਾਪਤੀ ਲਈ ਮਨੁੱਖ ਨੂੰ ਆਪਾ ਮਿਟਾਉਣ ਦੀ ਲੋੜ ਹੁੰਦੀ ਹੈ। ਇਹ ਮਾਰਗ ਇਕ ਮਹਾਨ ਸੂਰਮਗਤੀ ਦਾ ਕਾਰਜ ਹੈ। ਸਿੱਖ ਧਰਮ ਦੀ ਨੀਂਹ ਰੱਖਣ ਵਾਲੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਮਾਰਗ 'ਤੇ ਚੱਲਣ ਲਈ ਸਿਰ ਭੇਟ ਕਰਨ ਦੀ ਸ਼ਰਤ ਰੱਖੀ ਸੀ। ਇਸੇ ਲੀਹ 'ਤੇ ਤੁਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ ੧੭੫੬ ਦੀ ਵੈਸਾਖੀ ਨੂੰ ਖਾਲਸੇ ਦੀ ਸਾਜਨਾ ਕੀਤੀ। ਖਾਲਸਾ ਇਕ ਆਦਰਸ਼ਕ, ਸੰਪੂਰਨ ਅਤੇ ਸੁਤੰਤਰ ਮਨੁੱਖ ਹੈ ਜਿਸ ਨੂੰ ਗੁਰਬਾਣੀ ਵਿਚ ਸਚਿਆਰ, ਗੁਰਮੁਖ ਅਤੇ ਬ੍ਰਹਮ-ਗਿਆਨੀ ਕਿਹਾ ਗਿਆ ਹੈ। ਖਾਲਸਾ ਗੁਰੂ ਨੂੰ ਤਨ, ਮਨ ਤੇ ਧਨ ਸੌਂਪ ਦਿੰਦਾ ਹੈ ਅਤੇ ਜਬਰ-ਜ਼ੁਲਮ ਦੇ ਟਾਕਰੇ ਲਈ ਜੂਝ ਮਰਨ ਤੋਂ ਝਿਜਕਦਾ ਨਹੀਂ ਹੈ:

*-ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥* *(ਪੰਨਾ ੧੪੧੨)*
*-ਅਰੁ ਸਿਖਹੋਂ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ॥*
*ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ॥*
*(ਚੰਡੀ ਚਰਿਤ੍ਰ)*

ਮੁਗ਼ਲ ਸ਼ਾਸਨ ਦੇ ਨਾਲ-ਨਾਲ ਕੱਟੜਵਾਦੀ ਅਖੌਤੀ ਉੱਚ-ਜਾਤੀ ਸਮਾਜ ਵੀ ਖਾਲਸੇ ਦੇ ਸਿਧਾਂਤ ਅਤੇ ਸਰੂਪ ਤੋਂ ਅਪ੍ਰਸੰਨ ਸੀ, ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਵਿਚ ਜਾਤ-ਪਾਤ, ਊਚ-ਨੀਚ ਦਾ ਕੋਈ ਭਿੰਨ-ਭੇਦ ਨਹੀਂ ਸੀ। ਸਗੋਂ ਇਹ "*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥*" ਅਤੇ "*ਏਕੁ ਪਿਤਾ ਏਕਸ ਕੇ ਹਮ ਬਾਰਿਕ*" ਦੇ ਸਿਧਾਂਤ ਉੱਤੇ ਆਧਾਰਿਤ ਸੀ। ਕੱਟੜਵਾਦੀ ਅਖੌਤੀ ਉੱਚ-ਜਾਤੀ ਸਮਾਜ ਅਤੇ ਪਹਾੜੀ ਰਾਜੇ ਅਖੌਤੀ ਨੀਚ-ਜਾਤਾਂ ਦੇ ਲੋਕਾਂ ਨੂੰ ਮਾਣ-ਸਨਮਾਨ ਅਤੇ ਬਰਾਬਰੀ ਸਿਰਦਾਰੀ ਦੇਣ ਦੇ ਉਲਟ ਸਨ। ਇਸ ਲਈ ਪਹਾੜੀ ਰਾਜਿਆਂ ਅਤੇ ਹੋਰ ਅਖੌਤੀ ਉੱਚ-ਜਾਤੀ ਸਮਾਜ ਵੱਲੋਂ ਖਾਲਸੇ ਦੀ ਸਾਜਨਾ ਦਾ ਵਿਰੋਧ ਕੀਤਾ ਗਿਆ ਸੀ। ਕਈ ਥਾਵਾਂ 'ਤੇ ਤਤਕਾਲੀ ਸਮਾਜ ਵਿਚ ਤਣਾਅ ਵੀ ਪੈਦਾ ਹੋ ਗਿਆ ਸੀ। ਪਹਾੜੀ ਰਾਜੇ ਤੇ ਸੂਬਾ ਸਰਹਿੰਦ ਗੁਰੂ ਜੀ ਦੇ ਵਿਰੁੱਧ ਇਕਜੁੱਟ ਹੋ ਗਏ ਸਨ। ੧੭੦੪ ਈ. ਵਿਚ ਮੁਗ਼ਲ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਰਲ਼ ਕੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਘੇਰਾ ਲੰਮਾ ਹੋਣ 'ਤੇ ਦੁਸ਼ਮਣ ਵੱਲੋਂ ਗੁਰੂ ਜੀ ਨਾਲ ਸਮਝੌਤਾ

**ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

ਕੀਤਾ ਗਿਆ। ਸਮਝੌਤੇ ਦੀ ਸ਼ਰਤ ਇਹ ਸੀ ਕਿ ਇਕ ਵਾਰ ਗੁਰੂ ਜੀ ਅਨੰਦਪੁਰ ਸਾਹਿਬ ਛੱਡ ਦੇਣ ਉਨ੍ਹਾਂ ਨੂੰ ਬੇਰੋਕ ਜਾਣ ਦਿੱਤਾ ਜਾਵੇਗਾ। ਇਸ ਬਾਰੇ ਲਿਖਤੀ ਕਸਮਾਂ ਵੀ ਗੁਰੂ ਜੀ ਨੂੰ ਭੇਜੀਆਂ ਗਈਆਂ। ਦੀਨਾ ਕਾਂਗੜ ਤੋਂ ਬਾਦਸ਼ਾਹ ਔਰੰਗਜ਼ੇਬ ਨੂੰ ਗੁਰੂ ਜੀ ਵੱਲੋਂ ਲਿਖੇ 'ਜ਼ਫ਼ਰਨਾਮੇ' ਵਿਚ ਵੀ ਜ਼ਿਕਰ ਕੀਤਾ ਹੈ ਕਿ ਜੇ ਤੂੰ ਕੁਰਾਨ ਦੀਆਂ ਲਿਖਤੀ ਕਸਮਾਂ ਵੇਖਣਾ ਚਾਹੁੰਦਾ ਹੈਂ ਤਾਂ ਉਹ ਵੀ ਮੈਂ ਤੈਨੂੰ ਭੇਜ ਸਕਦਾ ਹਾਂ:

*ਤੁਰਾ ਗਰ ਬਬਾਯਦ ਕਉਲਿ ਕੁਰਾਂ॥*
*ਬਨਿਜ਼ਦੇ ਸ਼ੁਮਾ ਰਾ ਰਸਾਨਮ ਹਮਾਂ॥* *(ਜ਼ਫ਼ਰਨਾਮਾ)*

ਗੁਰੂ ਜੀ ਦੇ ਕਿਲ੍ਹਾ ਖ਼ਾਲੀ ਕਰ ਕੇ ਜਾਣ 'ਤੇ ਦੁਸ਼ਮਣ ਨੇ ਸਾਰੀਆਂ ਕਸਮਾਂ ਤੋੜ ਕੇ ਉਨ੍ਹਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਇਹ ਧਰਮ-ਹੀਣ ਰਾਜ ਸੱਤਾ ਦਾ ਹੀ ਨੰਗਾ ਨਾਚ ਸੀ। ਬੇਈਮਾਨੀ, ਵਾਅਦਾ-ਖਿਲਾਫ਼ੀ, ਚੰਗੇਜ਼ੀ ਅਤੇ ਦਰਿੰਦਗੀ ਦਾ ਘਿਣਾਉਣਾ ਕਾਰਾ ਸੀ। ਇਸਲਾਮ ਦੇ ਮਸ਼ਹੂਰ ਕਵੀ ਅਲਾਮਾ ਇਕਬਾਲ ਅਜਿਹੇ ਹਾਲਾਤ ਬਾਰੇ ਇਉਂ ਲਿਖਦੇ ਹਨ:

*ਜਲਾਲ-ਏ-ਪਾਤਸ਼ਾਹੀ ਹੋ ਕਿ ਜਮਹੂਰੀ ਤਮਾਸ਼ਾ ਹੋ,*
*ਜੁਦਾ ਹੋ ਦੀਂ ਸਿਆਸਤ ਸੇ ਤੋ ਰਹਿ ਜਾਤੀ ਹੈ ਚੰਗੇਜ਼ੀ।*

ਸਰਸਾ ਨਦੀ ਦੇ ਨੇੜੇ ਪਹੁੰਚਦਿਆਂ ਗਹਿਗੱਚ ਲੜਾਈ ਹੋਈ ਜਿਸ ਦੌਰਾਨ ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਵਹੀਰ ਤੋਂ ਵੱਖ ਹੋ ਗਏ।

ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਗੁਰੂ-ਘਰ ਦਾ ਰਸੋਈਆ ਗੰਗੂ ਮਿਲ ਗਿਆ। ਇਹ ਉਨ੍ਹਾਂ ਨੂੰ ਮੋਰਿੰਡੇ ਕੋਲ ਪਿੰਡ ਸਹੇੜੀ ਆਪਣੇ ਘਰ ਲੈ ਗਿਆ। ਘਰ ਜਾ ਕੇ ਗੰਗੂ ਦਾ ਮਨ ਬੇਈਮਾਨ ਹੋ ਗਿਆ। ਉਸ ਨੇ ਮੋਰਿੰਡੇ ਦੇ ਥਾਣੇਦਾਰ ਨੂੰ ਖ਼ਬਰ ਦੇ ਕੇ ਬੱਚਿਆਂ ਅਤੇ ਮਾਤਾ ਜੀ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਮੋਰਿੰਡੇ ਦੇ ਥਾਣੇਦਾਰ ਨੇ ਮਾਤਾ ਜੀ ਤੇ ਬੱਚਿਆਂ ਨੂੰ ਸੂਬਾ ਸਰਹਿੰਦ ਦੇ ਹਵਾਲੇ ਕਰ ਦਿੱਤਾ। ਗੰਗਾ ਰਾਮ ਦਸਮੇਸ਼ ਜੀ ਦੇ ਗ੍ਰਿਹ ਵਿਖੇ ਕਈ ਸਾਲਾਂ ਤੋਂ ਰਸੋਈਏ ਦੀ ਸੇਵਾ ਕਰਦਾ ਰਿਹਾ ਸੀ ਅਤੇ ਵਿਸ਼ਵਾਸਪਾਤਰ ਵੀ ਸੀ। ਅਸਲ ਵਿਚ ਇਕ ਲੰਮੇ ਸਮੇਂ ਤੀਕ ਪਰਵਾਰਿਕ ਮੈਂਬਰ ਅਤੇ ਪੂਰੇ ਵਿਸ਼ਵਾਸਪਾਤਰ ਵਜੋਂ ਵਿਚਰਨ ਵਾਲੇ ਮਨੁੱਖ ਵੱਲੋਂ ਧਨ ਦੀ ਖ਼ਾਤਰ ਬੇਈਮਾਨ ਹੋ ਜਾਣ ਦੀ ਘਟਨਾ ਕਾਰਨ ਹੀ ਗੰਗਾ ਰਾਮ ਨੂੰ ਗੰਗੂ ਕਹਿ ਕੇ ਨਫ਼ਰਤ ਨਾਲ ਵੇਖਿਆ ਜਾਂਦਾ ਹੈ। ਇਸ ਤਰ੍ਹਾਂ ਉਹ ਬੇਵਫ਼ਾ, ਵਿਸ਼ਵਾਸਘਾਤੀ ਅਤੇ ਬੇਈਮਾਨ ਹੋ ਨਿੱਬੜਿਆ। ਇਕ ਵਿਸ਼ਵਾਸਪਾਤਰ ਵਿਅਕਤੀ ਵੱਲੋਂ ਇਸ ਤਰ੍ਹਾਂ ਦਾ ਵਿਸ਼ਵਾਸਘਾਤ ਹੀ ਦੁਖਾਂਤ ਨੂੰ ਹੋਰ ਗਹਿਰਾ ਅਤੇ ਦੁਖਦਾਇਕ ਬਣਾ ਦਿੰਦਾ ਹੈ। ਪਰੰਤੂ ਇਹ ਉਸ ਦਾ ਨਿੱਜੀ ਕਿਰਦਾਰ ਸੀ, ਇਸ ਨਿੰਦਣਯੋਗ ਕਾਰਵਾਈ ਕਾਰਨ ਸਾਰੀ ਬ੍ਰਾਹਮਣ ਜਾਤੀ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ।

ਉਸ ਰਾਤ ਉਨ੍ਹਾਂ ਨੂੰ ਕਿਲ੍ਹੇ ਦੇ ਠੰਡੇ ਬੁਰਜ ਵਿਚ ਰੱਖਿਆ ਗਿਆ। ਪੋਹ ਦੀ ਠੰਡੀ ਰਾਤ ਭੁੱਖੇ-ਭਾਣੇ ਦਾਦੀ ਅਤੇ ਨਿੱਕੇ-ਨਿੱਕੇ ਸੋਹਲ ਕਲੀਆਂ ਵਰਗੇ ਪੋਤਰੇ। ਇਸ ਤੋਂ ਵੱਡਾ ਅਤੇ ਕਠਿਨ ਇਮਤਿਹਾਨ ਸ਼ਾਇਦ ਹੀ ਦੁਨੀਆ ਦੇ ਇਤਿਹਾਸ ਵਿਚ ਕਿਸੇ ਨੂੰ

ਪਾਸ ਕਰਨਾ ਪਿਆ ਹੋਵੇ। ਦੂਜੇ ਦਿਨ ਬੱਚਿਆਂ ਨੂੰ ਸੂਬਾ ਸਰਹਿੰਦ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਕਚਹਿਰੀ ਵਿਚ ਬੱਚਿਆਂ ਨੂੰ ਦੀਨ-ਏ-ਮੁਹੰਮਦੀ ਕਬੂਲ ਕਰਨ ਲਈ ਲਾਲਚ ਦੇਣ ਤੇ ਡਰਾਉਣ-ਧਮਕਾਉਣ ਦੇ ਜਤਨ ਕੀਤੇ ਗਏ। ਉਨ੍ਹਾਂ ਨੂੰ ਝੂਠ ਵੀ ਬੋਲਿਆ ਗਿਆ ਕਿ ਤੁਹਾਡਾ ਪਿਤਾ ਮਾਰਿਆ ਗਿਆ ਹੈ, ਹੁਣ ਤੁਸੀਂ ਕਿੱਥੇ ਜਾਓਗੇ। ਬੱਚਿਆਂ ਨੇ ਸੂਬਾ ਸਰਹਿੰਦ ਨੂੰ ਆਪਣਾ ਧਰਮ ਛੱਡਣ ਤੋਂ ਦਲੇਰੀ ਨਾਲ ਇਨਕਾਰ ਕਰ ਦਿੱਤਾ। ਵਜ਼ੀਰ ਖ਼ਾਨ ਨੇ ਕਾਜ਼ੀ ਦੀ ਰਾਇ ਲਈ ਕਿ ਇਨ੍ਹਾਂ ਬੱਚਿਆਂ ਨੂੰ ਕੀ ਸਜ਼ਾ ਦਿੱਤੀ ਜਾ ਸਕਦੀ ਹੈ। ਕਾਜ਼ੀ ਨੇ ਕਿਹਾ ਕਿ ਇਸਲਾਮ ਵਿਚ ਬੱਚਿਆਂ ਨੂੰ ਸਜ਼ਾ ਦੇਣ ਦੀ ਇਜਾਜ਼ਤ ਨਹੀਂ ਹੈ। ਵਜ਼ੀਰ ਖ਼ਾਨ ਵੀ ਕਿਸੇ ਹੱਦ ਤਕ ਬੱਚਿਆਂ ਦੇ ਕਤਲ ਦਾ ਕਲੰਕ ਆਪਣੇ ਮੱਥੇ 'ਤੇ ਲਾਉਣ ਤੋਂ ਬਚਣਾ ਚਾਹੁੰਦਾ ਸੀ। ਹੁਣ ਉਸ ਨੇ ਨਵਾਬ ਮਲੇਰਕੋਟਲਾ ਨੂੰ ਕਿਹਾ ਕਿ ਉਹ ਚਾਹੇ ਤਾਂ ਆਪਣੀ ਮਰਜ਼ੀ ਅਨੁਸਾਰ ਇਨ੍ਹਾਂ ਬੱਚਿਆਂ ਨੂੰ ਸਜ਼ਾ ਦੇ ਕੇ ਆਪਣੇ ਭਰਾ ਦਾ ਬਦਲਾ ਲੈ ਸਕਦਾ ਹੈ। ਨਵਾਬ ਮਲੇਰਕੋਟਲਾ ਮੁਹੰਮਦ ਸ਼ੇਰ ਖ਼ਾਨ ਨੇ ਅੱਗੋਂ ਕਿਹਾ ਕਿ ਮੇਰਾ ਭਰਾ ਜੰਗ ਵਿਚ ਮਾਰਿਆ ਗਿਆ ਸੀ, ਮੈਂ ਇਨ੍ਹਾਂ ਸ਼ੀਰਖੋਰ ਬੱਚਿਆਂ ਤੋਂ ਕੋਈ ਬਦਲਾ ਨਹੀਂ ਲੈਣਾ ਚਾਹੁੰਦਾ। 'ਅੱਲ੍ਹਾ ਯਾਰ ਖਾਂ ਜੋਗੀ' ਦੇ ਸ਼ਬਦਾਂ ਵਿਚ:

*ਬਦਲਾ ਹੀ ਲੇਨਾ ਹੋਗਾ ਤੋ ਲੇਂਗੇ ਬਾਪ ਸੇ*
*ਮਹਫੂਜ਼ ਰੱਖੇ ਹਮ ਕੋ ਖ਼ੁਦਾ ਐਸੇ ਪਾਪ ਸੇ*

ਕਾਜ਼ੀ ਅਤੇ ਸ਼ੇਰ ਖ਼ਾਨ ਦੇ ਇਸੇ ਤਰ੍ਹਾਂ ਦੇ ਰਵੱਈਏ ਨੂੰ ਵੇਖਦੇ ਹੋਏ ਵਜ਼ੀਰ ਖ਼ਾਨ ਦੇ ਮਨ ਵਿਚ ਨਰਮੀ ਆਉਣ ਲੱਗੀ ਸੀ, ਪਰ ਦੀਵਾਨ ਸੁੱਚਾ ਨੰਦ ਇਹ ਨਹੀਂ ਸੀ ਚਾਹੁੰਦਾ ਕਿ ਸਾਹਿਬਜ਼ਾਦਿਆਂ ਨੂੰ ਛੱਡਿਆ ਜਾਵੇ। ਇਤਿਹਾਸਿਕ ਹਵਾਲਿਆਂ ਅਨੁਸਾਰ ਉਸ ਨੇ ਇਕ ਸ਼ੈਤਾਨ ਵਾਂਗ ਸਾਹਿਬਜ਼ਾਦਿਆਂ ਨੂੰ ਕੁਝ ਅਜਿਹੇ ਪ੍ਰਸ਼ਨ ਕੀਤੇ, ਜਿਨ੍ਹਾਂ ਦੇ ਉੱਤਰ ਤੋਂ ਉਨ੍ਹਾਂ ਨੂੰ ਬਾਗ਼ੀ ਸਿੱਧ ਕੀਤਾ ਜਾਵੇ। ਸਾਹਿਬਜ਼ਾਦਿਆਂ ਨੇ ਠੋਕ ਕੇ ਜਵਾਬ ਦਿੱਤਾ:

*ਹਮਰੇ ਬੰਸ ਰੀਤਿ ਇਮ ਆਈ। ਸੀਸ ਦੇਤਿ ਪਰ ਧਰਮ ਨ ਜਾਈ।*

ਉਸ ਨੇ ਵਜ਼ੀਰ ਖ਼ਾਨ ਨੂੰ ਵੀ ਉਕਸਾਇਆ ਕਿ ਇਨ੍ਹਾਂ ਬੱਚਿਆਂ ਨੂੰ ਛੱਡਣਾ ਸਿਆਣਪ ਨਹੀਂ ਹੋਵੇਗੀ। ਕਿਉਂਕਿ ਇਹ ਬਾਗ਼ੀ ਪਿਤਾ ਦੇ ਬਾਗ਼ੀ ਪੁੱਤਰ ਹਨ ਅਤੇ ਵੱਡੇ ਹੋ ਕੇ ਮੁਗ਼ਲੀਆ ਸਲਤਨਤ ਲਈ ਖ਼ਤਰਾ ਬਣ ਜਾਣਗੇ। ਸੁੱਚਾ ਨੰਦ ਦੀਆਂ ਉਕਸਾਊ ਦਲੀਲਾਂ ਸੁਣ ਕੇ ਵਜ਼ੀਰ ਖ਼ਾਨ ਨੇ ਵੀ ਬੱਚਿਆਂ ਨੂੰ ਸਜ਼ਾ ਦੇਣ ਦਾ ਮਨ ਬਣਾ ਲਿਆ। ਕਾਜ਼ੀ ਤੋਂ ਫਿਰ ਪੁੱਛਿਆ। ਇਸ ਵਾਰ ਕਾਜ਼ੀ ਨੇ ਮਾਲਕਾਂ ਦੀ ਮਰਜ਼ੀ ਅਨੁਸਾਰ ਪਰੰਤੂ ਕੁਰਾਨ ਸ਼ਰੀਫ ਦੀਆਂ ਸਿੱਖਿਆਵਾਂ ਤੋਂ ਉਲਟ ਦੋਹਾਂ ਬੱਚਿਆਂ ਨੂੰ ਕੰਧਾਂ ਵਿਚ ਚਿਣੇ ਜਾਣ ਦਾ ਫਤਵਾ ਦੇ ਦਿੱਤਾ। ਬੱਚਿਆਂ ਨੂੰ ਫਿਰ ਕੰਧਾਂ ਵਿਚ ਚਿਣਿਆ ਗਿਆ। ਫਿਰ ਕੰਧ ਡਿੱਗ ਗਈ ਸੀ ਅਤੇ ਬੱਚਿਆਂ ਦੇ ਫੁੱਲਾਂ ਵਰਗੇ ਸਰੀਰ ਬੇਹੋਸ਼ ਹੋ ਗਏ।

ਇਸ ਤੋਂ ਬਾਅਦ ਬੱਚਿਆਂ ਨੂੰ ਕਚਹਿਰੀ ਵਿਚ ਫਿਰ ਪੇਸ਼ ਕੀਤਾ ਗਿਆ। ਉਨ੍ਹਾਂ

ਉੱਪਰ ਫਿਰ ਦੀਨ ਮੁਹੰਮਦੀ ਕਬੂਲਣ ਲਈ ਦਬਾਅ ਪਾਇਆ ਗਿਆ ਪਰ ਸਾਹਿਬਜ਼ਾਦਿਆਂ ਨੇ ਇਸ ਦਾ ਸਖਤ ਵਿਰੋਧ ਕੀਤਾ। ਉਨ੍ਹਾਂ ਨੂੰ ਦਾਦੀ ਮਾਂ, ਮਾਤਾ ਗੁਜਰੀ ਜੀ ਵੱਲੋਂ ਦ੍ਰਿੜ੍ਹ ਕਰਵਾਇਆ ਉਪਦੇਸ਼ ਜਾਨ ਅਤੇ ਜਹਾਨ ਦੋਹਾਂ ਤੋਂ ਜ਼ਿਆਦਾ ਮਹੱਤਵਪੂਰਨ ਸੀ। ਉਨ੍ਹਾਂ ਦੇ ਸਿਰ 'ਤੇ ਦਸ ਪਾਤਸ਼ਾਹੀਆਂ ਦੇ ਮਹਾਨ ਕਾਰਜਾਂ ਦੀ ਜ਼ਿੰਮੇਵਾਰੀ ਦਾ ਭਾਰ ਆ ਪਿਆ ਸੀ, ਉਹ ਇਸ ਨੂੰ ਹੇਠਾਂ ਨਹੀਂ ਡਿੱਗਣ ਦੇਣ ਚਾਹੁੰਦੇ ਸਨ। ਉਨ੍ਹਾਂ ਸਾਹਮਣੇ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਦਿੱਤਾ ਸਿਧਾਂਤ *"ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ"* ਸੀ। ਉਨ੍ਹਾਂ ਨੇ ਆਪਣੇ ਦਾਦਾ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਤਰ੍ਹਾਂ ਸ਼ਹੀਦੀ ਪਾਉਣ ਦਾ ਪ੍ਰਣ ਕਰ ਲਿਆ। ਭਾਈ ਦੁੱਨਾ ਸਿੰਘ ਹੰਡੂਰੀਆ ਜੋ ਚਮਕੌਰ ਤਕ ਗੁਰੂ ਜੀ ਦੇ ਨਾਲ ਸੀ, ਇਸ ਤਰ੍ਹਾਂ ਲਿਖਦਾ ਹੈ:

*ਜ਼ੋਰਾਵਰ ਸਿੰਘ ਐਸੇ ਭਨੈ, ਕਿਉਂ ਭਾਈ ਅਬ ਕਿਉਂ ਕਰ ਬਨੈ।*
*ਫਤੇ ਸਿੰਘ ਤਬ ਕਹਯੋ ਬਖਾਨ, 'ਦਸ ਪਾਤਸ਼ਾਹੀ ਹੋਵਹਿ ਹਾਨ'।*

*(ਕਥਾ ਗੁਰੂ ਕੇ ਸੁਤਨ ਕੀ)*

ਹੁਣ ਬੱਚਿਆਂ ਨੂੰ ਜ਼ਿਬਹ ਕਰਨ ਦਾ ਹੁਕਮ ਸੁਣਾਇਆ ਗਿਆ। ਸਮਾਣਾ ਦੇ ਦੋ ਜਲਾਦਾਂ ਸਾਸ਼ਲ ਬੇਗ ਅਤੇ ਬਾਸ਼ਲ ਬੇਗ ਨੇ ਦੋਵਾਂ ਬੱਚਿਆਂ ਨੂੰ ਗੋਡੇ ਹੇਠ ਦੇ ਕੇ ਸੀਸ ਧੜ ਤੋਂ ਅਲੱਗ ਕਰ ਦਿੱਤੇ। ਦੁਨੀਆ ਦੀ ਇਹ ਅਜੀਮ, ਨਿਵੇਕਲੀ, ਲਾਮਿਸਾਲ, ਦਿਲ-ਕੰਬਾਊ ਅਤੇ ਇਤਿਹਾਸਿਕ ਸ਼ਹੀਦੀ ਨੇ ਭਾਰਤ ਦੇ ਇਤਿਹਾਸ ਦਾ ਵਹਿਣ ਹੀ ਮੋੜ ਦਿੱਤਾ ਅਤੇ ਦੁਨੀਆ ਨੂੰ ਅਸਚਰਜਤਾ ਵਿਚ ਪਾ ਦਿੱਤਾ। ਸਾਹਿਬਜ਼ਾਦਿਆਂ ਨੇ ਆਪਣੇ ਸੀਸ ਭੇਟ ਕਰ ਕੇ ਸਿੱਖ ਕੌਮ ਅਤੇ ਭਾਰਤ ਦਾ ਸੀਸ ਉੱਚਾ ਕਰ ਦਿੱਤਾ। ਸਾਹਿਬਜ਼ਾਦਿਆਂ ਦੀ ਸ਼ਹੀਦੀ ਮਹਿਜ਼ ਸ਼ਹੀਦੀ ਨਹੀਂ ਸਗੋਂ ਇਸ ਤੋਂ ਵੀ ਬਹੁਤ ਵੱਧ ਸੀ। ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਭਰਮਾਉਣ ਦਾ ਯਤਨ ਕੀਤਾ ਗਿਆ ਸੀ। ਕਈ ਵਾਰ ਮੌਤ ਦੇ ਭੈਅ ਵਿੱਚੋਂ ਲੰਘਾਇਆ ਗਿਆ ਸੀ ਅਤੇ ਤੜਫਾ-ਤੜਫਾ ਕੇ ਸ਼ਹੀਦ ਕੀਤਾ ਗਿਆ ਸੀ। ਇਹ ਸਾਰਾ ਤਸ਼ੱਦਦ ਉਨ੍ਹਾਂ ਨੇ ਕਿਵੇਂ ਬਰਦਾਸ਼ਤ ਕੀਤਾ, ਇਸ ਦਾ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ। ਉਨ੍ਹਾਂ ਨੇ ਜਬਰ ਦਾ ਮੂੰਹ ਮੋੜ ਕੇ ਦਸਾਂ ਪਾਤਸ਼ਾਹੀਆਂ, ਦੇਸ਼ ਅਤੇ ਕੌਮ ਦੀ ਸ਼ਾਨ ਨੂੰ ਕਾਇਮ ਹੀ ਨਹੀਂ ਰੱਖਿਆ ਸਗੋਂ ਉੱਚਾ ਚੁੱਕਿਆ ਅਤੇ ਖਾਲਸਾ ਪੰਥ ਨੂੰ ਲਾਸਾਨੀ ਅਤੇ ਇਤਿਹਾਸਿਕ ਫਤਿਹ ਦਿਵਾਈ। ਇਸ ਸ਼ਹੀਦੀ ਸਬੰਧੀ ਅਲਾਮਾ ਇਕਬਾਲ, ਮੁਗ਼ਲ ਤਾਨਾਸ਼ਾਹਾਂ ਅਤੇ ਦੀਨ-ਏ-ਮੁਹੰਮਦੀ ਦੇ ਠੇਕੇਦਾਰਾਂ ਨੂੰ ਇਉਂ ਫਿਟਕਾਰ ਪਾਉਂਦੇ ਲਿਖਦੇ ਹਨ:

*ਕਤਲ-ਏ-ਮਾਸੂਮ ਕਰਤੇ ਹੋ ਔਰ ਇਸੇ ਇਨਸਾਫ-ਏ ਖੁਦਾ ਕਹਤੇ ਹੋ।*
*ਕਿਆ ਇਸੀ ਕੋ ਦੀਨ-ਏ-ਮੁਹੰਮਦ ਕਹਤੇ ਹੋ।*

'ਸ੍ਰੀ ਮੈਥਿਲੀ ਸ਼ਰਨ ਗੁਪਤ' ਨੇ ਇਸ ਸ਼ਹਾਦਤ ਬਾਰੇ ਲਿਖਿਆ ਹੈ:

*ਜਿਸ ਕੁਲ ਜਾਤੀ ਦੇਸ ਕੇ ਬੱਚੇ ਦੇ ਸਕਤੇ ਹੈਂ ਯੌਂ ਬਲੀਦਾਨ।*
*ਉਸ ਕਾ ਵਰਤਮਾਨ ਕੁਛ ਭੀ ਹੋ ਭਵਿਸ਼ਯ ਹੈ ਮਹਾਂ ਮਹਾਨ।*

ਗੁਰੂ ਜੀ ਦੇ ਬੱਚਿਆਂ ਨੂੰ ਇਸ ਮਕਸਦ ਨਾਲ ਕਤਲ ਕੀਤਾ ਗਿਆ ਸੀ ਕਿ

ਗੁਰਮਤਿ ਦਾ ਦੀਪਕ ਇਸ ਜਗਤ ਵਿੱਚੋਂ ਬੁਝ ਜਾਵੇਗਾ ਪਰ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਸੀ ਕਿ ਗੁਰਮਤਿ ਦੀ ਅਖੰਡ ਜੋਤੀ ਤਾਂ ਖਾਲਸੇ ਦੇ ਦਿਲਾਂ ਵਿਚ ਪ੍ਰਵੇਸ਼ ਕਰ ਚੁੱਕੀ ਸੀ। ਸ਼ਹੀਦੀ ਉਪਰੰਤ ਪ੍ਰਚੰਡ ਹੋਈ ਇਸ ਜੋਤੀ ਨੇ ਉੱਤਰੀ ਭਾਰਤ ਵਿਚ ਭਾਂਬੜ ਬਾਲ ਦਿੱਤੇ ਜਿਸ ਵਿਚ ਮੁਗ਼ਲੀਆ ਸਲਤਨਤ ਅੰਤ ਤਬਾਹ ਹੋ ਗਈ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਸਬੰਧ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਦੀਨਾ ਕਾਂਗੜ ਦੀ ਧਰਤੀ ਤੋਂ ਲਿਖੇ ਅਤੇ ਭੇਜੇ 'ਜ਼ਫ਼ਰਨਾਮੇ' ਵਿਚ ਲਿਖਿਆ ਸੀ ਕਿ ਕੀ ਹੋਇਆ ਮੇਰੇ ਚਾਰ ਬੱਚੇ ਸ਼ਹੀਦ ਕਰ ਦਿੱਤੇ ਹਨ, ਮੇਰਾ ਪੰਜਵਾਂ ਪੁੱਤਰ ਖਾਲਸਾ ਤਾਂ ਅਜੇ ਜ਼ਿੰਦਾ ਹੈ ਜੋ ਕਿ ਫਨੀਅਰ ਨਾਗ ਹੈ:

*ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ॥*
*ਕਿ ਬਾਕੀ ਬਮਾਂਦਸਤ ਪੇਚੀਦਹ ਮਾਰ॥*

ਇਸ ਜਗ੍ਹਾ ਉੱਤੇ ਅੱਜਕਲ੍ਹ 'ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ' ਸੁਸ਼ੋਭਿਤ ਹੈ। ਬਿਰਧ ਉਮਰੇ ਮਾਤਾ ਗੁਜਰੀ ਜੀ ਵੀ ਠੰਡੇ ਬੁਰਜ ਅੰਤਾਂ ਦੇ ਤਸੀਹੇ ਝਲਦੇ ਹੋਏ ਸ਼ਹੀਦੀ ਪਾ ਗਏ। ਭਾਰਤ ਅਤੇ ਸਿੱਖ ਕੌਮ ਦੇ ਇਤਿਹਾਸ ਵਿਚ ਹੱਕ, ਸੱਚ, ਧਰਮ, ਮਨੁੱਖੀ ਅਧਿਕਾਰ ਅਤੇ ਰਾਸ਼ਟਰੀ ਗੌਰਵ ਲਈ ਕਿਸੇ ਇਸਤਰੀ ਦੀ ਇਹ ਪਹਿਲੀ ਸ਼ਹੀਦੀ ਸੀ।

ਸਾਹਿਬਜ਼ਾਦਿਆਂ ਨੇ ਗੁਰੂ-ਘਰ ਦੇ ਮਹਾਨ ਉਦੇਸ਼ਾਂ ਦੀ ਪੂਰਤੀ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਵਕਤ ਦੀ ਹੈਰਤਅੰਗੇਜ਼ੀ ਅਤੇ ਰਾਜ ਦੀ ਸ਼ਕਤੀ ਦੀ ਦਰਿੰਦਗੀ ਦੀ ਇੰਤਹਾ! ਸੂਬਾ ਸਰਹਿੰਦ ਨੇ ਇਨ੍ਹਾਂ ਸ਼ਹੀਦਾਂ ਦਾ ਸਸਕਾਰ ਕਰਨ ਲਈ ਜਗ੍ਹਾ ਦੇਣ ਲਈ ਸ਼ਰਤ ਰੱਖ ਦਿੱਤੀ। ਜਿਸ ਅਨੁਸਾਰ ਸੂਬਾ ਸਰਹਿੰਦ ਦੇ ਅਹਿਮ ਅਹਿਲਕਾਰ ਪਰੰਤੂ ਗੁਰੂ-ਘਰ ਦੇ ਸ਼ਰਧਾਲੂ ਦੀਵਾਨ ਟੋਡਰ ਮੱਲ ਨੇ ਧਨ ਇਕੱਠਾ ਕਰ ਕੇ ਖੜ੍ਹੀਆਂ ਅਸ਼ਰਫੀਆਂ ਰੱਖ ਕੇ ਸਸਕਾਰ ਲਈ ਜ਼ਮੀਨ ਖ਼ਰੀਦ ਕੇ ਤਿੰਨਾਂ ਸ਼ਹੀਦਾਂ ਦਾ ਸਸਕਾਰ ਕਰ ਦਿੱਤਾ। ਇੱਥੇ ਅੱਜਕਲ੍ਹ 'ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ' ਸੁਸ਼ੋਭਿਤ ਹੈ। ਬਿਨਾਂ ਸ਼ੱਕ ਦੀਵਾਨ ਟੋਡਰ ਮੱਲ ਪੰਥ ਦਾ ਅਨਮੋਲ ਹੀਰਾ ਸੀ, ਗੁਰੂ-ਘਰ ਦਾ ਅਨਿੰਨ ਸੇਵਕ ਸੀ, ਰੱਬ ਦਾ ਪਿਆਰਾ ਸੀ, ਹੱਕ ਅਤੇ ਸੱਚ ਦਾ ਪਹਿਰੇਦਾਰ ਸੀ। ਇਹ ਦੋਵੇਂ ਭਾਈ ਮੋਤੀ ਰਾਮ ਮਹਿਰਾ ਅਤੇ ਦੀਵਾਨ ਟੋਡਰ ਮੱਲ ਸਤਿਕਾਰਯੋਗ ਹਨ। ਮੁਗ਼ਲ ਸਰਕਾਰ ਦੇ ਅਹਿਮ ਅਹਿਲਕਾਰ ਦੀਵਾਨ ਟੋਡਰ ਮੱਲ ਅਤੇ ਗੁਰੂ-ਘਰ ਦੇ ਰਸੋਈਏ ਗੰਗਾ ਰਾਮ ਦਾ ਕਿਰਦਾਰ ਸਮਝਣਯੋਗ ਹੈ। ਗੰਗਾ ਰਾਮ ਨੇ ਜਹਾਨ ਵਿਚ ਜੀਵਨ ਦੀ ਖੁਸ਼ਹਾਲੀ ਹਿੱਤ ਧਨ ਦੀ ਖ਼ਾਤਰ ਧਰਮ ਅਤੇ ਇਖ਼ਲਾਕ ਕੁਰਬਾਨ ਕਰ ਦਿੱਤੇ। ਇਨ੍ਹਾਂ ਦੇ ਕਿਰਦਾਰ ਤੋਂ ਬਹੁਤ ਵੱਡਾ ਸਬਕ ਸਿੱਖਣਯੋਗ ਹੈ।

ਖਾਲਸਾ ਪੰਥ ਅਤੇ ਦੇਸ਼-ਵਾਸੀ ਉਨ੍ਹਾਂ ਮਹਾਨ ਆਤਮਾਵਾਂ-- ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਸਾਕੇ ਦੀ ਸਾਲਾਨਾ ਯਾਦ ਸਤਿਕਾਰ ਅਤੇ ਪੂਰਨ ਸ਼ਰਧਾ ਸਹਿਤ ਹਰ ਸਾਲ ਮਨਾਉਂਦੇ ਹਨ। ਹਰ ਰੋਜ਼ ਸੈਂਕੜੇ ਅਤੇ ਤਿੰਨ ਦਿਨਾ ਸਾਲਾਨਾ ਸ਼ਹੀਦੀ ਜੋੜ-ਮੇਲੇ ਸਮੇਂ ਲੱਖਾਂ ਸ਼ਰਧਾਲੂ ਦੇਸ਼ਾਂ-ਪ੍ਰਦੇਸ਼ਾਂ ਤੋਂ ਆਪਣੀ ਸ਼ਰਧਾ

ਅਤੇ ਸਤਿਕਾਰ ਭੇਟ ਕਰਨ ਲਈ ਆਉਂਦੇ ਹਨ। ਉਨ੍ਹਾਂ ਮਹਾਨ ਹਸਤੀਆਂ ਦੇ ਚਰਨਾਂ ਵਿਚ ਅਸੀਂ ਇਹੋ ਵੱਡੀ ਭੇਟਾ ਰੱਖ ਸਕਦੇ ਹਾਂ ਕਿ ਉਨ੍ਹਾਂ ਦੀ ਮਹਾਨਤਾ ਨੂੰ ਸਮਝੀਏ ਉਨ੍ਹਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰੀਏ ਅਤੇ ਸਿੱਖੀ ਆਦਰਸ਼ਾਂ 'ਤੇ ਪਹਿਰਾ ਦੇਣ ਦਾ ਪ੍ਰਣ ਕਰੀਏ। ਉਨ੍ਹਾਂ ਨੇ ਜਿਸ ਤਰ੍ਹਾਂ ਦੇ ਸਮਾਜ ਦੀ ਉਸਾਰੀ ਕਰਨ ਲਈ ਲੜਦਿਆਂ ਸ਼ਹੀਦੀ ਪਾਈ ਅਤੇ ਆਪਣੇ-ਆਪ ਨੂੰ ਕੰਧਾਂ ਵਿਚ ਚਿਣਵਾਇਆ, ਉਸ ਸਮਾਜ ਦੀ ਸਥਾਪਤੀ ਲਈ ਹਰ ਸੰਭਵ ਜਤਨ ਕਰੀਏ। ਸਾਨੂੰ ਆਪਣੇ ਸਮਾਜ ਵਿੱਚੋਂ ਨਿੱਜ-ਪ੍ਰਸਤੀ, ਕੁਨਬਾ-ਪਰਵਰੀ ਅਤੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੀ ਸਖ਼ਤ ਲੋੜ ਹੈ। ਪਤਿਤਪੁਣਾ, ਮਾਦਾ ਭਰੂਣ ਹੱਤਿਆ, ਨਸ਼ਾਖੋਰੀ, ਅਸ਼ਲੀਲਤਾ, ਨੰਗੇਜ਼ਵਾਦ ਅਤੇ ਦਹੇਜ਼ ਵਰਗੀਆਂ ਕੁਰੀਤੀਆਂ ਨੂੰ ਉਖਾੜ ਦੇਣਾ ਚਾਹੀਦਾ ਹੈ। ਖੰਡੇ-ਬਾਟੇ ਦੀ ਪਾਹੁਲ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨਾ ਚਾਹੀਦਾ ਹੈ।

ਦੁਨੀਆ ਦੇ ਤੀਰਥ ਅਸਥਾਨਾਂ ਵਿਚ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਥਾਨਾਂ ਨੂੰ ਧਰਮ ਯਾਤਰਾ ਲਈ ਉੱਚਤਮ ਮੰਨਣਾ ਚਾਹੀਦਾ ਹੈ, ਕਿਉਂਕਿ ਅਜਿਹੀ ਸ਼ਹੀਦੀ ਦੁਨੀਆ ਦੇ ਇਤਿਹਾਸ ਵਿਚ ਨਾ ਤਾਂ ਪਹਿਲਾਂ ਕਦੀ ਹੋਈ ਅਤੇ ਨਾ ਹੀ ਭਵਿੱਖ ਵਿਚ ਆਸ ਹੈ।

ਸਾਹਿਬਜ਼ਾਦਿਆਂ ਦੀ ਲਾਮਿਸਾਲ ਸ਼ਹੀਦੀ ਨੂੰ ਯਾਦ ਕਰਦਿਆਂ ਜਦੋਂ ਆਪਣੇ ਆਲੇ-ਦੁਆਲੇ ਵੱਲ ਝਾਤ ਮਾਰਦੇ ਹਾਂ ਅਤੇ ਸਿੱਖ ਕੌਮ ਅੰਦਰ ਆ ਚੁੱਕੇ ਘੋਰ ਨਿਘਾਰ ਨੂੰ ਮਹਿਸੂਸ ਕਰਦੇ ਹਾਂ ਤਾਂ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਕੀ ਅਸੀਂ ਸੋਚਾਂਗੇ ਕਿ ਅਸੀਂ ਕਿਧਰ ਨੂੰ ਜਾ ਰਹੇ ਹਾਂ? ਸਤਿਗੁਰੂ ਨੇ ਆਪਣੇ ਲਖਤ-ਏ-ਜ਼ਿਗਰ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾ ਕੇ ਸਿੱਖ ਕੌਮ ਨੂੰ ਜ਼ਿੰਦਗੀ ਬਖਸ਼ੀ ਸੀ। ਸਾਹਿਬਜ਼ਾਦਿਆਂ ਨੇ ਆਪਣੇ ਸੀਸ ਭੇਟ ਕਰ ਕੇ ਭਾਰਤ ਦਾ ਸੀਸ, ਧਰਮ, ਅਣਖ, ਗੌਰਵ ਅਤੇ ਸੱਭਿਆਚਾਰ ਨੂੰ ਬਚਾਇਆ ਅਤੇ ਸਰਹਿੰਦ ਨੂੰ ਸੱਚਮੁਚ ਹੀ ਹਿੰਦ ਦਾ ਸਿਰ ਬਣਾ ਦਿੱਤਾ। ਪਰੰਤੂ ਅਸੀਂ ਕੌਮ ਨੂੰ ਤਬਾਹੀ ਦੇ ਕੰਢੇ ਵੱਲ ਧੱਕ ਕੇ ਆਪਣੀ ਅਤੇ ਆਪਣੀ ਔਲਾਦ ਦੇ ਕੂੜੇ ਸੁਖ-ਆਰਾਮ ਅਤੇ ਵਕਤੀ ਸ਼ਾਨੋ-ਸ਼ੌਕਤ ਲਈ ਤੱਤਪਰ ਹਾਂ। ਉਹ ਕੌਮਾਂ ਦੁਨੀਆ ਦੇ ਤਖ਼ਤੇ ਤੋਂ ਮਿਟ ਗਈਆਂ, ਜਿਨ੍ਹਾਂ ਨੇ ਖ਼ੁਦਗ਼ਰਜ਼ੀ ਕਾਰਨ ਆਪਣੇ ਧਾਰਮਿਕ ਸਿਧਾਂਤ, ਮਹਾਨ ਵਿਰਾਸਤ, ਇਤਿਹਾਸ ਅਤੇ ਸ਼ਹੀਦਾਂ ਨੂੰ ਅਣਗੌਲਿਆਂ ਕਰ ਕੇ ਆਪਣੀਆਂ ਕੂੜੀਆਂ ਲਾਲਸਾਵਾਂ ਨੂੰ ਪੂਰੀਆਂ ਕਰਨ ਵਿਚ ਹੀ ਗ਼ਲਤਾਨ ਹੋ ਗਈਆਂ। ਸਾਨੂੰ ਇਸ ਖ਼ਤਰੇ ਤੋਂ ਸਾਵਧਾਨ ਹੋਣ ਦੀ ਲੋੜ ਹੈ, ਵਰਨਾ ਸਰਬਨਾਸ਼ ਯਕੀਨੀ ਹੈ। ਆਓ, ਆਪਣੇ ਮਹਾਨ ਸਿਧਾਂਤ ਅਤੇ ਵਿਰਾਸਤ ਦੇ ਸਹੀ ਵਾਰਸ ਬਣਨ ਦਾ ਜਤਨ ਕਰੀਏ ਅਣਖ ਅਤੇ *'ਅਪਨਾ ਬਿਗਾਰਿ ਬਿਰਾਂਨਾ ਸਾਂਢੈ'* ਦੇ ਸਿਧਾਂਤ ਉੱਤੇ ਪਹਿਰਾ ਦੇਈਏ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਸੇਧ ਲੈਂਦੇ ਹੋਏ ਇਸ ਕਾਰਜ ਵਿਚ ਤਨੋਂ-ਮਨੋਂ ਆਪੋ-ਆਪਣਾ ਯੋਗਦਾਨ ਪਾਈਏ ਅਤੇ ਆਪਣਾ ਜਨਮ ਸਕਾਰਥਾ ਕਰੀਏ ਅਤੇ ਆਪਣੇ ਦੇਸ਼ ਅਤੇ ਕੌਮ ਦੇ ਗੌਰਵ, ਅਣਖ ਅਤੇ ਸ਼ਾਨ ਨੂੰ ਉੱਚਾ ਤੇ ਰੋਸ਼ਨ ਕਰੀਏ! ■

# ਮਰਦੋਂ ਕੇ ਗੀਤ ਗਾਓ

*-ਪ੍ਰਿੰ. ਸਤਿਬੀਰ ਸਿੰਘ**

ਰਾਮਧਾਰੀ ਸਿੰਘ 'ਦਿਨਕਰ' ਨੇ ਆਪਣੀ ਇਕ ਕਵਿਤਾ ਵਿਚ ਬਹੁਤ ਹੀ ਢੁਕਵਾਂ ਕਹਿਆ ਸੀ:

*ਹਥਿਆਰੋਂ ਨਹੀਂ, ਮਰਦੋਂ ਕੇ ਗੀਤ ਗਾਓ,*
*ਅਰੇ ਗਾਓ, ਅਗਰ ਸਵਾਰ ਸਮਰਥ ਹੈ।*
*ਮਰਦ ਨਹੀਂ ਤੋਂ ਹਥਿਆਰ ਲੂਲ੍ਹੇ ਹੈਂ,*
*ਮਰਦਾਨਗੀ ਨਹੀਂ ਤੋਂ ਲੋਹਾ ਵਿਅਰਥ।*

ਮਰਦਾਂ ਨੇ ਇਕ ਅਸਚਰਜ ਤੇ ਅਨੋਖਾ ਯੁੱਧ ਲੜਿਆ। ਉਸ ਯੁੱਧ ਵਿਚ ਮਰਦਾਨਗੀ ਦੀ ਟੀਸੀ ਛੋਹੀ ਗਈ। ਇਕ ਪਾਸੇ ਗਿਣਤੀ ਦੇ ਚਾਲੀ ਭੁੱਖੇ-ਤਿਹਾਏ ਸਨ, ਦੂਜੇ ਪਾਸੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਹੀ ਕਥਨ ਅਨੁਸਾਰ ਦਸ ਲੱਖ ਸਨ, ਪਰ ਬੀਰਤਾ ਦੇ ਐਸੇ ਸਬਕ ਕਲਗੀਆਂ ਵਾਲੇ ਦ੍ਰਿੜ੍ਹ ਕਰਾ ਚੁੱਕੇ ਸਨ ਕਿ ਉਨ੍ਹਾਂ ਨੂੰ ਹੁਣ ਗਿਣਤੀ ਦੀ ਸ਼ਕਤੀ ਭੈ-ਭੀਤ ਨਹੀਂ ਸੀ ਕਰ ਸਕਦੀ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੁੱਲ ਰਲਾ ਕੇ ਚੌਦਾਂ ਜੰਗਾਂ ਲੜੀਆਂ ਸਨ। ਬਾਰ੍ਹਾਂ ਵਿਚ ਉਨ੍ਹਾਂ ਜਿੱਤ ਪ੍ਰਾਪਤ ਕੀਤੀ ਤੇ ਇਕ ਹਾਰ-ਜਿੱਤ ਬਿਨਾ ਹੀ ਮੁੱਕ ਗਈ। ਲੋਕਾਂ ਦੀ ਨਜ਼ਰ ਵਿਚ ਮੁਗ਼ਲਾਂ ਨੇ ਚਮਕੌਰ ਦੀ ਜੰਗ ਜ਼ਰੂਰ ਜਿੱਤੀ ਪਰ ਉਹ ਵੀ ਉਨ੍ਹਾਂ ਦੀ ਅਸਲ ਵਿਚ ਵੱਡੀ ਹਾਰ ਸੀ। ਭੰਗਾਣੀ ਦੇ ਪਹਿਲੇ ਯੁੱਧ ਵਿਚ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਲਾਲ ਚੰਦ (ਇਕ ਹਲਵਾਈ) ਨੂੰ ਸਮੇਂ ਦੇ ਸੂਰਮੇ ਨਜਾਬਤ ਖਾਨ ਨਾਲ ਲੜਾਅ ਤੇ ਜਿਤਾ ਕੇ ਇਹ ਪ੍ਰਗਟਾ ਦਿੱਤਾ ਸੀ ਕਿ ਲੜਾਈ ਅਸਲ ਵਿਚ ਮਨ ਦੀ ਹੈ, ਤਨ ਤਾਂ ਪਿੱਛੇ ਤੁਰਨ ਵਾਲਾ ਜੰਤਰ ਹੈ। 'ਮਰਦਾਨਗੀ ਨਹੀਂ ਤੋਂ ਲੋਹਾ ਵਿਅਰਥ।'

ਅਨੰਦਪੁਰ ਸਾਹਿਬ ਛੱਡ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰੋਪੜ ਤੇ ਫਿਰ ਬਾਰੂ ਮਾਜਰਾ ਪੁੱਜੇ ਹੀ ਸਨ, ਖ਼ਬਰ ਮਿਲੀ ਕਿ ਫੌਜਾਂ ਸਾਮ੍ਹਣਿਓਂ ਸਰਹੰਦ ਵੱਲੋਂ ਵੀ ਵਹੀਰਾਂ ਘੱਤ ਕੇ ਆ ਰਹੀਆਂ ਹਨ, ਗੁਰੂ ਜੀ ੨੧ ਦਸੰਬਰ, ੧੭੦੪ ਦੀ ਰਾਤ ਨੂੰ ਚਮਕੌਰ ਜਾ ਪੁੱਜੇ। ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਦੇਵਾਂ ਜੀ, ਭਾਈ ਮਨੀ ਸਿੰਘ ਜੀ ਨਾਲ ਹਰਦੁਆਰ ਚਲੇ ਗਏ। ਮਾਤਾ ਸੁੰਦਰੀ ਜੀ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਜੀ ਗੰਗੂ ਬ੍ਰਾਹਮਣ ਨਾਲ ਖੇੜੀ ਚਲੇ ਗਏ।

ਚਮਕੌਰ ਵਿਖੇ ਆਪ ਜੀ ਨੇ ਇਕ ਜ਼ਿਮੀਂਦਾਰ ਦੀ ਹਵੇਲੀ ਵਿਚ ਉਤਾਰਾ ਕੀਤਾ। ਕੈਸੀ ਜੁਰਅੱਤ ਭਰੀ ਜਾ ਚੁੱਕੀ ਸੀ ਪੰਜਾਬ ਤੇ ਪੰਜਾਬੀਆਂ ਵਿਚ ਕਿ ਹਰ ਕੋਈ ਜਾਨ ਨੂੰ ਅਸੂਲ ਨਾਲੋਂ ਹੇਚ ਜਾਣਦਾ ਸੀ। ਜ਼ਿਮੀਂਦਾਰ ਨੇ ਕਹਿਆ, "ਮਹਾਰਾਜ ਤੁਸੀਂ ਸਾਡੇ ਲਈ ਇਤਨੇ ਤਸੀਹੇ ਝੱਲ ਰਹੇ ਹੋ, ਅਸੀਂ ਵੀ ਜਿਤਨੇ ਜੋਗੇ ਹਾਂ, ਹਾਜ਼ਰ

**ਗੁਰਪੁਰਵਾਸੀ*

ਹਾਂ। ਖੁਲ੍ਹੀ ਥਾਂ ਨਾਲੋਂ ਹਵੇਲੀ ਵਿਚ ਕੁਝ ਬਚਾ ਹੋ ਜਾਵੇਗਾ।" ਪੁਰਾਣੀਆਂ ਹਵੇਲੀਆਂ ਗੜ੍ਹੀ ਨਿਆਈਂ ਹੁੰਦੀਆਂ ਸਨ। ਸੈਨਾਪਤਿ ਦੇ ਸ਼ਬਦਾਂ ਵਿਚ:

*ਖਬਰਿ ਸੁਨੀ ਜਿਮੀਦਾਰ ਨੇ,*
*ਮੱਧ ਬਸੈ ਚਮਕੌਰ।*
*ਸੁਨਤ ਬਚਨ ਤਤਕਾਲ ਹੀ,*
*ਵ੍ਹ ਆਯੋ ਉਠਿ ਦੌਰ॥੫॥੪੭੩॥*
*ਹਾਥ ਜੋਰਿ ਐਸੇ ਕਹਯੋ,*
*"ਬਿਨਤੀ ਸੁਨੋ ਕਰਤਾਰ!*
*ਬਸੋ ਮੱਧਿ ਚਮਕੌਰ ਕੈ,*
*ਅਪਨੀ ਕ੍ਰਿਪਾ ਧਾਰਿ॥੬॥੪੭੪॥*

ਉਸ ਸੂਰਮੇ ਦਾ ਨਾਂ ਇਤਿਹਾਸ ਵਿਚ ਚੌਧਰੀ ਬੁੱਧੀ ਚੰਦ ਲਿਖਿਆ ਹੈ।

੨੨ ਦਸੰਬਰ ਦਾ ਦਿਨ ਚੜ੍ਹਦੇ ਸਾਰ ਹੀ ਨਵਾਬ ਨੇ ਢੰਢੋਰਾ ਪਿਟਵਾਇਆ ਕਿ ਗੁਰੂ ਜੀ ਆਪਣੇ ਆਪ ਨੂੰ ਉਸ ਸਾਮ੍ਹਣੇ ਪੇਸ਼ ਕਰ ਦੇਣ ਨਹੀਂ ਤਾਂ ਹਮਲਾ ਕਰ ਦਿੱਤਾ ਜਾਵੇਗਾ। ਢੰਢੋਰੇ ਦਾ ਉੱਤਰ ਅੰਦਰੋਂ ਤੀਰਾਂ ਦੀ ਵਰਖਾ ਨਾਲ ਦਿੱਤਾ ਗਿਆ। ਦੁਸ਼ਮਣਾਂ ਨੇ ਫਟ ਹੱਲਾ ਕਰ ਦਿੱਤਾ ਪਰ ਹਵੇਲੀ ਦੇ ਨੇੜੇ ਆਉਣ ਦੀ ਕੋਈ ਜੁਰਅਤ ਨਾ ਕਰੇ। ਨਾਹਰ ਖਾਂ ਨੇ ਅਛੋਪਲੇ ਪਉੜੀ ਲਗਾ ਕੇ ਹਵੇਲੀ 'ਤੇ ਚੜ੍ਹਨ ਦੀ ਵਿਉਂਤ ਬਣਾਈ, ਜਦ ਉਸ ਨੇ ਦੀਵਾਰ ਤੋਂ ਜ਼ਰਾ ਕੁ ਸਿਰ ਉੱਚਾ ਕੀਤਾ ਤਾਂ ਮਹਾਰਾਜ ਨੇ ਤੀਰ ਨਾਲ ਉਸ ਨੂੰ ਉੱਥੇ ਹੀ ਮੁਕਾ ਦਿੱਤਾ। ਉਸ ਦੇ ਡਿੱਗਦੇ ਸਾਰ ਗਨੀ ਖਾਂ ਨੇ ਸਿਰ ਉਤਾਂਹ ਕੀਤਾ ਹੀ ਸੀ ਕਿ ਗੁਰੂ ਜੀ ਨੇ ਗੁਰਜ ਨਾਲ ਉਸ ਦਾ ਸਿਰ ਪੀਸ ਦਿੱਤਾ। ਤੀਜਾ ਖੁਆਜਾ ਮਰਦੂਦ ਅਲੀ ਜਿਸ ਨੂੰ ਡਰਪੋਕ ਹੋਣ ਕਾਰਨ ਮਹਾਰਾਜ ਨੇ ਮਰਦ ਦੀ ਥਾਂ ਮਰਦੂਦ ਲਿਖਿਆ। ਉਹ ਸਾਥੀਆਂ ਨੂੰ ਮਰਦੇ ਦੇਖ ਕੰਧਾਂ ਦਾ ਓਹਲਾ ਲੈ ਕੇ ਨੱਸ ਗਿਆ। ਇਕ ਪਾਸੇ ਸਿੰਘਾਂ ਦੀ ਬੀਰਤਾ ਤੇ ਦੂਜੇ ਪਾਸੇ ਫੌਜੀ ਜਰਨੈਲਾਂ ਦੀ ਕਾਇਰਤਾ ਦੇਖਣ ਵਾਲੀ ਸੀ। ਮਹਾਰਾਜ ਜ਼ਫ਼ਰਨਾਮੇ ਵਿਚ ਲਿਖਦੇ ਹਨ ਕਿ ਓਹ ਕਾਇਰ ਦੀਵਾਰ ਓਹਲੇ ਹੀ ਲੁਕਿਆ ਰਹਿਆ। ਸੂਰਮਿਆ ਵਾਂਙ ਮੈਦਾਨ ਵਿਚ ਨਹੀਂ ਆਇਆ। ਅਫ਼ਸੋਸ ਜੇ ਮੈਂ ਉਸ ਦਾ ਮੂੰਹ ਦੇਖ ਲੈਂਦਾ ਤਾਂ ਇਕ ਤੀਰ ਉਸ ਨੂੰ ਵੀ ਬਖਸ਼ ਦਿੰਦਾ:

*ਕਿ ਆਂ ਖ੍ਵਾਜ਼ਹ ਮਰਦੂਦ ਸਯਾਹ ਦੀਵਾਰ॥*
*ਬ ਮੈਦਾਂ ਨਿਯਾਮਦ ਬ ਮਰਦਾਨ ਵਾਰ॥੩੪॥*
*ਦਰੇਗਾ ਅਗਰ ਰੂਇ ਓ ਦੀਦ ਮੇ।*
*ਬ ਯਕ ਤੀਰ ਲਾਚਾਰ ਬਖਸ਼ੀਦ ਮੇ॥੩੫॥* *(ਦਸਮ ਗ੍ਰੰਥ)*

ਆਪਣੇ ਨਾਮਵਰ ਜਰਨੈਲਾਂ ਨੂੰ ਮਰਦਿਆਂ ਦੇਖ ਵਜ਼ੀਰ ਖਾਨ ਨੇ ਹਵੇਲੀ ਦੀ ਬਾਹੀ ਨੂੰ ਤੋੜਨ ਲਈ ਭਰਪੂਰ ਹੱਲਾ ਬੋਲ ਦਿੱਤਾ।

**ਬਾਬਾ ਅਜੀਤ ਸਿੰਘ ਜੀ ਦੀ ਸ਼ਹਾਦਤ**

ਗੁਰੂ ਜੀ ਨੇ ਕਿਲ੍ਹੇ ਦੀ ਰੱਖਿਆ ਲਈ ਪੰਜ-ਪੰਜ ਸਿੰਘਾਂ ਦੇ ਜਥੇ ਬਣਾਏ ਤੇ

ਹਵੇਲੀ ਦੀ ਹਰ ਦੀਵਾਰ 'ਤੇ ਪਹਿਰੇ ਪੱਕੇ ਕਰ ਦਿੱਤੇ। ਗੁਰੂ ਜੀ ਵੀ ਸਮਝਦੇ ਸਨ ਕਿ ਬਹੁਤੀ ਦੇਰ ਇਤਨਾ ਵੱਡਾ ਹੱਲਾ ਰੋਕਣਾ ਮੁਸ਼ਕਲ ਹੈ। ਸਿੰਘਾਂ ਵੀ ਗੁਰੂ ਜੀ ਪਾਸ ਆ ਕੇ ਬੇਨਤੀ ਕੀਤੀ ਕਿ ਉਹ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਉੱਥੋਂ ਨਿਕਲ ਜਾਣ। ਗੁਰੂ ਜੀ ਨੇ ਸੁਣੀ-ਅਣਸੁਣੀ ਕਰ ਦਿੱਤੀ ਤੇ ਹੁੰਦੀ ਜੰਗ ਵੱਲ ਇਸ਼ਾਰਾ ਕੀਤਾ ਤੇ ਚੀਲ੍ਹਾਂ ਅਤੇ ਗਿਰਝਾਂ ਦੇ ਉੱਡ-ਉੱਡ ਮਾਸ ਖਾਣ ਵੱਲ ਦੇਖਣ ਨੂੰ ਕਹਿਆ। ਸਿੱਖਾਂ ਫਿਰ ਕਹਿਆ, "ਮਹਾਰਾਜ, ਤੁਹਾਡਾ ਸਾਹਿਬਜ਼ਾਦਿਆਂ ਨਾਲ ਹਵੇਲੀ ਛੱਡ ਜਾਣਾ ਹੀ ਠੀਕ ਹੈ।" ਉਸ ਸਮੇਂ ਗੁਰੂ ਜੀ ਨੇ ਕਹਿਆ, "ਕਿਹੜੇ ਸਾਹਿਬਜ਼ਾਦਿਆਂ ਦੀ ਗੱਲ ਕਰਦੇ ਹੋ? ਤੁਸੀਂ ਸਾਰੇ ਹੀ ਮੇਰੇ ਸਾਹਿਬਜ਼ਾਦੇ ਹੋ।" ਸਿੰਘ ਚੁੱਪ ਹੋ ਗਏ। ਬਾਬਾ ਅਜੀਤ ਸਿੰਘ ਜੀ ਨੇ ਜੰਗ ਵਿਚ ਜੂਝਣ ਦਾ ਆਪਣਾ ਫੈਸਲਾ ਸੁਣਾ ਦਿੱਤਾ। ਗੁਰੂ ਜੀ ਨੇ ਖੁਸ਼ੀ ਨਾਲ ਕਬੂਲ ਕੀਤਾ:

*ਬਿਨਉ ਕਰੀ ਕਰ ਜੋਰਿ ਕੈ ਖ਼ੁਸ਼ੀ ਕਰਉ ਕਰਤਾਰ।*
*ਕਰਉ ਬੀਰ ਸੰਗ੍ਰਾਮ ਮੈ, ਦੇਖਉ ਆਪਿ ਨਿਹਾਰਿ॥੨੯॥੪੯੭॥*

ਬਾਬਾ ਜੀ ਨਾਲ ਅੱਠ ਹੋਰ ਸਿੱਖ, ਭਾਈ ਮੋਹਕਮ ਸਿੰਘ (ਪੰਜਾਂ ਪਿਆਰਿਆਂ ਵਿੱਚੋਂ ਇੱਕ), ਭਾਈ ਈਸ਼ਰ ਸਿੰਘ, ਭਾਈ ਲਾਲ ਸਿੰਘ, ਭਾਈ ਨੰਦ ਸਿੰਘ, ਭਾਈ ਕੇਸਰ ਸਿੰਘ, ਭਾਈ ਦੇਵਾ ਸਿੰਘ, ਭਾਈ ਕੀਰਤੀ ਸਿੰਘ, ਭਾਈ ਮੋਹਰ ਸਿੰਘ ਜੀ ਵੀ ਜੰਗ ਲਈ ਬਾਹਰ ਨਿਕਲੇ।

ਹਵੇਲੀ ਤੋਂ ਬਾਹਰ ਆਉਂਦੇ ਹੀ ਸਿੰਘਾਂ ਨੇ ਗੱਜ ਕੇ ਜੈਕਾਰਾ ਛੱਡਿਆ। ਸਿੰਘ ਵੀ ਵੱਖ ਹੀ ਮਾਣ ਪ੍ਰਤੀਤ ਕਰ ਰਹੇ ਸਨ, ਕਿਉਂਕਿ ਉਨ੍ਹਾਂ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਦੀ ਜਥੇਦਾਰੀ ਹੇਠਾਂ ਸ਼ਹੀਦੀ ਪ੍ਰਾਪਤ ਕਰਨ ਦਾ ਸਮਾਂ ਮਿਲਣ ਵਾਲਾ ਸੀ। ਬਾਬਾ ਅਜੀਤ ਸਿੰਘ ਜੀ ਨੂੰ ਅੱਗੇ ਵੱਧਦਾ ਦੇਖ ਕੇ ਪਲ-ਕੁ ਲਈ ਵੈਰੀ ਠਠੰਬਰੇ। ਉਨ੍ਹਾਂ ਦੀਆਂ ਪੁਸ਼ਤਾਂ ਵਿਚ ਕੋਈ ਐਸਾ ਪਿਤਾ ਨਹੀਂ ਸੀ ਜੋ ਪਹਿਲਾਂ ਪੁੱਤਰ ਨੂੰ ਸ਼ਹੀਦੀ ਲਈ ਭੇਜੇ। ਵੈਰੀਆਂ ਨੇ ਸਾਰੇ ਪਾਸਿਓਂ ਸਾਹਿਬਜ਼ਾਦੇ ਨੂੰ ਘੇਰ ਲਇਆ ਪਰ ਸਾਹਿਬਜ਼ਾਦੇ ਦੇ ਤਿੱਖੇ ਤੀਰਾਂ ਨੇ ਕਈਆਂ ਦੀਆਂ ਛਾਤੀਆਂ ਵਿੰਨ੍ਹ ਸੁੱਟੀਆਂ। ਬਾਬਾ ਅਜੀਤ ਸਿੰਘ ਨੇ ਗਰਜ ਕੇ ਕਹਿਆ ਕਿ ਉਹ ਸਾਹਮਣੇ ਆਏ, ਜਿਸ ਦੇ ਮਨ ਵਿਚ ਅਰਮਾਨ ਹੈ। ਸੈਨਾਪਤਿ ਲਿਖਦਾ ਹੈ:

*ਕਰੀ ਆਵਾਜ਼, 'ਅਬ ਆਓ ਅਰਮਾਨ ਜਿਹ'*
*ਸਕਲ ਦਲ ਦੇਖਿ ਦਉਰੇ ਅਪਾਰੋ।*
*ਘੇਰ ਚਹੁ ਦਿਸ ਲਿਯੋ ਆਨਿ ਤੁਰਕਾਨ ਨੇ,*
*ਕਰਤ ਸੰਗ੍ਰਾਮ ਰਣਜੀਤ* ਭਾਰੋ।੩੦।੪੯੮॥*

ਫਿਰ ਉਸੇ ਦੇ ਹੀ ਸ਼ਬਦਾਂ ਵਿਚ ਬਾਬਾ ਅਜੀਤ ਸਿੰਘ ਜੀ ਨੇ ਐਸੀ ਮਾਰ ਮਾਰੀ ਕਿ ਸਭ ਅੱਲਾਹ-ਅੱਲਾਹ ਕਰਨ ਲੱਗੇ:

*ਲੇਤ ਪਰੋਇ ਪਠਾਨ ਕੋ ਸਬਹਨ ਸਾਂਗ ਖਿਲਾਇ।*

---

*ਅਜੀਤ ਸਿੰਘ ਜੀ

*ਦੇਖਤ ਹੀ ਸਬ ਕਰਤ ਹੈਂ, ਅਰੇ ਖੁਦਾਇ ਖੁਦਾਇ॥੩੮॥੫੦੬॥*

ਸਿੰਘਾਂ ਦੇ ਤੀਰ ਛੇਤੀ ਹੀ ਮੁਕ ਗਏ। ਉਨ੍ਹਾਂ ਤਲਵਾਰਾਂ ਸੰਭਾਲ ਲਈਆਂ, ਬਾਬਾ ਜੀ ਨੇਜ਼ੇ ਨਾਲ ਵਾਰ ਕਰਦੇ ਰਹੇ। ਸੰਜੋਅ ਨਾਲ ਢੱਕੇ ਇਕ ਮੁਗ਼ਲ ਸਰਦਾਰ ਦੇ ਸੀਨੇ ਵਿਚ ਜਦ ਬਾਬਾ ਜੀ ਨੇ ਨੇਜ਼ਾ ਮਾਰਿਆ ਤਾਂ ਨੇਜ਼ਾ ਵਾਪਸ ਖਿੱਚਣ ਵੇਲੇ ਵਿੱਚੇ ਹੀ ਖੁਭ ਗਿਆ। ਆਪ ਜੀ ਨੇ ਤਲਵਾਰ ਸੰਭਾਲੀ:

*ਸਾਂਗ ਤਜੀ ਕਰਿ ਤੈ ਤਬੈ, ਗਹਿ ਲੀਨੀ ਤਰਵਾਰ॥੪੦॥੫੦੮॥*

ਘੋੜੇ 'ਤੇ ਸਵਾਰ ਹੀ ਦੁਸ਼ਮਣਾਂ ਦੀਆਂ ਕਤਾਰਾਂ ਵਿਚ ਘੁਸ ਗਏ। ਉਸ ਸਮੇਂ ਦੇ ਕਰਤਵ ਤੇ ਛਬਿ ਦੇਖਣ ਵਾਲੀ ਸੀ। ਗੁਰ ਸੋਭਾ ਦਾ ਲਿਖਾਰੀ ਲਿਖਦਾ ਹੈ:

*"ਟੂਟ ਕੈ ਸਾਂਗ ਦੁਇ ਟੂਕ ਹੁਇ ਭੁਇ ਪਰੀ,*
*ਗਹੀ ਤਰਵਾਰ ਦਲ ਬਹੁਤ ਮਾਰੇ।*
*ਏਕ ਕੇ ਸੀਸ ਧਰਿ ਦੁਈ ਟੁਕਰੇ ਕਰੈ,*
*ਦੁਇ ਕੇ ਸਸਿ ਧਰਿ ਕਰਤ ਚਾਰੇ।*
*ਭਾਂਤਿ ਇਹ ਪੂਰ ਪਰਵਾਹ ਦੀਨੇ ਕਈ,*
*ਕਰਤ ਦਰੀਆਉ ਮੈ ਪਰੇ ਸਾਰੇ।" . . .੪੧॥੫੦੯॥*

ਉਨ੍ਹਾਂ ਦੀ ਛਬਿ ਬਾਰੇ ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ

*ਗੁਰੂ ਬਾਲਕ ਬਾਲਕ ਰੂਪ ਅਨੂਪਮ,*
*ਅੰਗਨਿ ਪੇਖਿ ਅਨੰਗ ਸੁ ਲਾਜੈ।*
*ਅਤਿ ਛੈਲ ਛਬੀਲੇ ਛਟੇ ਛਬਿ ਛੁੰਗਨ,*
*ਛੋਭ ਛਕੇ ਛੱਤ੍ਰੀ ਛਿਤ ਛਾਜੈਂ।*
*ਰਖਿ ਤਾਲਕ ਖਾਲਕ ਮਾਲਕ ਸੋਂ,*
*ਅਰਿ ਗਾਲਕ ਪਾਲਕ ਹਿੰਦੁਸੁ ਲਾਜੈ।*
*ਜਨ ਕੰਦਰ ਅੰਦਰ ਤੇ ਨਿਕਸੰ,*
*ਮ੍ਰਿਗਿੰਦ ਨਿਹਾਰ ਗਜਿੰਦ ਸਮਾਜੈਂ॥੧੩॥ (ਬਿਸ੍ਰਾਮ ੬੫)*

ਸ਼ੇਰ ਨੂੰ ਬੁੱਕਦਾ ਦੇਖ ਕੇ ਤਾਕਤ ਵਿਚ ਮਸਤ ਹਾਥੀਆਂ ਨੇ ਮੂੰਹ ਛੁਪਾ ਲਇਆ। ਨਾਲ ਦੇ ਅੱਠੇ ਹੀ ਸਿੰਘ ਸ਼ਹਾਦਤਾਂ ਪਾ ਗਏ। ਬਾਬਾ ਜੀ ਨੂੰ ਇਕ ਮੁਗ਼ਲ ਸਰਦਾਰ ਨੇ ਨੇਜ਼ਾ ਮਾਰਿਆ ਪਰ ਆਪ ਜੀ ਵਾਰ ਬਚਾ ਗਏ। ਘੋੜਾ ਜ਼ਰੂਰ ਜ਼ਖ਼ਮੀ ਹੋ ਗਇਆ। ਆਪ ਜੀ ਪੈਦਲ ਹੋ ਗਏ। ਪੈਦਲ ਦੇਖ ਸਾਰੇ ਹੀ ਉਨ੍ਹਾਂ 'ਤੇ ਟੁੱਟ ਪਏ ਪਰ ਆਪ ਜੀ ਆਖਰੀ ਦਮ ਤਕ ਲੜਦੇ ਰਹੇ ਅਤੇ ਘੇਰੇ ਵਿਚ ਹੀ ਸ਼ਹੀਦੀ ਪਾ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਸਾਰਾ ਹਾਲ ਆਪਣੀ ਅੱਖੀਂ ਡਿੱਠਾ ਤੇ ਸਾਹਿਬਜ਼ਾਦੇ ਦੀ ਸ਼ਹਾਦਤ 'ਤੇ ਆਪੂੰ ਜੈਕਾਰਾ ਛੱਡਿਆ।

**ਬਾਬਾ ਜੁਝਾਰ ਸਿੰਘ ਜੀ ਦੀ ਸ਼ਹਾਦਤ**

ਆਪਣੇ ਵੱਡੇ ਭਰਾ ਨੂੰ ਸ਼ਹੀਦੀ ਪ੍ਰਾਪਤ ਕਰਦਿਆਂ ਦੇਖ ਕੇ ਬਾਬਾ ਜੁਝਾਰ ਸਿੰਘ ਜੀ ਨੂੰ ਚਾਅ ਚੜ੍ਹਿਆ ਤੇ ਉਨ੍ਹਾਂ ਨੇ ਵੀ ਆਪਣੇ-ਆਪ ਨੂੰ ਜੰਗ ਵਿਚ ਸ਼ਹੀਦ ਹੋਣ ਲਈ

ਪੇਸ਼ ਕੀਤਾ:

*ਜਬ ਦੇਖਯੋ ਜੁਝਾਰ ਸਿੰਘ, ਸਮਾ ਪਹੂਚਯੋ ਆਨ।*
*ਦੌਰਯੋ ਦਲ ਮੈ ਧਾਇ ਕੈ, ਕਰ ਮੈ ਗਹੀ ਕਮਾਨ।੫੫।੫੨੩।* *(ਸੈਨਾਪਤਿ)*

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਿੜੇ ਮੱਥੇ ਜੰਗ ਵਿਚ ਕੁੱਦਣ ਦੀ ਆਗਿਆ ਦਿੱਤੀ। ਪੰਜਾਂ ਪਿਆਰਿਆਂ ਵਿੱਚੋਂ ਦੋ, ਭਾਈ ਹਿੰਮਤ ਸਿੰਘ ਤੇ ਭਾਈ ਸਾਹਿਬ ਸਿੰਘ ਜੀ, ਨਾਲ ਭੇਜੇ। ਬਾਬਾ ਜੀ ਦੀ ਉਮਰ ਉਸ ਸਮੇਂ ਕੇਵਲ ੧੪ ਸਾਲ ਅੱਠ ਮਹੀਨੇ ਸਤਾਰਾਂ ਦਿਨ ਦੀ ਸੀ, ਉਨ੍ਹਾਂ ਦੇ ਹਵੇਲੀ ਤੋਂ ਬਾਹਰ ਨਿਕਲਣ ਨਾਲ ਰਣ ਫਿਰ ਗਰਮ ਹੋ ਗਿਆ। ਲੋਥਾਂ 'ਤੇ ਲੋਥਾਂ ਡਿੱਗਣ ਲੱਗ ਪਈਆਂ। ਮੁਗ਼ਲ ਫੌਜਾਂ ਦੇ ਹੌਂਸਲੇ ਵਧੇ ਹੋਏ ਸਨ। ਉਨ੍ਹਾਂ ਬਾਬਾ ਜੁਝਾਰ ਸਿੰਘ ਜੀ ਤੇ ਸਾਥੀਆਂ ਨੂੰ ਘੇਰ ਲਇਆ। ਬਾਬਾ ਜੀ ਨੇ ਵੀ ਨੇਜ਼ਾ ਹੱਥ ਵਿਚ ਸੰਭਾਲ ਲਇਆ:

*ਚਹੂੰ ਓਰ ਦਲ ਦੇਖ ਕੈ, ਨਿਕਟਿ ਪਹੂਚੇ ਆਇ।*
*ਤਬ ਨੇਜਾ ਕਰ ਮੈ ਲਿਯੋ,*
*ਨਿਮਖ ਬਿਲਮ ਨਹੀਂ ਲਾਇ।੫੮।੫੨੬।*

ਜਿਥੇ ਵੀ ਉਨ੍ਹਾਂ ਦਾ ਨੇਜ਼ਾ ਲੱਗਦਾ, ਓਹ ਵੈਰੀ ਨੂੰ ਮਾਰ ਮੁਕਾਈ ਜਾਂਦਾ:

*ਬਰਛਾ ਲਗਾਵੈ ਜਾਹਿ, ਲੇਤ ਹੈ ਪਰੋਇ ਤਾਹਿ।੫੯।੫੨੭॥*

ਵੈਰੀਆਂ ਵੀ ਘੇਰਾ ਬਹੁਤ ਹੀ ਤੰਗ ਕਰ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਡਿੱਠਾ ਕਿ ਸਾਰੇ ਹੀ ਸਾਹਿਬਜ਼ਾਦੇ ਗਿਰਦ ਘੇਰਾ ਪਾਈ ਜਾ ਰਹੇ ਹਨ ਤਾਂ ਉਨ੍ਹਾਂ ਨੇ ਹਵੇਲੀ ਵਿੱਚੋਂ ਲਗਾਤਾਰ ਹਮਲੇ ਕਰਨੇ ਅਰੰਭ ਕਰ ਦਿੱਤੇ। ਤੀਰ ਦੀ ਛਾਵੇਂ ਬਾਬਾ ਜੁਝਾਰ ਸਿੰਘ ਤੇ ਪੰਜ ਸਿੰਘ ਅੱਗੇ ਵਧੇ। ਕਈ ਮੁਗ਼ਲਾਂ ਦੇ ਹੋਰ ਆਹੂ ਉਨ੍ਹਾਂ ਲਾਹੇ ਪਰ ਫੌਜਾਂ ਦੇ ਬਲਗਾਰਾਂ ਸਾਹਮਣੇ ਪੰਜ-ਛੇ ਕਿਤਨੀ ਕੁ ਦੇਰ ਟਿਕ ਸਕਦੇ ਸਨ ਇਹ ਸਭ ਇਕ ਗੱਲ ਸਾਬਤ ਕਰ ਗਏ ਕਿ ਸਵਾ ਲੱਖ ਨਾਲ ਇੱਕ ਲੜ ਸਕਦਾ ਹੈ। ਬਾਬਾ ਜੀ ਘੇਰੇ ਵਿਚ ਐਸੇ ਆਏ ਕਿ ਫਿਰ ਬਾਹਰ ਨਿਕਲ ਨਾ ਸਕੇ। ਬਾਬਾ ਜੀ ਦੀ ਸ਼ਹੀਦੀ ਦੇਖ ਸੂਰਜ ਨੇ ਵੀ ਆਪਣਾ ਮੂੰਹ ਛੁਪਾ ਲਇਆ। ਕਲਗੀਆਂ ਵਾਲੇ ਦਾ ਚੰਨ ਜੋ ਸਾਹਮਣੇ ਪਇਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮੇ ਵਿਚ ਲਿਖਿਆ ਹੈ ਕਿ ਜਦੋਂ ਸੂਰਜ ਅਲੋਪ ਹੋ ਗਇਆ ਤੇ ਰਾਤ ਦਾ ਰਾਜਾ ਚੰਨ ਸ਼ਾਨ ਨਾਲ ਨਿਕਲਿਆ, ਉਸ ਦਿਨ ਦੀ ਜੰਗ ਉਸ ਵੇਲੇ ਮੁੱਕੀ:

*ਚਰਾਗ ਜਹਾਂ ਚੂੰ ਸ਼ੁਦ ਬੁਰਕਾ ਪੋਸ਼।*
*ਸ਼ਾਹਿ ਸ਼ਬ ਬਰਾਮ ਦਹਮਾ ਜਲਵਾ ਜੋਸ਼।੪੨।*

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਮਕੌਰ ਵਿਖੇ ਤਕਰੀਰ

ਰਾਤ ਪੈਂਦੇ ਸਾਰ, ਗੁਰੂ ਜੀ ਨੇ ਕਲ੍ਹ ਦਾ ਪ੍ਰੋਗਰਾਮ ਸੁਣਾ ਦਿੱਤਾ। ਪਹਿਲਾ ਜਥਾ ਉਨ੍ਹਾਂ ਆਪ ਲੈ ਜਾਣ ਦੀ ਗੱਲ ਕਹੀ। ਅਹਿਮਦ ਸ਼ਾਹ ਬਟਾਲਵੀ ਲਿਖਦਾ ਹੈ ਕਿ ਗੁਰੂ ਮਹਾਰਾਜ ਨੇ ਬਾਕੀ ਸਿੱਖਾਂ ਨੂੰ ਸੰਬੋਧਨ ਕਰਦਿਆਂ ਕਹਿਆ, 'ਸਾਡੇ ਸਾਹਮਣੇ ਹੁਣ ਸੂਰਮਿਆਂ ਵਾਂਙ ਜਾਨ ਵਾਰ ਦੇਣ ਤੋਂ ਬਿਨਾ ਹੋਰ ਕੋਈ ਰਾਹ ਨਹੀਂ। ਸਾਡੇ ਲਹੂ ਦੀ

ਇਕ ਬੂੰਦ ਵੀ ਵਿਅਰਥ ਨਹੀਂ ਡੁਲ੍ਹੇਗੀ। ਜਦ ਤਕ ਸਾਡਾ ਨਾਂ-ਨਿਸ਼ਾਨ ਬਾਕੀ ਰਹੇਗਾ, ਵੈਰੀਆਂ ਤੋਂ ਇਸ ਖ਼ੂਨ ਦਾ ਖ਼ੂਨ ਹਿਸਾਬ ਲੈਂਦਾ ਰਵ੍ਹੇਗਾ। ਸਿੰਘਾਂ ਨੇ ਬਹੁਤੇਰਾ ਯਤਨ ਕੀਤਾ ਕਿ ਗੁਰੂ ਜੀ ਸ਼ਹਾਦਤ ਵਾਲਾ ਰਾਹ ਨਾ ਅਪਨਾਉਣ ਪਰ ਦਸਮੇਸ਼-ਪਿਤਾ ਆਪਣੇ ਨਿਰਣੇ 'ਤੇ ਦ੍ਰਿੜ੍ਹ ਰਹੇ। ਸਿੰਘਾਂ ਵੀ ਬੈਠ ਮਤਾ ਪਕਾਇਆ ਕਿ ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੋਂਦ ਰਹੀ ਤਾਂ ਉਹ ਬਿਖੜੇ ਸਮੇਂ ਅਗਵਾਈ ਦੇ ਕੇ ਪੰਥ ਨੂੰ ਫਿਰ ਸੁਰਜੀਤ ਕਰ ਲੈਣਗੇ। ਉਸ ਸਮੇਂ ਦਿੱਤੀ ਸ਼ਹਾਦਤ ਪੰਥ ਨੂੰ ਘੋਰ ਨੁਕਸਾਨ ਪੁਜਾਏਗੀ। ਬਾਕੀ ਰਹਿੰਦੇ ਸਿੰਘਾਂ ਨੇ ਪੰਜ ਪਿਆਰੇ ਚੁਣੇ ਤੇ ਭਾਈ ਦਇਆ ਸਿੰਘ ਜੀ ਨੇ ਅਗਵਾਈ ਕਰਦੇ ਹੋਏ ਹੁਕਮ ਦਿੱਤਾ ਕਿ ਉਹ ਉਸੇ ਰਾਤ ਹਵੇਲੀ ਛੱਡ ਦੇਣ। 'ਆਪੇ ਚੇਲਾ' ਬਣਨ ਵਾਲੇ ਗੁਰੂ ਨੇ ਇਸ ਹੁਕਮ ਅੱਗੇ ਸਿਰ ਝੁਕਾਇਆ ਤੇ ਹਵੇਲੀ ਛੱਡ ਜਾਣਾ ਪਰਵਾਨ ਕਰ ਲਿਆ ਪਰ ਇਕ ਸ਼ਰਤ ਲਗਾ ਦਿੱਤੀ ਕਿ ਉਹ ਗੜ੍ਹੀ ਛੱਡਦਿਆਂ ਦੁਸ਼ਮਣਾਂ ਨੂੰ ਵੰਗਾਰ ਜ਼ਰੂਰ ਪਾਉਣਗੇ। ਉਨ੍ਹਾਂ ਆਪਣੇ ਨਾਲ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਜੀ ਆਦਿ ਨੂੰ ਲੈ ਜਾਣ ਦੀ ਵਿਉਂਤ ਦੱਸੀ ਤੇ ਭਾਈ ਸੰਗਤ ਸਿੰਘ, ਭਾਈ ਕੇਹਰ ਸਿੰਘ, ਭਾਈ ਸੰਤੋਖ ਸਿੰਘ, ਭਾਈ ਦੇਵਾ ਸਿੰਘ, ਭਾਈ ਰਾਮ ਸਿੰਘ, ਅਤੇ ਭਾਈ ਲੱਧਾ ਸਿੰਘ ਵਿੱਚੋਂ ਆਪਣੇ ਮੂੰਹ-ਮੁਹਾਂਦਰੇ ਵਾਲੇ ਭਾਈ ਸੰਗਤ ਸਿੰਘ ਜੀ ਨੂੰ ਕਲਗੀ ਦੇ ਕੇ ਆਪਣਾ ਪੋਸ਼ਾਕਾ ਵੀ ਪਹਿਨਾ ਦਿੱਤਾ ਤੇ ਹੱਥੀਂ ਸਿੰਘਾਸਨ 'ਤੇ ਬੈਠਾ ਦਿੱਤਾ।

ਅੱਧੀ ਰਾਤ ਤੋਂ ਕੁਝ ਸਮਾਂ ਪਿੱਛੋਂ ਗੁਰੂ ਜੀ ਨੇ ਬੁਰਜ ਉੱਪਰ ਖਲੋ ਕੇ ਨਰਸਿੰਙਾ ਵਜਾਇਆ ਤਾਂ ਕਿ ਇਹ ਪਤਾ ਲੱਗੇ ਕਿ ਹਵੇਲੀ ਵਿੱਚੋਂ ਹਮਲਾ ਹੋਣ ਲੱਗਾ ਹੈ। ਗੁਰੂ ਜੀ ਛਾਲ ਮਾਰ ਕੇ ਹਵੇਲੀ ਦੀ ਬਾਹਰੀ ਕੰਧ ਟੱਪ ਗਏ ਤੇ ਹਨ੍ਹੇਰੇ ਵਿਚ ਹੀ ਟੁਰਦੇ ਇਕ ਟਿੱਬੇ 'ਤੇ ਜਾ ਚੜ੍ਹੇ ਤੇ ਤਿੰਨ ਵਾਰੀ ਕਹਿਆ:

**ਮੀਰੇ ਹਿੰਦ ਮੇਂ ਰਵਦ**

ਮੁਗ਼ਲਾਂ ਦੇ ਕੈਂਪ ਵਿਚ ਖਲਬਲੀ ਮਚ ਗਈ। ਕਈ ਉਬੜਵਾਹੇ ਉਠੇ। ਮਹਾਰਾਜ ਵੱਲ ਕਈ ਵਧੇ ਪਰ ਗੁਰੂ ਜੀ ਨੇ ਮਿਸ਼ਾਲਚੀ ਦੀ ਹਥੇਲੀ ਦਾ ਨਿਸ਼ਾਨਾ ਬਣਾਇਆ ਤੇ ਉਸ ਦੀ ਮਿਸ਼ਾਲ ਭੁੰਜੇ ਗਿਰ ਗਈ।

ਇਸੇ ਹਫੜਾ ਦਫੜੀ ਵਿਚ ਗੁਰੂ ਜੀ ਦੇ ਤਿੰਨੇ ਸਾਥੀ ਵੀ ਵੱਖ ਹੋ ਗਏ ਪਰ ਆਪ ਜੀ ਦਿਨ ਚੜ੍ਹਦੇ ਤਕ ਬਹੁਤ ਦੂਰ ਨਿਕਲ ਗਏ।

ਅਹਿਮਦ ਸ਼ਾਹ ਬਟਾਲਵੀ ਲਿਖਦਾ ਹੈ ਕਿ ਪਿੱਛੇ ਰਹੇ ਬਾਕੀ ਸਿੰਘਾਂ ਨੇ ਕਿਲ੍ਹੇ ਦੇ ਦਰਵਾਜ਼ੇ ਖੋਲ੍ਹ ਦਿੱਤੇ। ਉਹ ਤਲਵਾਰਾਂ ਸੂਤ ਕੇ ਵੈਰੀਆਂ 'ਤੇ ਅਚਨਚੇਤ ਟੁੱਟ ਪਏ ਅਤੇ ਬਹਾਦਰੀ ਦੇ ਅਜਿਹੇ ਕਾਰਨਾਮੇ ਦਿਖਾਏ ਕਿ ਰੁਸਤਮ ਦੀ ਯਾਦ ਦਿਲਾਂ ਵਿਚ ਤਾਜ਼ਾ ਹੋ ਗਈ। ਅਣਗਿਣਤ ਵੈਰੀਆਂ ਨੂੰ ਨਾਸ਼ ਕਰਨ ਉਪਰੰਤ ਆਪ ਵੀ ਸਾਰੇ ਹੀ ਸ਼ਹੀਦ ਹੋ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਸਫਾਂ ਨੂੰ ਚੀਰਦੇ ਬਾਹਰ ਨਿਕਲ ਗਏ।

(ਗੁ:ਪ੍ਰ: ੧੨/੧੯੯੮) ■

# ਸ਼ਹੀਦ ਮਾਤਾ ਗੁਜਰੀ ਜੀ

*-ਸ. ਵਰਿਆਮ ਸਿੰਘ**

ਜਿੱਥੇ ਸਿੱਖ ਇਸਤਰੀਆਂ ਦੇ ਅਨੇਕਾਂ ਕਾਰਨਾਮੇ ਹਨ, ਉੱਥੇ ਮਾਤਾ ਗੁਜਰੀ ਜੀ ਦਾ ਨਾਂ ਸੂਰਜ ਵਾਂਗ ਚਮਕਦਾ ਹੈ। ਕਿਹੜਾ ਸਿੱਖ ਹਿਰਦਾ ਅਜਿਹਾ ਹੋਵੇਗਾ, ਜਿਹੜਾ ਉਨ੍ਹਾਂ ਦੇ ਪਵਿੱਤਰ ਨਾਂ ਤੋਂ ਜਾਣੂ ਨਹੀਂ। ਆਪ ਜੀ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਹਿਲ ਅਤੇ ਦਸਵੇਂ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ ਸਨ। ਮਾਤਾ ਗੁਜਰੀ ਜੀ ਦਾ ਪੇਕਾ ਪਿੰਡ ਕਰਤਾਰਪੁਰ, ਜ਼ਿਲ੍ਹਾ ਜਲੰਧਰ ਸੀ। ਪਿਤਾ ਜੀ ਦਾ ਨਾਂ ਭਾਈ ਲਾਲ ਚੰਦ ਜੀ, ਜੋ ਗੁਰੂ-ਘਰ ਦਾ ਸ਼ਰਧਾਲੂ ਸਿੱਖ ਸੀ। ਉਸ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਵਿਚ ਰਹਿ ਕੇ ਕਈ ਸਾਲ ਸੇਵਾ ਕੀਤੀ ਅਤੇ ਉਨ੍ਹਾਂ ਦੀਆਂ ਮਿਹਰਾਂ ਦਾ ਪਾਤਰ ਬਣਿਆ। ਫਿਰ ਸੰਨ ੧੬੩੨ ਈ. ਵਿਚ ਆਪਣੀ ਪੁੱਤਰੀ ਗੁਜਰੀ ਜੀ ਦਾ ਅਨੰਦ ਕਾਰਜ ਉਨ੍ਹਾਂ ਦੇ ਪੁੱਤਰ ਸ੍ਰੀ (ਗੁਰੂ) ਤੇਗ ਬਹਾਦਰ ਜੀ ਨਾਲ ਕਰ ਦਿੱਤਾ। ਇਸ ਤਰ੍ਹਾਂ ਗੁਰੂ-ਘਰ ਨਾਲ ਸਾਕਾਦਾਰੀ ਕਰਕੇ ਭਾਈ ਲਾਲ ਚੰਦ ਨੂੰ ਬਹੁਤ ਖੁਸ਼ੀ ਅਨੁਭਵ ਹੋਈ।

ਗੁਰਿਆਈ ਮਿਲਣ ਤੋਂ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਨਾਨਕੇ ਪਿੰਡ ਬਕਾਲੇ (ਸ੍ਰੀ ਅੰਮ੍ਰਿਤਸਰ) ਰਹਿ ਕੇ ਬਹੁਤ ਤਪੱਸਿਆ ਕੀਤੀ ਸੀ। ਇਕ ਕੱਚਾ ਭੋਰਾ ਸੀ, ਜਿੱਥੇ ਇਕ-ਮਨ, ਇਕ-ਚਿਤ ਹੋ ਕੇ ਅਕਾਲ ਪੁਰਖ ਨੂੰ ਧਿਆਇਆ। ਉਸ ਸਮੇਂ ਉਨ੍ਹਾਂ ਦੇ ਕੋਲ ਉਨ੍ਹਾਂ ਦੀ ਮਾਤਾ, ਮਾਤਾ ਨਾਨਕੀ ਜੀ ਅਤੇ ਉਨ੍ਹਾਂ ਦੀ ਸੁਪਤਨੀ, ਮਾਤਾ ਗੁਜਰੀ ਜੀ ਸਨ। ਮਾਤਾ ਗੁਜਰੀ ਜੀ ਨੇ ਉਸ ਸਮੇਂ ਜੋ ਆਪਣਾ ਫਰਜ਼ ਨਿਭਾਇਆ, ਉਹ ਇਸਤਰੀ ਜਾਤੀ ਲਈ ਇਕ ਚਾਨਣ-ਮੁਨਾਰਾ ਹੈ। ਇਸ ਦੀ ਮਿਸਾਲ ਬਹੁਤ ਘੱਟ ਮਿਲਦੀ ਹੈ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਕਿਹਾ ਸੀ- "ਗੁਜਰੀ! ਅਸਾਂ ਇਕਾਂਤ ਰਹਿ ਕੇ ਭਗਤੀ ਕਰਨੀ ਹੈ। ਅਕਾਲ ਪੁਰਖ ਦਾ ਭਾਣਾ ਹੀ ਐਸਾ ਹੈ।" ਉਨ੍ਹਾਂ ਨੇ ਅੱਗੋਂ ਜਵਾਬ ਦਿੱਤਾ ਸੀ- "ਸਵਾਮੀ ਜੀ! ਦਾਸੀ ਤੁਹਾਡੀ ਭਗਤੀ ਵਿਚ ਵਿਘਨ ਨਹੀਂ ਪਾਉਂਦੀ। ਸਿਰਫ ਇਤਨੀ ਕ੍ਰਿਪਾ ਕਰੋ ਕਿ ਆਪਣੇ ਦਰਸ਼ਨਾਂ ਤੋਂ ਵਾਂਝਿਆਂ ਨਾ ਕਰੋ, ਕਿਉਂਕਿ ਦਾਸੀ ਤੁਹਾਡੇ ਦਰਸ਼ਨਾਂ ਤੋਂ ਬਿਨਾਂ ਜੀਅ ਨਹੀਂ ਸਕੇਗੀ।"

ਉਨ੍ਹਾਂ ਨੂੰ ਦਰਸ਼ਨ ਕਰਨ ਦੀ ਖੁੱਲ੍ਹ ਮਿਲ ਗਈ। ਉਹ ਸਾਰਾ ਦਿਨ ਕੱਚੇ ਭੋਰੇ ਦੇ ਬਾਹਰ ਬੈਠੇ ਰਹਿੰਦੇ ਸਨ। ਗੁਰਬਾਣੀ ਦੀ ਇਹ ਤੁਕ ਆਪ ਨੂੰ ਸਦਾ ਯਾਦ ਰਹਿੰਦੀ ਸੀ:

*ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਬਣਾਇ ਰੀ॥*
*ਦੂਜਾ ਭਾਉ ਵਿਸਾਰੀਐ ਏਹੁ ਤੰਬੋਲਾ ਖਾਇ ਰੀ॥* *(ਪੰਨਾ ੪੦੦)*

ਉਸ ਸਮੇਂ ਉਨ੍ਹਾਂ ਨੂੰ ਗਰੀਬੀ ਦੇ ਦਿਨ ਵੀ ਬਹੁਤ ਦੇਖਣੇ ਪਏ। ਰੁੱਖੀ-ਮਿਸੀ ਜੋ ਵੀ ਮਿਲਦੀ ਸੀ, ਉਸ ਵਿਚ ਹੀ ਸ਼ੁਕਰ ਕਰਦੇ ਸਨ। ਪ੍ਰੋ. ਸਾਹਿਬ ਸਿੰਘ ਜੀ ਦੀ ਲਿਖਤ ਅਨੁਸਾਰ ਇਸ ਤਰ੍ਹਾਂ ਭਗਤੀ ਕਰਦੇ ਹੋਏ ਗੁਰੂ ਸਾਹਿਬ ਨੇ ਬਕਾਲੇ ਵਿਚ ਤੀਹ ਸਾਲ ਗੁਜਾਰੇ। (*ਜੀਵਨ ਬ੍ਰਿਤਾਂਤ*, ਸ੍ਰੀ ਗੁਰੂ ਤੇਗ ਬਹਾਦਰ ਜੀ, ਪੰਨਾ ੧੧)

***9/3296 Darampura, St. no. 6, Gandhi Nagar, Delhi-31***

ਜਦੋਂ ਸੰਨ ੧੬੬੪ ਈ. ਵਿਚ ਗੁਰੂ ਸਾਹਿਬ ਪ੍ਰਗਟ ਹੋਏ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਮਾਲਕ ਬਣੇ ਤਾਂ ਉਸ ਸਮੇਂ ਮਾਤਾ ਗੁਜਰੀ ਜੀ ਨੇ ਸਾਧ-ਸੰਗਤ ਦੀ ਸੇਵਾ ਦਾ ਭਾਰ ਸਿਰ 'ਤੇ ਚੁੱਕ ਲਿਆ ਅਤੇ ਪਹਿਲਾਂ ਵਾਂਗ ਹੀ ਮਨ ਪ੍ਰਭੂ ਦੇ ਚਰਨਾਂ ਨਾਲ ਜੋੜੀ ਰੱਖਿਆ। ਸੰਨ ੧੬੭੫ ਈ. ਵਿਚ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਿੱਲੀ ਵਿਖੇ ਸ਼ਹੀਦ ਹੋਏ ਤਾਂ ਮਾਤਾ ਗੁਜਰੀ ਜੀ ਨੇ ਜਿਸ ਤਰ੍ਹਾਂ ਭਾਣਾ ਮਿੱਠਾ ਕਰ ਕੇ ਮੰਨਿਆ, ਉਹ ਆਪਣੀ ਮਿਸਾਲ ਆਪ ਸੀ।

ਮਾਤਾ ਗੁਜਰੀ ਜੀ ਵਿਚ ਅਨੇਕਾਂ ਗੁਣ ਸਨ। ਉਨ੍ਹਾਂ ਦੇ ਗੁਣਾਂ ਨੂੰ ਨਿਖਾਰਨ ਵਾਲੀਆਂ ਕੁਝ ਕੁ ਘਟਨਾਵਾਂ ਉਨ੍ਹਾਂ ਦੇ ਪਵਿੱਤਰ ਜੀਵਨ ਵਿੱਚੋਂ ਹੇਠ ਲਿਖੇ ਅਨੁਸਾਰ ਹਨ। ਇਹ ਘਟਨਾਵਾਂ ਉਨ੍ਹਾਂ ਦੇ ਸਪੁੱਤਰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀਆਂ ਹਨ, ਜੋ ਉਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਜੋਤਿ ਜਗਾ ਰਹੇ ਸਨ।

ਸੰਨ ੧੭੦੧ ਈ. ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਖੰਡੀ ਮਸੰਦਾਂ ਨੂੰ ਕਰੜੀ ਸਜ਼ਾ ਦਿੱਤੀ, ਕਿਉਂਕਿ ਮਸੰਦਾਂ ਵਿਚ ਬਹੁਤ ਖਰਾਬੀਆਂ ਆ ਗਈਆਂ ਸਨ। ਉਹ ਸੰਗਤਾਂ ਪਾਸੋਂ ਕਾਰ-ਭੇਟਾ ਲੈ ਕੇ ਆਪ ਹੀ ਖਾ ਜਾਂਦੇ ਹਨ। ਇਸ ਤਰ੍ਹਾਂ ਦਾ ਇਕ ਮਸੰਦ ਬਖਤ ਮੱਲ ਸੀ। ਉਹ ਕਾਬਲ ਤੇ ਕੰਧਾਰ ਵਿੱਚੋਂ ਕਾਰ-ਭੇਟਾ ਉਗਰਾਇਆ ਕਰਦਾ ਸੀ। ਉਹ ਕਿਸੇ ਤਰ੍ਹਾਂ ਮਾਤਾ ਗੁਜਰੀ ਜੀ ਦੇ ਕੋਲ ਪਹੁੰਚ ਗਿਆ ਅਤੇ ਹੱਥ ਜੋੜ ਕੇ ਬੇਨਤੀ ਕੀਤੀ- "ਮਾਤਾ ਜੀਉ! ਮੈਂ ਤੁਹਾਡੀ ਸ਼ਰਨ ਆਇਆ ਹਾਂ। ਮੈਨੂੰ ਕਿਸੇ ਤਰ੍ਹਾਂ ਬਚਾ ਲਵੋ! ਜੇ ਮੇਰੀ ਜਾਨ ਬਖਸ਼ੀ ਹੋ ਜਾਏ ਤਾਂ ਮੈਂ ਅੱਗੇ ਤੋਂ ਸਹੀ ਤੌਰ 'ਤੇ ਸਿੱਖ ਬਣ ਕੇ ਰਹਾਂਗਾ ਅਤੇ ਅਜਿਹੀਆਂ ਗ਼ਲਤੀਆਂ ਮੁੜ ਨਹੀਂ ਕਰਾਂਗਾ।"

ਮਾਤਾ ਜੀ ਨੂੰ ਉਸ 'ਤੇ ਦਇਆ ਆ ਗਈ ਅਤੇ ਆਪਣੇ ਸਪੁੱਤਰ, ਜਗਤ ਗੁਰੂ ਨੂੰ ਕਹਿ ਕੇ ਉਸ ਨੂੰ ਬਖਸ਼ਵਾ ਦਿੱਤਾ।

ਇਸ ਵਿੱਚੋਂ ਮਾਤਾ ਗੁਜਰੀ ਜੀ ਦੇ ਦੋ ਗੁਣ ਪ੍ਰਗਟ ਹੁੰਦੇ ਹਨ: ਸ਼ਰਨ ਆਏ ਦੀ ਲਾਜ ਰੱਖਣੀ ਅਤੇ ਦੂਜਾ ਦਿਲ ਦਾ ਦਇਆ ਨਾਲ ਭਰਪੂਰ ਹੋਣਾ।

ਮਾਤਾ ਜੀ ਰੋਜ਼ਾਨਾ ਨਿੱਤਨੇਮ ਤੋਂ ਇਲਾਵਾ ਸੁਖਮਨੀ ਸਾਹਿਬ ਦਾ ਪਾਠ ਵੀ ਕਰਦੇ ਸਨ। ਸੁਖਮਨੀ ਸਾਹਿਬ ਵਿਚ ਇਕ ਸ਼ਬਦ ਆਉਂਦਾ ਹੈ:

*ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥*

*(ਪੰਨਾ ੨੭੫)*

ਮਾਤਾ ਜੀ ਨੇ ਇਸ ਸ਼ਬਦ ਦਾ ਵਿਚਾਰ ਕਰਦੇ ਹੋਏ ਸੋਚਿਆ ਕਿ ਗੁਰੂ ਸਾਹਿਬ ਵਿਚ ਤਾਂ ਇਹ ਵਡਿਆਈਆਂ ਸੁੱਤੇ-ਸਿੱਧ ਹੀ ਮੌਜੂਦ ਹੋ ਸਕਦੀਆਂ ਹਨ। ਕੀ ਗੁਰੂ ਦਾ ਕੋਈ ਸਿੱਖ ਵੀ ਇਤਨੀ ਉੱਚੀ ਅਵਸਥਾ 'ਤੇ ਪਹੁੰਚ ਸਕਦਾ ਹੈ ਜੋ ਇਸ ਸ਼ਬਦ 'ਤੇ ਅਮਲ ਕਰਦਾ ਹੋਏ? ਇਹ ਵਿਚਾਰ ਉਨ੍ਹਾਂ ਨੇ ਆਪਣੇ ਬੇਟੇ, ਜਗਤ ਗੁਰੂ ਅੱਗੇ ਰੱਖਿਆ। ਗੁਰੂ ਸਾਹਿਬ ਨੇ ਕਿਹਾ ਕਿ ਕੱਲ੍ਹ ਹੀ ਤੁਹਾਨੂੰ ਐਸਾ ਸਿੱਖ ਦਿਖਾ ਦਿਆਂਗੇ। ਅਗਲੇ ਹੀ ਦਿਨ ਗੁਰੂ ਸਾਹਿਬ ਨੇ ਬਾਬਾ

ਗੁਰਬਖਸ਼ ਸਿੰਘ ਜੀ (ਭਾਈ ਰਾਮ ਕੁੰਵਰ ਜੀ) ਨੂੰ, ਜੋ ਬਾਬਾ ਬੁੱਢਾ ਜੀ ਦੀ ਵੰਸ ਵਿੱਚੋਂ ਸਨ, ਮਾਤਾ ਜੀ ਪਾਸ ਭੇਜਿਆ। ਬਾਬਾ ਗੁਰਬਖਸ਼ ਸਿੰਘ ਜੀ ਨੇ ਜਦੋਂ ਜਾ ਕੇ ਮਾਤਾ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ ਤਾਂ ਮਾਤਾ ਜੀ ਵੀ ਗੁਰੂ-ਘਰ ਦੇ ਵਰੋਸਾਏ ਹੋਏ, ਸਿੱਖ ਦੇ ਦਰਸ਼ਨ ਕਰ ਕੇ ਬਹੁਤ ਖੁਸ਼ ਹੋਏ ਅਤੇ ਪ੍ਰਸ਼ਾਦਿ-ਪਾਣੀ ਦੀ ਸੇਵਾ ਵੀ ਕੀਤੀ। ਦਿਲ ਵਿਚ ਕੋਈ ਵਿਚਾਰ ਨਹੀਂ ਆਇਆ ਕਿ ਮੈਂ ਜਗਤ- ਗੁਰੂ ਦੀ ਮਾਤਾ ਜੋ ਕਿ ਇਕ ਸਿੱਖ ਦੀ ਸੇਵਾ ਕਰ ਰਹੀ ਹਾਂ। ਉਹ ਤਾਂ ਸਮਝਦੇ ਸਨ ਕਿ ਅੱਜ ਇਕ ਸੰਤ-ਗੁਰਸਿੱਖ ਦੀ ਸੇਵਾ ਕਰ ਕੇ ਮੇਰਾ ਜਨਮ ਸਫਲਾ ਹੋ ਰਿਹਾ ਹੈ। ਇਹ ਸੀ ਮਾਤਾ ਗੁਜਰੀ ਜੀ ਦਾ ਕਮਾਲ ਦਾ ਜੀਵਨ।

**ਸ਼ਹੀਦੀ ਕਾਂਡ :-** ਸਰਸਾ ਨਦੀ ਨੂੰ ਪਾਰ ਕਰਨ ਲੱਗਿਆਂ, ਗੁਰੂ-ਘਰ ਦਾ ਰਸੋਈਆ ਗੰਗੂ, ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਫਤਿਹ ਸਿੰਘ ਜੀ ਅਤੇ ਬਾਬਾ ਜ਼ੋਰਾਵਰ ਸਿੰਘ ਜੀ ਨੂੰ ਆਪਣੇ ਪਿੰਡ ਸਹੇੜੀ ਲੈ ਗਿਆ। ਸਹੇੜੀ ਸਰਹਿੰਦ ਤੋਂ ੧੧ ਮੀਲ ਉੱਤਰ-ਪੂਰਬ ਵਾਲੇ ਪਾਸੇ ਹੈ। ਗੰਗੂ ਸਿਦਕ ਤੋਂ ਡੋਲ ਕੇ ਬੇਵਫਾ ਹੋ ਗਿਆ। ਉਸ ਨੇ ਇਨਾਮ ਦੇ ਲਾਲਚ ਵਿਚ ਆ ਕੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ।

ਇਸ ਤਰ੍ਹਾਂ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਸਰਹਿੰਦ ਲਿਜਾਏ ਗਏ। ਸਰਹਿੰਦ ਦਾ ਨਵਾਬ ਵਜ਼ੀਰ ਖਾਂ ਸੀ। ਉਸ ਦੇ ਹੁਕਮ ਨਾਲ ਇਕ ਬੁਰਜ ਵਿਚ ਕੈਦ ਕਰ ਦਿੱਤਾ ਗਿਆ। ਕੈਦ ਵਿਚ ਮਾਤਾ ਗੁਜਰੀ ਜੀ ਨੇ ਆਪਣੇ ਪੋਤਰਿਆਂ ਨੂੰ ਸਿੱਖਿਆ ਦਿੰਦੇ ਹੋਏ ਕਿਹਾ ਕਿ ਤੁਸੀਂ ਆਪਣੇ ਦਾਦਾ ਦੀ ਤਰ੍ਹਾਂ ਸ਼ਹੀਦ ਹੋਣਾ। ਧਰਮ ਨਹੀਂ ਹਾਰਨਾ। ਵੈਰੀ ਤੁਹਾਨੂੰ ਧਰਮ ਤੋਂ ਡੇਗਣ ਦੀ ਬੜੀ ਕੋਸ਼ਿਸ਼ ਕਰਨਗੇ, ਪਰ ਤੁਸੀਂ ਕਿਸੇ ਡਰਾਵੇ ਜਾਂ ਲਾਲਚ ਵਿਚ ਨਹੀਂ ਆਉਣਾ। ਫਿਰ ਤੁਸੀਂ ਆਪਣੇ ਬਹਾਦਰ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪੁੱਤਰ ਹੋ। ਧਿਆਨ ਰੱਖਣਾ ਕਿ ਉਨ੍ਹਾਂ ਦੇ ਨਾਂ ਨੂੰ ਵੱਟਾ ਨਾ ਲੱਗੇ।

ਹੁਣ ਵਜ਼ੀਰ ਖਾਂ ਦੇ ਜ਼ੁਲਮ ਸ਼ੁਰੂ ਹੋਏ। ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਕਈ ਤਸੀਹੇ ਦਿੱਤੇ ਗਏ। ਭੁੱਖਿਆਂ ਤੇ ਪਿਆਸਿਆਂ ਰੱਖਿਆ ਗਿਆ। ਸਾਹਿਬਜ਼ਾਦਿਆਂ ਨੂੰ ਆਪਣੀ ਦਾਦੀ ਨਾਲੋਂ ਵਿਛੋੜ ਦਿੱਤਾ ਗਿਆ। ਮਾਤਾ ਗੁਜਰੀ ਜੀ ਨੇ ਉਸ ਸਮੇਂ ਜਿਸ ਤਰ੍ਹਾਂ ਸਿਦਕ ਤੇ ਭਰੋਸਾ ਨਿਭਾਇਆ, ਉਸ ਨੂੰ ਦੇਖਦੇ ਹੋਏ ਭਾਈ ਵੀਰ ਸਿੰਘ ਨੇ ਕਿਹਾ ਹੈ "ਆਹ! ਪਿਆਰੀ ਮਾਤਾ! ਤੂੰ ਕੀਹ ਕੀਹ ਨਾ ਸਾਡੇ ਪਾਪੀਆਂ ਲਈ ਸਹਾਰਿਆ। ਤੇਰੀ ਗੋਦ ਵਿਚ ਖੇਡਦੇ ਲਾਲ ਭੀ ਪ੍ਰਾਹੁਣੇ ਹਨ, ਤੇ ਤੈਂ ਆਪ ਭੀ ਜਾਨ ਤਲੀ 'ਪੁਰ ਧਰੀ ਹੋਈ ਹੈ। ਸਾਰੀਆਂ ਬਲੀਆਂ ਦੇਸ਼ ਦੇ ਛੁਟਕਾਰੇ ਲਈ ਹਨ।" *(ਸ੍ਰੀ ਕਲਗੀਧਰ ਚਮਤਕਾਰ-ਦੂਜਾ ਅੱਧ*, ਪੰਨਾ ੧੧੨)

ਛੋਟੇ ਸਾਹਿਬਜ਼ਾਦੇ ਧਰਮ ਵਿਚ ਪੱਕੇ ਰਹੇ। ਉਨ੍ਹਾਂ ਨੂੰ ਜੀਉਂਦੇ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਉਧਰ ਦੂਜੇ ਪਾਸੇ ਮਾਤਾ ਗੁਜਰੀ ਜੀ ਵੀ ਠੰਡੇ ਬੁਰਜ ਵਿਚ ਸ਼ਹੀਦੀ ਪਾ ਗਏ।

ਦੀਵਾਨ ਟੋਡਰ ਮੱਲ ਗੁਰੂ-ਘਰ ਦਾ ਅਨਿੰਨ ਸਿੱਖ ਸੀ। ਉਸ ਨੇ ਨਵਾਬ ਵਜ਼ੀਰ ਖਾਂ ਨੂੰ ਬਹੁਤ ਸਾਰਾ ਧਨ ਦੇ ਕੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਲਈ ਥੋੜ੍ਹੀ ਜਿਹੀ ਥਾਂ ਲੈ ਲਈ ਅਤੇ ਇਨ੍ਹਾਂ ਦਾ ਸਸਕਾਰ ਕੀਤਾ। ਜਿੱਥੇ ਇਨ੍ਹਾਂ ਦਾ ਸਸਕਾਰ ਕੀਤਾ ਗਿਆ, ਉੱਥੇ ਅੱਜਕਲ੍ਹ ਗੁਰਦੁਆਰਾ 'ਜੋਤੀ ਸਰੂਪ' ਸੁਸ਼ੋਭਿਤ ਹੈ। ■

# ਕੀਨੋ ਬਡੋ ਕਲੂ ਮਹਿ ਸਾਕਾ

-ਡਾ. ਜਗਜੀਤ ਸਿੰਘ*

ਨਿਰਸੰਦੇਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਮਹਾਨ ਸ਼ਹਾਦਤ ਕਲਜੁਗ ਵਿਚ ਵਾਪਰਿਆ ਇਕ ਵੱਡਾ ਅਦੁੱਤੀ ਸਾਕਾ ਹੈ। ਐਸੀ ਘਟਨਾ ਦੀ ਉਦਾਹਰਨ ਮਨੁੱਖਤਾ ਦੇ ਇਤਿਹਾਸ ਵਿਚ ਜਾਂ ਧਰਮ ਦੀ ਅਜ਼ਾਦੀ ਦੇ ਸਮੁੱਚੇ ਇਤਿਹਾਸ ਵਿਚ ਮਿਲਣੀ ਕਠਿਨ ਹੈ ਜਦੋਂ ਕਿਸੇ ਦੂਜੇ ਧਰਮ ਦੇ ਪੈਰੋਕਾਰਾਂ ਉੱਪਰ ਬਣੇ ਧਰਮ-ਸੰਕਟ ਨੂੰ ਠੱਲ ਪਾਉਣ ਲਈ ਕਿਸੇ ਮਹਾਨ ਸ਼ਖ਼ਸੀਅਤ ਨੇ ਆਪਣਾ ਬਲੀਦਾਨ ਦਿੱਤਾ ਹੋਵੇ। ਏਸੇ ਲਈ ਆਪ ਜੀ ਨੂੰ 'ਗੁਰੂ ਤੇਗ ਬਹਾਦਰ-ਹਿੰਦ ਦੀ ਚਾਦਰ' ਕਹਿ ਕੇ ਯਾਦ ਕੀਤਾ ਜਾਂਦਾ ਹੈ।

ਆਪ ਜੀ ਦਾ ਜਨਮ ੧ ਅਪ੍ਰੈਲ, ੧੬੨੧ ਈ. ਨੂੰ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਮਾਤਾ ਨਾਨਕੀ ਜੀ ਦੇ ਗ੍ਰਿਹ ਵਿਖੇ ਹੋਇਆ। ਆਪ ਪੰਜਾਂ ਭਰਾਵਾਂ ਵਿੱਚੋਂ ਸਭ ਤੋਂ ਛੋਟੇ ਸਨ। ਆਪ ਜੀ ਦਾ ਬਚਪਨ ਸ੍ਰੀ ਅੰਮ੍ਰਿਤਸਰ ਵਿਖੇ ਬੀਤਿਆ ਜਿੱਥੇ ਭਾਈ ਗੁਰਦਾਸ ਜੀ ਦੀ ਨਿਗਰਾਨੀ ਵਿਚ ਆਪ ਜੀ ਨੇ ਹਰ ਤਰ੍ਹਾਂ ਦੀ ਵਿੱਦਿਆ ਅਤੇ ਗੁਰਬਾਣੀ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ ਬਾਬਾ ਬੁੱਢਾ ਜੀ ਨੇ ਆਪ ਨੂੰ ਘੋੜ-ਸਵਾਰੀ, ਨੇਜ਼ੇਬਾਜ਼ੀ ਅਤੇ ਸੂਰਮਗਤੀ ਦੇ ਕਈ ਕਰਤੱਵ ਸਿਖਾਏ। ਆਪ ਜੀ ਦੀ ਰਾਗ-ਵਿੱਦਿਆ ਵਿਚ ਵਿਸ਼ੇਸ਼ ਰੁਚੀ ਸੀ ਅਤੇ ਆਪ ਕਾਫੀ ਸਮਾਂ ਪ੍ਰਭੂ-ਪਿਆਰ ਅਤੇ ਵੈਰਾਗ ਦੇ ਸ਼ਬਦ ਗਾਇਨ ਕਰਦੇ ਰਹਿੰਦੇ। ਆਪ ਜੀ ਦੀ ਸ਼ਾਦੀ ਬੀਬੀ (ਮਾਤਾ) ਗੁਜਰੀ ਜੀ ਨਾਲ ਹੋਈ।

ਜਹਾਂਗੀਰ ਦੇ ਸਮੇਂ ਤੋਂ ਹੀ ਦਿੱਲੀ ਦਰਬਾਰ ਦਾ ਰੁਖ਼ ਗੁਰੂ-ਘਰ ਵੱਲ ਸੁਖਾਵਾਂ ਨਹੀਂ ਸੀ। ਨਤੀਜੇ ਵਜੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਮੁਗ਼ਲਾਂ ਨਾਲ ਕਈ ਯੁੱਧ ਹੋਏ ਅਤੇ ਵਿਸ਼ੇਸ਼ ਤੌਰ 'ਤੇ ਕਰਤਾਰਪੁਰ ਦੇ ਯੁੱਧ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੀ ਬਹਾਦਰੀ ਦੇ ਜੌਹਰ ਵਿਖਾਏ। ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਆਪ ਜੀ, ਮਾਤਾ ਨਾਨਕੀ ਜੀ ਅਤੇ ਬੀਬੀ (ਮਾਤਾ) ਗੁਜਰੀ ਜੀ ਸਣੇ ਬਾਬਾ ਬਕਾਲੇ ਆ ਗਏ। ਇੱਥੇ ਆਪ ਜੀ ਗੁਰੂ-ਘਰ ਵਿਚ ਹੋ ਰਹੇ ਕਾਰਜਾਂ ਨਾਲ ਨਮਿਤ ਜੁੜੇ ਰਹੇ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਪਿੱਛੋਂ ਸ੍ਰੀ ਗੁਰੂ ਹਰਿਰਾਇ ਸਾਹਿਬ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਤੋਂ ਬਾਅਦ ਉਨ੍ਹਾਂ ਦੇ ਸਪੁੱਤਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਗੁਰਗੱਦੀ 'ਤੇ ਬਿਰਾਜਮਾਨ ਹੋਏ।

ਅਠਵੇਂ ਗੁਰੂ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ 'ਬਾਬਾ ਬਕਾਲੇ' ਦਾ ਐਲਾਨ ਕਰ ਕੇ ਦਿੱਲੀ ਵਿਖੇ ਜੋਤੀ ਜੋਤ ਸਮਾ ਗਏ। ਇੱਧਰ ਬਾਬਾ ਬਕਾਲਾ ਵਿਖੇ ਆਪ ਜੀ ਨੂੰ ਭਾਈ ਮੱਖਣ ਸ਼ਾਹ ਲੁਬਾਣੇ ਨੇ 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ' ਪੁਕਾਰ ਕੇ ਪ੍ਰਗਟ ਕੀਤਾ। ਧੀਰਮੱਲ ਅਤੇ ਸ਼ੀਹਾਂ ਮੁਹੰਮਦ ਦੇ ਵਿਰੋਧਾਂ ਨੂੰ ਆਪ ਜੀ ਨੇ 'ਸ਼ਹਿਣਸ਼ੀਲਤਾ ਨਾਲ ਨਜਿੱਠਿਆ। ਗੁਰਗੱਦੀ ਮਿਲਣ ਉਪਰੰਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਿੱਖ ਪੰਥ ਦੀ ਵਾਗਡੋਰ ਸੰਭਾਲੀ ਅਤੇ

*੨੫, ਫੇਜ਼-੨, ਸਾਹਿਬਜ਼ਾਦਾ ਅਜੀਤ ਸਿੰਘ ਨਗਰ। ਮੋ: +੯੧੯੭੭੯-੧੬੯੦੯

ਇਸ ਨੂੰ ਸਹੀ ਸੇਧ ਦੇਣ ਦੇ ਉਪਰਾਲੇ ਸ਼ੁਰੂ ਕਰ ਦਿੱਤੇ। ਗੁਰੂ ਜੀ ਨੇ ਮਸੰਦਾਂ ਰਾਹੀਂ ਸੁਨੇਹੇ ਭੇਜ ਕੇ ਅਤੇ ਹੁਕਮਨਾਮੇ ਜਾਰੀ ਕਰ ਕੇ ਦੂਰ-ਦੁਰਾਡੇ ਬੈਠੀਆਂ ਸਿੱਖ ਸੰਗਤਾਂ ਨਾਲ ਸੰਪਰਕ ਕਾਇਮ ਕੀਤਾ। ਆਪ ਨੇ ਬਿਲਾਸਪੁਰ ਦੇ ਰਾਜਾ ਦੀਪ ਚੰਦ ਦੀ ਰਾਣੀ (ਮਹਾਰਾਨੀ ਚੰਪਾ) ਤੋਂ ੫੦੦ ਰੁਪਏ ਦੇ ਕੇ ਮਾਖੋਵਾਲ ਦੀ ਧਰਤੀ ਖਰੀਦੀ ਅਤੇ ਏਥੇ ਨਵੀਂ ਵਸੋਂ ਆਬਾਦ ਕੀਤੀ, ਜਿਸ ਦਾ ਨਾਮ ਚੱਕ ਨਾਨਕੀ ਰੱਖਿਆ। ਬਾਅਦ ਵਿਚ ਇਹ ਅਸਥਾਨ ਸ੍ਰੀ ਅਨੰਦਪੁਰ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋਇਆ। ਸੰਗਤਾਂ ਨਾਲ ਨਿੱਜੀ ਸੰਪਰਕ ਕਰਨ ਲਈ ਆਪ ਨੇ ਲੰਮੀ ਯਾਤਰਾ ਕੀਤੀ। ਰੋਪੜ, ਬਨੂੜ, ਰਾਜਪੂਰਾ, ਬਹਾਦਰਗੜ੍ਹ, ਧਮਧਾਨ ਤੋਂ ਹੁੰਦੇ ਹੋਏ ਆਪ ਦਿੱਲੀ ਪੁੱਜੇ। ਇੱਥੋਂ ਮਥੁਰਾ, ਆਗਰਾ, ਕਾਨ੍ਹਪੁਰ, ਫਤਿਹਪੁਰ, ਅਲਾਹਬਾਦ, ਮਿਰਜ਼ਾਪੁਰ ਅਤੇ ਬਨਾਰਸ ਦੀਆਂ ਸੰਗਤਾਂ ਨੂੰ ਦਰਸ਼ਨ ਦਿੱਤੇ। ਸਾਸਾਰਾਮ ਅਤੇ ਬੋਧ ਗਯਾ ਤੋਂ ਪਟਨਾ ਸਾਹਿਬ ਪੁੱਜੇ, ਜਿੱਥੇ ਪਰਵਾਰ ਛੱਡ ਕੇ ਮੰਘੇਰ ਰਾਹੀਂ ਆਪ ਢਾਕਾ ਪੁੱਜੇ। ਇੱਥੇ ਆਪ ਜੀ ਨੂੰ ਖ਼ਬਰ ਮਿਲੀ ਕਿ ਪਟਨਾ ਸਾਹਿਬ ਵਿਖੇ ਬਾਲਕ ਗੋਬਿੰਦ ਰਾਇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਪ੍ਰਕਾਸ਼ ਧਾਰਿਆ ਹੈ।

ਲੰਮੀਆਂ ਯਾਤਰਾਵਾਂ ਰਾਹੀਂ ਦੂਰ-ਦੁਰਾਡੇ ਦੀਆਂ ਸੰਗਤਾਂ ਨਾਲ ਮੇਲ-ਮਿਲਾਪ ਕਾਰਨ ਆਪ ਜੀ ਹਿੰਦੁਸਤਾਨ ਦੇ ਕਈ ਪ੍ਰਦੇਸ਼ਾਂ, ਸ਼ਹਿਰਾਂ ਅਤੇ ਕਸਬਿਆਂ ਵਿਚ ਧਾਰਮਿਕ ਰਹਿਨੁਮਾ ਵਜੋਂ ਉਜਾਗਰ ਹੋ ਗਏ। ਆਮ ਲੋਕ ਮੁਗ਼ਲ ਹਕੂਮਤ ਦੇ ਸਹਿਮ ਵਿਚ ਜੀਅ ਰਹੇ ਸਨ। ਵਿਸ਼ੇਸ਼ ਕਰਕੇ ਜਹਾਂਗੀਰ ਦੇ ਰਾਜ ਕਾਲ ਤੋਂ ਹਿੰਦੂ ਪਰਜਾ ਨੂੰ ਜਬਰਨ ਮੁਸਲਮਾਨ ਬਣਾਉਣ ਦੀ ਪ੍ਰਕਿਰਿਆ ਜ਼ੋਰ ਪਕੜ ਰਹੀ ਸੀ। ਮੁਸਲਮਾਨ ਸ਼ਾਸਕਾਂ ਵਿਚ ਦੂਜੇ ਧਰਮਾਂ ਪ੍ਰਤੀ ਸਹਿਣਸ਼ੀਲਤਾ ਉੱਕਾ ਹੀ ਨਹੀਂ ਸੀ। ਉਹ ਹਰੇਕ ਨਾਗਰਿਕ ਨੂੰ ਮੁਸਲਮਾਨ ਬਣਾਉਣ ਲਈ ਹਰ ਤਰ੍ਹਾਂ ਦੀ ਸਖ਼ਤੀ ਅਤੇ ਜ਼ੁਲਮ ਕਰਨ ਤੋਂ ਵੀ ਸੰਕੋਚ ਨਹੀਂ ਸੀ ਕਰਦੇ। ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ੧੬੬੯ ਈ. ਵਿਚ ਹਿੰਦੂ ਰਈਅਤ ਉੱਪਰ ਮੁੜ ਜਜ਼ੀਆ ਲਾ ਦਿੱਤਾ। ਉਸ ਨੇ ਹਿੰਦੂਆਂ ਦੇ ਸਭ ਮੰਦਰ ਅਤੇ ਪਾਠਸ਼ਾਲਾਵਾਂ ਢਾਹ ਦੇਣ ਦਾ ਹੁਕਮ ਜਾਰੀ ਕੀਤਾ। ਇਸ ਹੁਕਮ ਨੂੰ ਅਮਲੀ ਜਾਮਾ ਦੇਣ ਲਈ ਕਸ਼ਮੀਰ ਵਿਚ ਵਿਸ਼ੇਸ਼ ਤੌਰ ’ਤੇ ਸਖਤੀ ਵਰਤੀ ਗਈ। ਸੰਨ ੧੬੭੪ ਈ. ਵਿਚ ਕਸ਼ਮੀਰ ਦੇ ਗਵਰਨਰ ਇਫਤਖਾਰ ਖਾਨ ਦੇ ਹੁਕਮ ਨਾਲ ਮੁਸਲਮਾਨ ਬਣਨ ਤੋਂ ਨਾਂਹ-ਨੁਕਰ ਕਰਨ ਵਾਲਿਆਂ ਨੂੰ ਬਹੁਤ ਦੁਖ ਅਤੇ ਤਸੀਹੇ ਦੇਣੇ ਸ਼ੁਰੂ ਕੀਤੇ ਗਏ। ਗਰੀਬ ਤੇ ਕਮਜ਼ੋਰ ਲੋਕਾਂ ਪਾਸ ਕੋਈ ਚਾਰਾ ਨਹੀਂ ਸੀ, ਉਹ ਮਜ਼ਬੂਰਨ ਮੁਸਲਮਾਨ ਬਣਨ ਲੱਗ ਪਏ। ਕਸ਼ਮੀਰ ਦੇ ਪੰਡਤ ਇਸ ਦਸ਼ਾ ਤੋਂ ਬਹੁਤ ਪ੍ਰੇਸ਼ਾਨ ਹੋਏ। ਉਨ੍ਹਾਂ ਨੇ ਇਸ ਮੁਸੀਬਤ ਤੋਂ ਬਚਨ ਲਈ ਸਲਾਹ ਮਸ਼ਵਰਾ ਕੀਤਾ। ਆਖਰ ਬ੍ਰਾਹਮਣ ਵਰਗ ਦਾ ਇਕ ਜਥਾ ਮਟਨ ਨਿਵਾਸੀ ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਵਿਚ ੧੬੭੫ ਈ. ਨੂੰ ਚੱਕ ਨਾਨਕੀ (ਸ੍ਰੀ ਅਨੰਦਪੁਰ ਸਾਹਿਬ) ਪੁੱਜਿਆ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਾਰੀ ਦੁਖ ਭਰੀ ਵਿਥਿਆ ਦੱਸੀ ਅਤੇ ਬਹੁੜੀ ਕਰਨ ਲਈ ਬੇਨਤੀ ਕੀਤੀ। ਪੰਡਿਤ ਕ੍ਰਿਪਾ ਰਾਮ ਤੋਂ ਦੁਖ ਭਰੀ ਵਾਰਤਾ ਸੁਣ ਕੇ ਗੁਰੂ ਮਹਾਰਾਜ ਗੰਭੀਰ ਹੋ ਗਏ ਅਤੇ ਸੋਚਣ ਲੱਗੇ ਕਿ ਇਸ ਜ਼ੁਲਮ ਨੂੰ ਕਿਵੇਂ ਠਲ੍ਹ ਪਾਈ ਜਾਵੇ? ਆਪ ਜੀ ਅੰਤਰ-ਧਿਆਨ ਹੋ ਕੇ ਸੋਚ ਹੀ ਰਹੇ ਸੀ ਕਿ ਹੋਣਹਾਰ ਬਾਲਕ ਗੋਬਿੰਦ ਰਾਇ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ), ਜਿਨ੍ਹਾਂ ਦੀ ਆਯੂ ਉਸ ਸਮੇਂ ੯ ਵਰ੍ਹੇ ਦੱਸੀ ਜਾਂਦੀ ਹੈ, ਪਿਤਾ-ਗੁਰੂ ਪਾਸ ਆ

ਪਹੁੰਚੇ। ਪਿਤਾ ਜੀ ਨੂੰ ਗੰਭੀਰਤਾ ਦਾ ਕਾਰਨ ਪੁੱਛਿਆ। ਗੁਰੂ ਜੀ ਨੇ ਬਾਲਕ ਨੂੰ ਪਿਆਰ ਕੀਤਾ, ਪਾਸ ਬਿਠਾਇਆ ਅਤੇ ਕਸ਼ਮੀਰੀ ਪੰਡਤਾਂ ਦੀ ਦੁੱਖ ਭਰੀ ਕਹਾਣੀ ਦੱਸੀ ਅਤੇ ਇਹ ਕਿਹਾ ਕਿ ਇਸ ਜ਼ੁਲਮ ਨੂੰ ਕਿਸੇ ਮਹਾਨ ਆਤਮਾ ਦੀ ਕੁਰਬਾਨੀ ਹੀ ਰੋਕ ਸਕਦੀ ਹੈ। ਬਾਲ ਗੋਬਿੰਦ ਰਾਇ ਨੇ ਸਹਿਜ ਸੁਭਾਅ ਹੀ ਕਿਹਾ ਕਿ ਆਪ ਜੀ ਤੋਂ ਬਿਨਾ ਮਹਾਨ ਆਤਮਾ ਹੋਰ ਕੌਣ ਹੋ ਸਕਦੀ ਹੈ? ਗੁਰੂ ਜੀ ਇਹ ਉੱਤਰ ਸੁਣ ਕੇ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਨੂੰ ਤਸੱਲੀ ਹੋ ਗਈ ਕਿ ਗੋਬਿੰਦ ਰਾਇ ਸਿੱਖ ਪੰਥ ਦੀ ਅਗਵਾਈ ਕਰਨ ਦੇ ਯੋਗ ਹੋ ਗਏ ਹਨ। ਉਨ੍ਹਾਂ ਨੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਉਹ ਵਾਪਸ ਕਸ਼ਮੀਰ ਪਰਤ ਜਾਣ ਅਤੇ ਗਵਰਨਰ ਨੂੰ ਕਹਿ ਦੇਣ ਕਿ ਜੇਕਰ ਉਹ ਗੁਰੂ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲੈਣ ਤਾਂ ਅਸੀਂ ਸਾਰੇ ਮੁਸਲਮਾਨ ਬਣ ਜਾਵਾਂਗੇ।

ਗਵਰਨਰ ਨੇ ਜਦੋਂ ਔਰੰਗਜ਼ੇਬ ਨੂੰ ਇਹ ਸੁਨੇਹਾ ਭੇਜਿਆ ਤਾਂ ਉਸ ਨੇ ਤੁਰੰਤ ਗੁਰੂ ਤੇਗ ਬਹਾਦਰ ਜੀ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ ਅਤੇ ਸ੍ਰੀ ਅਨੰਦਪੁਰ ਸਾਹਿਬ ਵੱਲ ਸਿਪਾਹੀ ਭੇਜ ਦਿੱਤੇ। ਸਿਪਾਹੀਆਂ ਦੇ ਪੁੱਜਣ ਤੋਂ ਪਹਿਲਾਂ ਹੀ ਗੁਰੂ ਜੀ ਨੇ ਦਿੱਲੀ ਵਲ ਯਾਤਰਾ ਸ਼ੁਰੂ ਕਰ ਦਿੱਤੀ ਤਾਂ ਕਿ ਥਾਂ ਪਰ ਥਾਂ ਜਾ ਕੇ ਰਸਤੇ ਦੀਆਂ ਸੰਗਤਾਂ ਨੂੰ ਹੋ ਰਹੇ ਅੱਤਿਆਚਾਰਾਂ ਤੋਂ ਜਾਣੂ ਕਰਵਾਇਆ ਜਾਵੇ।

ਨਵੰਬਰ, ੧੬੭੫ ਈ. ਨੂੰ ਗੁਰੂ ਜੀ ਦਿੱਲੀ ਪੁੱਜੇ। ਇੱਥੇ ਆਪ ਨੂੰ ਸੰਗਲਾਂ ਨਾਲ ਜਕੜਿਆ ਗਿਆ ਅਤੇ ਹਰ ਤਰ੍ਹਾਂ ਦਾ ਜ਼ੁਲਮ ਕੀਤਾ ਗਿਆ ਤਾਂ ਕਿ ਆਪ ਇਸਲਾਮ ਵਿਚ ਸ਼ਾਮਲ ਹੋਣਾ ਪ੍ਰਵਾਨ ਕਰ ਲੈਣ ਪਰ ਨਾ ਤਾਂ ਸਰੀਰਕ ਕਸ਼ਟ ਤੇ ਨਾ ਹੀ ਦੁਨਿਆਵੀ ਲਾਲਚ ਆਪ ਨੂੰ ਆਪਣੇ ਇਰਾਦੇ, ਧਰਮ ਅਤੇ ਸੱਚ ਦੇ ਮਾਰਗ ਤੋਂ ਥਿੜਕਾ ਸਕੇ। ਜਦੋਂ ਮੁਗ਼ਲ ਅਧਿਕਾਰੀਆਂ ਦਾ ਕੋਈ ਵੱਸ ਨਾ ਚੱਲਿਆ ਤਾਂ ਆਪ ਜੀ ਨੂੰ ਆਪਣੇ ਧਰਮ ਦੀ ਉੱਚਤਾ ਸਿੱਧ ਕਰਨ ਲਈ ਕਰਾਮਾਤ ਵਿਖਾਉਣ ਲਈ ਕਿਹਾ ਗਿਆ ਪਰ ਆਪ ਨੇ ਅਜਿਹਾ ਕਰਨ ਤੋਂ ਨਾਂਹ ਕਰਦਿਆਂ ਕਿਹਾ ਕਿ ਪਰਮਾਤਮਾ ਦੇ ਹੁਕਮ ਵਿਚ ਮੁਦਾਖਲਤ ਕਰਨੀ ਉਨ੍ਹਾਂ ਦਾ ਅਸੂਲ ਨਹੀਂ। ਜਦੋਂ ਗੁਰੂ ਜੀ ਨੇ ਹਕੂਮਤ ਦੀ ਕੋਈ ਗੱਲ ਨਾ ਮੰਨੀ ਤਾਂ ਆਪ ਜੀ ਨੂੰ ਚਾਂਦਨੀ ਚੌਂਕ ਵਿਖੇ ੧੧ ਨਵੰਬਰ, ਸੰਨ ੧੬੭੫ ਈ. ਨੂੰ ਆਮ ਲੋਕਾਂ ਦੀ ਮੌਜੂਦਗੀ ਵਿਚ ਆਪ ਜੀ ਦਾ ਸੀਸ ਧੜ ਤੋਂ ਅਲਗ ਕਰ ਕੇ ਸ਼ਹੀਦ ਕਰ ਦਿੱਤਾ ਗਿਆ। ਹਕੂਮਤ ਦੀ ਕਰੋਪੀ ਤੋਂ ਡਰਦਿਆਂ ਆਪ ਦੇ ਸਰੀਰ ਦੀ ਸੰਭਾਲ ਲਈ ਕੋਈ ਵੀ ਅੱਗੇ ਨਾ ਆਇਆ। ਪਰੰਤੂ ਹਕੂਮਤ ਦੇ ਸਖਤ ਪਹਿਰੇ ਵਿਚ ਭਾਈ ਲੱਖੀ ਸ਼ਾਹ ਵਣਜਾਰਾ ਅਤੇ ਉਸ ਦਾ ਪੁੱਤਰ ਭਾਈ ਨਗਾਹੀਆ ਆਪਣੇ ਗੱਡੇ ਵਿਚ ਗੁਰੂ ਜੀ ਦਾ ਧੜ ਗੱਡੇ ਵਿਚ ਰੱਖ ਕੇ ਆਪਣੇ ਘਰ ਲੈ ਗਏ। ਮੁਗ਼ਲਾਂ ਦੇ ਭੈ ਕਾਰਨ ਖੁਲ੍ਹੇ ਤੌਰ 'ਤੇ ਸਸਕਾਰ ਕਰਨਾ ਸੰਭਵ ਨਹੀਂ ਸੀ, ਇਸ ਲਈ ਭਾਈ ਲੱਖੀ ਸ਼ਾਹ ਨੇ ਗੁਰੂ ਜੀ ਦਾ ਸਰੀਰ ਘਰ ਦੇ ਅੰਦਰ ਰੱਖ ਕੇ ਘਰ ਨੂੰ ਅੱਗ ਲਾ ਦਿੱਤੀ। ਸਰੀਰ ਦੇ ਸਸਕਾਰ ਦੇ ਨਾਲ ਘਰ ਵੀ ਜਲ ਕੇ ਰਾਖ ਹੋ ਗਿਆ। ਇਸ ਅਸਥਾਨ 'ਤੇ ਗੁਰਦੁਆਰਾ ਰਕਾਬਗੰਜ ਸਾਹਿਬ ਸਥਿਤ ਹੈ ਅਤੇ ਚਾਂਦਨੀ ਚੌਂਕ ਵਿਖੇ, ਜਿੱਥੇ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ, ਉੱਥੇ ਗੁਰਦੁਆਰਾ ਸੀਸ ਗੰਜ ਸਾਹਿਬ ਸੁਸ਼ੋਭਿਤ ਹੈ।

ਸ਼ਹਾਦਤ ਦੇ ਤੁਰੰਤ ਬਾਅਦ ਐਸੀ ਭਗਦੜ ਮੱਚੀ ਜਿਸ ਵਿਚ ਭਾਈ ਜੈਤਾ ਜੀ ਨੇ ਗੁਰੂ

ਜੀ ਦੇ ਸੀਸ ਦੀ ਸੰਭਾਲ ਕੀਤੀ ਅਤੇ ਸਿੱਧਾ ਅਨੰਦਪੁਰ ਸਾਹਿਬ ਵੱਲ ਚਾਲੇ ਪਾ ਦਿੱਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਹਾਦਤ ਦਾ ਸਾਰਾ ਪ੍ਰਸੰਗ ਦੱਸਿਆ ਅਤੇ ਪਿਤਾ ਜੀ ਦਾ ਸੀਸ ਭੇਟ ਕੀਤਾ। ਗੁਰੂ ਜੀ ਨੇ ਸਤਿਕਾਰ ਅਤੇ ਪਿਆਰ ਵਿਚ ਮਸਤਕ ਝੁਕਾਇਆ, ਭਾਈ ਜੈਤਾ ਜੀ ਨੂੰ ਗਲਵਕੜੀ ਵਿਚ ਲੈ ਕੇ ਪਿਆਰ ਕੀਤਾ ਤੇ ਕਿਹਾ, 'ਰੰਗਰੇਟਾ, ਗੁਰੂ ਕਾ ਬੇਟਾ'। ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸੰਗਤਾਂ ਨੇ ਸੀਸ ਦਾ ਸਸਕਾਰ ਕੀਤਾ। ਦਿੱਲੀ ਤੋਂ ਭਾਈ ਲੱਖੀ ਸ਼ਾਹ ਅਤੇ ਹੋਰ ਸੰਗਤ ਵੀ ਪੁੱਜ ਗਈ, ਸਭ ਨੇ ਸ਼ਹੀਦੀ ਦਾ ਦਰਦਨਾਕ ਸਾਕਾ ਗੁਰੂ ਜੀ ਨੂੰ ਸਰਵਣ ਕਰਵਾਇਆ ਤੇ 'ਗੁਰੂ ਤੇਗ ਬਹਾਦਰ, ਹਿੰਦ ਦੀ ਚਾਦਰ' ਕਹਿ ਕੇ ਉਨ੍ਹਾਂ ਦੀ ਜੈ-ਜੈਕਾਰ ਕੀਤੀ। ਇਸ ਸ਼ਹੀਦੀ ਦੀ ਸਾਖ ਭਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਬਾਣੀ 'ਬਚਿਤ੍ਰ ਨਾਟਕ' ਵਿਚ ਲਿਖਦੇ ਹਨ ਕਿ ਹਿੰਦੂ ਧਰਮ ਦੇ ਪ੍ਰਮੁੱਖ ਚਿੰਨ ਤਿਲਕ ਅਤੇ ਜੰਞੂ ਦੀ ਰੱਖਿਆ ਹਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀ ਦਿੱਤੀ, ਜੋ ਕਲਜੁਗ ਦਾ ਇਕ ਮਹਾਨ ਸਾਕਾ ਸੀ (ਇੱਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਗੁਰੂ ਸਾਹਿਬਾਨ ਤਿਲਕ ਜੰਞੂ ਦੇ ਧਾਰਨੀ ਨਹੀਂ ਸਨ, ਅਸਲ ਵਿਚ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਧਾਰਮਿਕ ਅਜ਼ਾਦੀ ਨੂੰ ਬਹਾਲ ਰਖਣ ਹਿੱਤ ਹੋਈ) ਆਪ ਨੇ ਨਿਰਭੈ ਹੋ ਕੇ, ਆਪਣੇ ਧਰਮ ਅਤੇ ਅਸੂਲਾਂ ਤੇ ਦ੍ਰਿੜ੍ਹ ਰਹਿ ਕੇ ਸੀਸ ਦਾ ਬਲੀਦਾਨ ਦਿੱਤਾ। ਇਹ ਮਹਾਨ ਸਾਕਾ ਧਰਮ ਦੀ ਰੱਖਿਆ ਹਿੱਤ ਵਾਪਰਿਆ। ਧਰਮ ਦੀ ਖਾਤਰ ਦਿੱਲੀ ਦੇ ਬਾਦਸ਼ਾਹ ਦੀ ਦਹਿਲੀਜ਼ ਪਰ ਆਪਣੇ ਸਰੀਰ ਦਾ ਠੀਕਰਾ ਫੋੜ ਕੇ ਗੁਰੂ ਜੀ ਨੇ ਐਸੀ ਕਿਰਿਆ ਕੀਤੀ ਜਿਸ ਦੀ ਉਦਾਹਰਨ ਨਹੀਂ ਮਿਲਦੀ। ਅੱਤਿਆਚਾਰ ਦੀ ਇੰਤਹਾ ਦੇਖਦਿਆਂ ਸੰਸਾਰ ਦੇ ਲੋਕਾਂ ਨੇ ਬਹੁਤ ਸ਼ੋਕ ਮਨਾਇਆ:

*ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥*
*ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨ ਉਚਰੀ॥*
*ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰ ਸਿਰਰੁ ਨ ਦੀਆ॥*
*ਨਾਟਕ ਚੇਟਕ ਕੀਏ ਕੁਕਾਜਾ॥ ਪ੍ਰਭ ਲੋਗਨ ਕਹ ਆਵਤ ਲਾਜਾ॥ (ਦਸਮ ਗ੍ਰੰਥ)*

ਇਸ ਸ਼ਹਾਦਤ ਨਾਲ ਇਕ ਪਾਸੇ ਹਿੰਦੂ ਕੌਮ ਵਿਚ ਜਾਗ੍ਰਿਤੀ ਆਈ ਕਿ ਉਨ੍ਹਾਂ ਨੂੰ ਧਰਮ 'ਤੇ ਕਾਇਮ ਰਹਿਣਾ ਚਾਹੀਦਾ ਹੈ ਅਤੇ ਜ਼ੁਲਮ ਨੂੰ ਠੱਲ ਪਾਉਣ ਲਈ ਕੁਰਬਾਣੀ ਕਰਨੀ ਚਾਹੀਦੀ ਹੈ।

ਪਿਤਾ-ਗੁਰੂ ਦੀ ਮਹਾਨ ਸ਼ਹਾਦਤ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਡੂੰਘੀ ਸੋਚ ਵਿਚ ਪਾ ਦਿੱਤਾ ਅਤੇ ਉਹ ਜ਼ੁਲਮ ਦੀ ਰੋਕਥਾਮ ਲਈ ਕਿਸੇ ਮਹਾਨ ਯੋਜਨਾ ਨੂੰ ਸਿਰਜਣ ਅਤੇ ਅਮਲ ਵਿਚ ਲਿਆਉਣ ਲਈ ਗੰਭੀਰ ਹੋ ਗਏ। ੧੬੯੯ ਈ. ਦੀ ਵੈਸਾਖੀ ਨੂੰ ਹੋਈ ਖਾਲਸਾ ਪੰਥ ਦੀ ਸਿਰਜਣਾ ਇਸ ਗੰਭੀਰ ਸੋਚ ਦਾ ਸਿੱਟਾ ਸੀ ਅਤੇ ਇਸ ਸਿਰਜਣਾ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਦੀ ਬਹੁਤ ਵੱਡੀ ਦੇਣ ਹੈ।

■

# ਕਲਗੀਧਰ ਪਾਤਸ਼ਾਹ ਜੀ ਦਾ ਇਲਾਹੀ ਸਰੂਪ

*-ਸ. ਜਸਵੰਤ ਸਿੰਘ**

ਬੇਸ਼ੱਕ ਇਨਸਾਨ ਗੁਰੂ ਦੇ ਰੰਗਾਂ ਨੂੰ ਪੂਰੀ ਤਰ੍ਹਾਂ ਸਮਝ ਨਹੀਂ ਸਕਦਾ ਪਰ ਫਿਰ ਵੀ ਗੁਰੂ ਪਿਆਰਿਆਂ ਅੰਦਰ ਆਪਣੇ ਪਿਆਰੇ ਨੂੰ ਜਾਣਨ ਦੀ ਤਾਂਘ ਜਨਮਾਂ-ਜਨਮਾਂਤਰਾਂ ਤਕ ਰਹਿੰਦੀ ਹੈ। ਗੁਰੂ ਸਾਹਿਬ ਨੂੰ ਇਨਸਾਨੀ ਬੰਦਿਸ਼ਾਂ ਵਿਚ ਬੰਨ੍ਹ ਕੇ ਆਪਣੀ ਛੋਟੀ ਸੁਰਤ ਵਿੱਚੋਂ ਓਸ ਰੱਬੀ ਜਲੌਅ ਬਾਰੇ ਕੁਝ ਕਹਿਣਾ ਬਹੁਤ ਵੱਡੀ ਗੁਸਤਾਖੀ ਹੈ, ਜਿਵੇਂ ਕਿ ਸਿਰਦਾਰ ਕਪੂਰ ਸਿੰਘ ਆਪਣੇ ਲੇਖ 'ਦਸਮੇਸ਼ ਜੀ ਦਾ ਜਲਾਲੀ ਰੂਪ' ਵਿਚ ਲਿਖਦੇ ਹਨ ਕਿ 'ਜੇ ਕੋਈ ਪ੍ਰਤੱਖ ਬਿਜਲੀ ਨੂੰ ਹੱਥ ਨਾਲ ਫੜਨ ਦਾ ਯਤਨ ਕਰੇਗਾ, ਉਹ ਭਸਮ ਤਾਂ ਹੋ ਸਕਦਾ ਹੈ, ਪਰ ਸਫਲ ਨਹੀਂ, ਕਿਉਂ? ਪੁਰਸ਼ੋਤਮ ਗੁਰੂ ਅਵਤਾਰ ਆਪਣੇ ਦਿੱਬ ਜਲਵੇ ਜਲਾਲ ਦੇ ਰੂਪ ਵਿਚ ਅਮਿਤ, ਅਗੋਚਰ, ਮਨ ਬੁੱਧੀ ਦੀ ਪਹੁੰਚ ਤੋਂ ਵਿਮੁਕਤ ਪਰਮ-ਈਸ਼ਵਰ ਸੱਤਾ ਨਾਲ ਅਭੇਦ ਹੁੰਦੇ ਹਨ ਅਤੇ ਉਨ੍ਹਾਂ ਦੇ ਦਰਸ਼ਨ-ਸਿਧਾਂਤ ਦਾ ਅਨੁਭਵ ਅਸੰਭਵ ਹੈ। ਸੋਭਾ ਸਿੰਘ ਵਰਗੇ ਕਈ ਚਿੱਤਰਕਾਰਾਂ ਨੇ ਚਿੱਤਰਾਂ ਰਾਹੀਂ ਦਸਮੇਸ਼ ਜੀ ਦੇ ਸਰੂਪ ਦੇ ਦੀਦਾਰ ਕਰਾਉਣ ਦੀ ਸਲਾਹੁਣਯੋਗ ਕੋਸ਼ਿਸ਼ ਕੀਤੀ ਹੈ ਪਰ ਉਹ ਰੱਬੀ ਨੂਰ ਇਨਸਾਨ ਦੀ ਕਿਸੇ ਕਲਾ ਵਿਚ ਬੰਨ੍ਹਣਾ ਨਾਮੁਮਕਿਨ ਹੈ। ਕਿਉਂਕਿ ਇਨਸਾਨ ਵਿਚ ਇੰਨਾ ਤਾਣ ਨਹੀਂ ਕਿ ਉਹ ਗੁਰੂ ਦੇ ਚਿਹਰੇ ਦੇ ਤੇਜ਼ ਨੂੰ ਮਨੁੱਖੀ ਸਮਝ ਦੀ ਪਕੜ ਵਿਚ ਲਿਆ ਸਕੇ। ਭਾਈ ਵੀਰ ਸਿੰਘ ਜੀ ਵਰਗੇ ਸੰਤ ਕਵੀ ਅਤੇ ਅਨੁਭਵੀ ਪੁਰਸ਼ਾਂ ਨੇ ਹੀ ਦਸਮੇਸ਼ ਜੀ ਦੇ ਜੀਵਨ ਦੇ ਹਵਾਲੇ ਰਾਹੀਂ ਸਾਨੂੰ ਪਿਆਰੇ ਦੇ ਅੰਸ਼ਿਕ ਦੀਦਾਰ ਕਰਵਾਏ ਹਨ।

ਇਸ ਲੇਖ ਦਾ ਵਿਸ਼ਾ ਦਸਵੇਂ ਪਾਤਸ਼ਾਹ ਦੁਆਰਾ ਧਰਤੀ ਉੱਪਰ ਵਰਤਾਏ ਚੋਜਾਂ ਰਾਹੀਂ ਉਨ੍ਹਾਂ ਦੇ ਜੀਵਨ ਦਾ ਝਲਕਾਰਾ ਲੈਣਾ ਹੈ। ਸਿੱਖ ਚੇਤਨਾ ਅੰਦਰ ਗੁਰੂ ਦੇ ਦੀਦਾਰ ਦੀ ਪ੍ਰਤੱਖ ਖਿੱਚ ਰਹਿੰਦੀ ਹੈ। ਇਹ ਪਤਾ ਹੋਣ ਦੇ ਬਾਵਜੂਦ ਵੀ ਕਿ ਗੁਰੂ ਦੇ ਰੰਗ ਡਾਹਢੇ ਹਨ, ਮਨੁੱਖ ਦੀ ਬੁੱਧੀ ਦੀ ਪਕੜ ਵਿਚ ਨਹੀਂ ਆ ਸਕਦੇ ਪਰ ਇਸ ਵਿਰੋਧਾਭਾਸ ਦੇ ਭਾਵਜੂਦ ਵੀ ਉੱਚੀਆਂ ਸੁਰਤਾਂ ਆਪਣੇ ਪ੍ਰੀਤਮ ਦੇ ਦਰਸ਼ਨਾਂ ਲਈ ਯਤਨਸ਼ੀਲ ਰਹਿੰਦੀਆਂ ਹਨ। ਅਜਿਹੀ ਸਥਿਤੀ ਪ੍ਰੋ. ਪੂਰਨ ਸਿੰਘ ਨੇ ਆਪਣੇ ਇਕ ਲੇਖ 'ਕਲਗੀਆਂ ਵਾਲੇ ਦੀ ਛਬੀ' ਵਿਚ ਵੀ ਪੇਸ਼ ਕੀਤੀ ਹੈ, ਜਿਵੇਂ 'ਰੱਬ ਵੀ ਦਸ ਜਾਮੇ ਪਲਟ ਕੇ ਆਪਣੇ ਪੂਰੇ ਦੀਦਾਰ ਕਰਾ ਸਕਿਆ ਹੈ। ਇਕ ਜਾਮੇ ਦੀ ਗੁਪਤ ਪੂਰਣਤਾ ਆਪਣੇ ਸਿੱਖਾਂ ਲਈ ਦਸ ਜਾਮੇ ਬਦਲ-ਬਦਲ ਪੂਰਨ ਕੀਤੀ।

ਦਸਮੇਸ਼ ਜੀ ਦੇ ਸਰੂਪ ਨੂੰ ਸਮਝਣ ਲਈ ਪਹਿਲਾਂ ਆਰੀਆਈ ਅਤੇ ਸਾਮੀ ਧਰਮਾਂ ਦੀ ਸਮਝ ਦੇ ਨਾਲ-ਨਾਲ ਸਾਨੂੰ ਨੌਂ ਜਾਮੇ ਗੁਰੂ ਰੂਪ ਵਿਚ ਧਰਤੀ ਉੱਤੇ ਵਿਚਰਨ ਦੇ ਕੌਤਕਾਂ ਨੂੰ ਵੀ ਚੰਗੀ ਤਰ੍ਹਾਂ ਜਾਣਨਾ ਪਵੇਗਾ। ਲਾਲਾ ਦੌਲਤ ਰਾਇ ਆਪਣੀ ਰਚਨਾ 'ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ' ਦੀ ਭੂਮਿਕਾ ਵਿਚ ਲਿਖਦਾ

**ਲੈਕਚਰਾਰ, ਧਰਮ ਅਧਿਐਨ, ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸਰਹਾਲੀ (ਤਰਨਤਾਰਨ)। ਮੋ: +੯੧੯੪੬੩੦-੯੪੦੧੭*

ਹੈ ਕਿ ਜਦੋਂ ਅਕਾਲ ਪੁਰਖ ਨੇ ਆਪਣੀਆਂ ਸਾਰੀਆਂ ਕਲਾਵਾਂ, ਸਿਆਣਪਾਂ, ਸ਼ਕਤੀਆਂ ਨੂੰ ਇਕ ਜਗ੍ਹਾ ਇਕੱਠਾ ਕੀਤਾਂ ਤਾਂ ਇਕ ਦੈਵੀ ਹਸਤੀ ਤਿਆਰ ਹੋਈ ਜੋ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਹਨ।

ਕਿਸੇ ਵੀ ਧਰਮ ਦੀ ਉਚਾਈ ਤੇ ਆਦਰਸ਼ ਉਸ ਦੇ ਧਰਮ ਗ੍ਰੰਥ ਅਤੇ ਪੈਗ਼ੰਬਰ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ। ਇਤਿਹਾਸ ਦੀ ਲਕੀਰੀ ਧਾਰਾ ਵੀ ਗੁਰੂ/ਪੈਗ਼ੰਬਰ ਦੇ ਦੈਵੀ ਆਦਰਸ਼ ਦੀ ਪ੍ਰਾਪਤੀ ਲਈ ਯਤਨਸ਼ੀਲ ਰਹਿੰਦੀ ਹੈ। ਸਿੱਖ ਪੰਥ ਦੇ ਆਦਰਸ਼ ਸਾਕਾਰ ਰੂਪ ਵਿਚ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹਨ। ਭਾਰਤੀ ਪਰੰਪਰਾ ਦੇ ਦੋ ਮੁੱਖ ਧਰੁਵਾਂ ਆਸਤਿਕ ਤੇ ਨਾਸਤਿਕ ਅਤੇ ਸਾਮੀ ਪਰੰਪਰਾ ਦਾ ਸੱਚ ਬਹੁਤ ਹੀ ਸੂਖਮ ਰਮਜ਼ਾਂ ਰਾਹੀਂ ਸਿੱਖ ਪੰਥ ਵਿਚ ਪ੍ਰਗਟ ਹੁੰਦਾ ਹੈ। ਸਾਮੀ ਧਰਮ-ਪਰੰਪਰਾ ਵਿੱਚੋਂ ਹਜ਼ਰਤ ਮੁਹੰਮਦ ਖਾਤਮੁਲ ਨਬੀ ਮੰਨੇ ਜਾਂਦੇ ਹਨ ਜਦੋਂਕਿ ਧਰਮ ਪਰੰਪਰਾ ਵਿਚ ਕਲਗੀਧਰ ਪਿਤਾ ਵਿਚ ਸਾਰੇ ਧਰਮਾਂ ਦੇ ਪੈਗ਼ੰਬਰ ਜਲਾਲੀ ਰੂਪ ਵਿਚ ਸਮਾਏ ਹੋਏ ਨਜ਼ਰ ਆਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰੀ ਧਰਤੀ ਦੇ ਸਾਂਝੇ ਗੁਰੂ ਹਨ ਕਿਉਂਕਿ ਸਿੱਖ ਪੰਥ ਤੋਂ ਪਹਿਲਾਂ ਹੋ ਚੁੱਕੀਆਂ ਪਰੰਪਰਾਵਾਂ ਬਾਰੇ ਗੁਰਬਾਣੀ ਵਿਚ ਅਜਿਹੇ ਅਨੇਕ ਇਸ਼ਾਰੇ ਮਿਲਦੇ ਹਨ।

ਜਦੋਂ ਦਸਮੇਸ਼ ਜੀ ਦਾ ਪ੍ਰਕਾਸ਼ ਪਟਨਾ ਸਾਹਿਬ ਵਿਖੇ ਹੋਇਆ। ਉਸ ਸਮੇਂ ਇਸਲਾਮ ਧਰਮ ਦੇ ਪੀਰ ਭੀਖਣ ਸ਼ਾਹ ਨੂੰ ਜਦੋਂ ਪਤਾ ਲੱਗਾ ਕਿ ਅੱਲਾਹ ਦਾ ਕੋਈ ਰੂਪ ਧਰਤੀ 'ਤੇ ਪ੍ਰਗਟ ਹੋਇਆ ਹੈ ਤਾਂ ਪੀਰ ਭੀਖਣ ਸ਼ਾਹ ਦਰਸ਼ਨਾਂ ਦੀ ਖਿੱਚ ਕਾਰਨ ਪਟਨਾ ਸਾਹਿਬ ਵੱਲ ਹੋ ਤੁਰੇ। ਬਾਲ ਗੋਬਿੰਦ ਰਾਇ ਦੇ ਜਲੌਅ ਦਾ ਅਨੰਦ ਮਾਣਿਆ ਅਤੇ ਉਨ੍ਹਾਂ ਸਾਹਮਣੇ ਦੋ ਕੁੱਜੇ ਕੀਤੇ ਜੋ ਕਿ ਆਰੀਆਈ ਅਤੇ ਸਾਮੀ ਧਰਮਾਂ ਦੇ ਪ੍ਰਤੀਕ ਸਨ। ਪੀਰ ਭੀਖਣ ਸ਼ਾਹ ਇਹ ਜਾਣਨ ਦੇ ਇਛੁੱਕ ਸਨ ਕਿ ਇਹ ਰੱਬੀ ਅਵਤਾਰ ਕਿਹੜੀ ਪਰੰਪਰਾ ਨੂੰ ਤਾਰੇਗਾ, ਬਾਲ ਗੋਬਿੰਦ ਰਾਇ ਨੇ ਦੋਵਾਂ ਕੁੱਜਿਆਂ ਉੱਪਰ ਆਪਣੇ ਹੱਥ ਰੱਖ ਦਿੱਤੇ। ਜਿਸ ਦਾ ਮਤਲਬ ਸਾਫ ਸੀ ਕਿ ਮਹਾਰਾਜ ਧਰਤੀ ਉੱਪਰ ਦੋਵਾਂ ਧਰਮ-ਪਰੰਪਰਾਵਾਂ ਦੇ ਸੱਚ ਨੂੰ ਨਿਵਾਜਣਗੇ। ਅਜਿਹੀ ਰਮਜ਼ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੇਈਂ ਨਦੀ 'ਚੋਂ ਬਾਹਰ ਨਿਕਲਦਿਆਂ ਕਹੀ ਸੀ 'ਨਾ ਕੋ ਹਿੰਦੂ ਨਾ ਮੁਸਲਮਾਨ'।

ਦਸਮੇਸ਼ ਜੀ ਦੇ ਬਚਪਨ ਦੀ ਇਹ ਸਾਖੀ ਆਧੁਨਿਕ ਧਰਮਾਂ ਦੇ ਸਾਰੇ ਝਗੜੇ ਨਿਬੇੜਨ ਦੀ ਇੱਕੋ-ਇਕ ਔਸ਼ਧੀ ਹੈ। ਅਜਿਹੀਆਂ ਹੋਰ ਵੀ ਅਨੇਕਾਂ ਉਦਾਹਰਨਾਂ ਸਿੱਖ ਗੁਰੂ ਸਾਹਿਬਾਨ ਦੇ ਸਮੇਂ ਸਿੱਖ ਪੰਥ ਵਿੱਚੋਂ ਲਈਆਂ ਜਾ ਸਕਦੀਆਂ ਹਨ। ਜਿਸ ਤੋਂ ਸਾਨੂੰ ਇਹ ਪਤਾ ਲਗਦਾ ਹੈ ਕਿ ਸਿੱਖ ਪੰਥ ਕੋਈ ਧਰਮ ਦੇ ਇਕੱਠ ਵਿੱਚੋਂ ਧਰਮ ਨਹੀਂ ਹੈ ਸਗੋਂ ਅੱਲਾਹ ਦੇ ਘਰ ਜਾਣ ਵਾਲਾ ਉਹ ਗਾਡੀਰਾਹ ਹੈ ਜੋ ਕਿ ਸਾਰੇ ਵਿਸ਼ਵ ਦਾ ਮਾਰਗ-ਦਰਸ਼ਕ ਬਣੇਗਾ।

ਦਸਮ ਪਿਤਾ ਦੇ ਜੀਵਨ ਉੱਪਰ ਅਨੇਕਾਂ ਲਿਖਾਰੀਆਂ ਨੇ ਹੁਣ ਤਕ ਆਪੋ-ਆਪਣੀ ਬੁੱਧੀ ਅਨੁਸਾਰ ਕਲਮ ਚਲਾਈ। ਪਰ ਜ਼ਿਆਦਾਤਰ ਲਿਖਾਰੀਆਂ ਨੇ ਮਹਾਰਾਜ ਦਾ ਦੈਵੀ ਰੂਪ ਵਿਖਾਉਣ ਦੀ ਥਾਂ ਉਨ੍ਹਾਂ ਨੂੰ ਇਕ ਜੰਗਜੂ ਦੇ ਰੂਪ ਵਿਚ ਜ਼ਿਆਦਾ ਉਤਾਰਿਆ। ਪਾਤਸ਼ਾਹ ਦੀਆਂ ਜੰਗਾਂ ਵੀ ਅਧਿਆਤਮਿਕਤਾ ਦਾ ਇਕ

ਪ੍ਰਚੰਡ ਰੂਪ ਹੈ ਪਰ ਜ਼ਿਆਦਾਤਰ ਇਨ੍ਹਾਂ ਜੰਗਾਂ ਨੂੰ ਅਸਤਿਤਵੀ ਜੀਵਨ ਦੀ ਕਠੋਰਤਾ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ

ਮਹਾਰਾਜ ਜੀ ਵੱਲੋਂ ਖਾਲਸੇ ਦਾ ਪ੍ਰਗਟ ਕਰਨਾ ਇਕ ਅਲੌਕਿਕ ਨਜ਼ਾਰਾ ਹੈ ਜੋ ਕਿ ਧਰਤੀ ਉੱਪਰ ਇਕ ਸੰਪੂਰਨ ਅਤੇ ਆਦਰਸ਼ਕ ਮਨੁੱਖ ਹੈ, ਜਿਸ ਦੀ ਕਿ ਧਰਤੀ ਨੂੰ ਆਦਿ ਤੋਂ ਹੀ ਤਲਾਸ਼ ਸੀ। ੧੬੯੯ ਈ. ਦੀ ਵੈਸਾਖੀ ਨੂੰ ਖਾਲਸਾ ਸਾਜ ਕੇ ਉਸ ਨੂੰ ਅੰਮ੍ਰਿਤ ਛਕਾਇਆ ਅਤੇ ਆਪ ਵੀ ਗੁਰੂ ਜੀ ਨੇ ਉਨ੍ਹਾਂ ਤੋਂ ਅੰਮ੍ਰਿਤ-ਪਾਨ ਕੀਤਾ:

*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥*

ਗੁਰੂ ਜੀ ਨੇ ਖਾਲਸੇ ਤੋਂ ਆਪਣਾ ਸਭ ਕੁਝ ਕੁਰਬਾਨ ਕੀਤਾ ਅਤੇ ਉਸ ਨੂੰ ਆਪਣੇ ਤੋਂ ਵੀ ਉੱਚਾ ਮੰਨਿਆ:

*-ਖਾਲਸਾ ਮੇਰੋ ਰੂਪ ਹੈ ਖਾਸ॥*

*-ਖਾਲਸਾ ਮੇਰੋ ਸਤਿਗੁਰ ਪੂਰਾ॥*

ਦਸਮੇਸ਼ ਜੀ ਨੇ ਜਾਪੁ ਸਾਹਿਬ, ਅਕਾਲ ਉਸਤਤਿ ਅਤੇ ਹੋਰ ਅਮੋਲਕ ਬਾਣੀਆਂ ਦੀ ਬਖ਼ਸ਼ਿਸ਼ ਖਾਲਸੇ ਨੂੰ ਕੀਤੀ। ਗੁਰੂ ਜੀ ਨੇ ਸੰਸਾਰ ਦੇ ਸਾਹਿਤ ਨੂੰ ਹੋਰ ਅਮੀਰ ਬਣਾਉਣ ਲਈ ਏਕ ਅਛਰੀ ਵਰਗੇ ਛੰਦ ਵਰਤੇ ਜੋ ਕਿ ਪਹਿਲਾਂ ਕਦੇ ਨਹੀਂ ਵਰਤੇ ਗਏ ਸਨ। ਇਕ ਅੱਖਰ ਰਾਹੀਂ ਉਸ ਅਕਾਲ ਪੁਰਖ ਦੀ ਵਡਿਆਈ ਜੋ ਕਿ ਸਾਰੀਆਂ ਵਡਿਆਈਆਂ ਤੋਂ ਪਾਰ ਹੈ। ਆਪ ਦੇ ਦਰਬਾਰ ਵਿਚ ੫੨ ਕਵੀ ਸਨ ਜੋ ਕਿ ਵੱਖ-ਵੱਖ ਪੱਖਾਂ ਤੋਂ ਸਾਹਿਤ ਰਚ ਕੇ ਆਪ ਦੀ ਸੇਵਾ ਕਰਦੇ ਸਨ। ਸੰਸਾਰ ਵਿਚ ਚੱਲ ਰਹੀ ਗਿਆਨ ਪਰੰਪਰਾ ਰਾਹੀਂ ਮਾਲਕ ਨੂੰ ਜਾਣਨ ਦੀ ਇੱਛਾ ਮੁੱਢ ਤੋਂ ਹੀ ਇਨਸਾਨ ਅੰਦਰ ਪਈ ਹੈ, ਇਕੱਲੇ ਗਿਆਨ ਕਾਰਨ ਪੈਦਾ ਹੋਈ ਹੰਕਾਰੀ ਬਿਰਤੀ ਜੋ ਕਿ ਸਿੱਖ ਪੰਥ ਤੋਂ ਪਹਿਲਾਂ ਕਰਮ-ਕਾਂਡੀ ਬ੍ਰਾਹਮਣਾਂ ਅਤੇ ਕਾਜ਼ੀਆਂ ਦੀ ਸੀ, ਇਸ ਬਿਰਤੀ ਨੂੰ ਦੂਰ ਕਰਨ ਲਈ ਆਪ ਨੇ ਸੇਵਾ ਦੇ ਗੁਣ ਨੂੰ ਵੀ ਪੰਥ ਵਿਚ ਪ੍ਰਪੱਕ ਕੀਤਾ। ਜੋ ਕਿ ਭਾਈ ਘਨੱਈਆ ਜੀ ਰਾਹੀਂ ਪ੍ਰਗਟ ਹੁੰਦਾ ਹੈ। ਉਨ੍ਹਾਂ ਤੋਂ ਬਾਅਦ ਇਹ ਸੇਵਾ ਪੰਥੀਆਂ ਦੀ ਪਰੰਪਰਾ ਚੱਲੀ ਜੋ ਹੁਣ ਤਕ ਕਾਇਮ ਹੈ। ਰੈੱਡ ਕਰਾਸ ਦੇ ਜਨਮ ਤੋਂ ਪਹਿਲਾਂ ਹੀ ਮਹਾਰਾਜ ਜੀ ਨੇ ਐਸੀ ਮਹਾਨ ਸੰਸਥਾ ਦਾ ਮੁੱਢ ਇਸ ਪਰੰਪਰਾ ਰਾਹੀਂ ਹੀ ਬੰਨ੍ਹਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਸ਼ੁਰੂ ਕੀਤੀ ਰਬਾਬ ਰਾਹੀਂ ਕੀਰਤਨ ਦੀ ਪਰੰਪਰਾ, ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਰੰਦੇ ਰਾਹੀਂ, ਛੇਵੇਂ ਪਾਤਸ਼ਾਹ ਨੇ ਢਾਡੀ ਵਾਰਾਂ ਰਾਹੀਂ, ਦਸਵੇਂ ਪਾਤਸ਼ਾਹ ਨੇ ਤਾਊਸ ਰਾਹੀਂ ਪੂਰਿਆਂ ਕੀਤਾ। ਆਪ ਤਾਊਸ ਰਾਹੀਂ, ਸਿੱਖ ਸੰਗਤਾਂ ਵਿਚ ਕੀਰਤਨ ਕਰਦੇ ਸਨ। ਅਜਿਹੀਆਂ ਅਨੇਕਾਂ ਉਦਾਹਰਨਾਂ ਆਪ ਦੇ ਜੀਵਨ ਵਿੱਚੋਂ ਮਿਲਦੀਆਂ ਹਨ।

ਦੱਖਣ ਦੀ ਧਰਤੀ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਸੌਂਪਣਾ ਗੁਰੂ ਜੀ ਦੁਆਰਾ ਉਸ ਧਰਤੀ ਨੂੰ ਕੋਈ ਬਖਸ਼ਿਸ਼ ਹੀ ਮਿਲੀ ਹੈ।

ਸਾਨੂੰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦੈਵੀ ਰੂਪ ਮਨੁੱਖਤਾ ਸਾਹਮਣੇ ਪ੍ਰਚਾਰਨ ਦੀ ਲੋੜ ਹੈ, ਜਿਸ ਵਿਚ ਸਾਰੇ ਧਰਮਾਂ ਦੀ ਸੰਪੂਰਨਤਾ ਪੇਸ਼ ਹੁੰਦੀ ਹੈ। ■

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਭਗਤੀ ਦਾ ਸੰਕਲਪ

*-ਡਾ. ਪਰਮਜੀਤ ਕੌਰ**

ਪਰਮਾਤਮਾ ਦੀ ਭਗਤੀ ਜੀਵਨ ਨੂੰ ਪਵਿੱਤਰ ਕਰਨ ਵਾਲੀ ਅਨੋਖੀ ਦਾਤ ਹੈ:

*ਸਭੁ ਮੋਹੁ ਮਾਇਆ ਸਰੀਰੁ ਹਰਿ ਕੀਆ ਵਿਚਿ ਦੇਹੀ ਮਾਨੁਖ ਭਗਤਿ ਕਰਾਈ॥*
*(ਪੰਨਾ ੭੩੫)*

ਵਿਕਾਰਾਂ ਦੇ ਜ਼ਹਿਰ ਨਾਲ ਭਰੇ ਹੋਏ ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਲਈ ਪ੍ਰਭੂ ਦੀ ਭਗਤੀ ਮਾਨੋ ਜਹਾਜ਼ ਹੈ। ਭਗਤੀ ਤੋਂ ਬਿਨਾ ਮਨ ਦੀ ਭਟਕਨਾ, ਦੁਬਿਧਾ ਦੂਰ ਨਹੀਂ ਹੁੰਦੀ:

*-ਵਿਣੁ ਭਗਤੀ ਘਰਿ ਵਾਸੁ ਨ ਹੋਵੀ ਸੁਣਿਅਹੁ ਲੋਕ ਸਬਾਏ॥ (ਪੰਨਾ ੬੮੯)*
*-ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ॥ (ਪੰਨਾ ੮੩੦)*

ਸਤਿਗੁਰੂ ਜੀ ਦੇ ਉਪਦੇਸ਼ ਤੋਂ ਪਤਾ ਚਲਦਾ ਹੈ ਕਿ ਭਗਤੀ ਕੀ ਹੈ:

*ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ॥ (ਪੰਨਾ ੨੨)*

ਸੱਚੀ ਭਗਤੀ ਰਾਹੀਂ ਮਨੁੱਖ ਹਰ ਵੇਲੇ ਅਕਾਲ ਪੁਰਖ ਦੇ ਪ੍ਰੇਮ ਰੰਗ ਵਿਚ ਰੰਗਿਆ ਰਹਿੰਦਾ ਹੈ, ਪ੍ਰਭੂ ਮਿਲਾਪ ਲਈ ਲੋਚਦਾ ਹੈ। ਭਗਤੀ ਦੇ ਕਈ ਤਰੀਕੇ ਵੇਖੇ ਜਾਂਦੇ ਹਨ। ਅਨੇਕਾਂ ਹੀ ਲੋਕ ਤਰ੍ਹਾਂ-ਤਰ੍ਹਾਂ ਦੇ ਧਾਰਮਿਕ ਪਹਿਰਾਵੇ ਅਤੇ ਕਰਮ-ਕਾਂਡਾਂ ਦਾ ਆਸਰਾ ਲੈਂਦੇ ਹਨ। ਘਰ ਛੱਡ ਕੇ ਵਣਾਂ ਵਿਚ ਰਹਿਣਾ ਸ਼ੁਰੂ ਕਰ ਦੇਂਦੇ ਹਨ। ਕਈ ਠੰਡੇ ਪਾਣੀ ਵਿਚ ਬੈਠਦੇ ਹਨ ਜਾਂ ਪਿੰਡੇ 'ਤੇ ਸੁਆਹ ਮਲ ਲੈਂਦੇ ਹਨ। ਜਟਾਵਾਂ ਵਧਾਂਦੇ ਹਨ। ਕਈ ਦੇਵੀ-ਦੇਵਤਿਆਂ ਨੂੰ ਪੂਜਦੇ ਹਨ। ਪਰ ਇਨ੍ਹਾਂ ਨਾਲ ਅਕਾਲ ਪੁਰਖ ਦੀ ਨੇੜ੍ਹਤਾ ਪ੍ਰਾਪਤ ਨਹੀਂ ਹੁੰਦੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿਚ ਪਖੰਡ ਅਤੇ ਕਰਮ-ਕਾਂਡਾਂ ਦੀ ਵਿਸ਼ੇਸ਼ ਰੂਪ ਵਿਚ ਨਿਖੇਧੀ ਕੀਤੀ ਹੈ। ਗੁਰੂ ਜੀ ਨੇ ਗੁਰਸਿੱਖਾਂ ਨੂੰ ਇਕ ਪਰਮਾਤਮਾ ਦੀ ਹੀ ਅਰਾਧਨ ਕਰਨ ਦੀ ਤਾਕੀਦ ਕੀਤੀ ਹੈ:

*ਭਜੋ ਹਰੀ॥ ਥਪੋ ਹਰੀ॥ ਤਪੋ ਹਰੀ॥ ਜਪੋ ਹਰੀ॥ (ਅਕਾਲ ਉਸਤਤ)*

ਪਰਮਾਤਮਾ ਦੇ ਨਾਮ ਦਾ ਸਿਮਰਨ ਹੀ ਅਸਲ ਕਰਮ, ਜਪ-ਤਪ ਅਤੇ ਪੂਜਾ ਹੈ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਅਕਾਲ ਪੁਰਖ ਤੋਂ ਬਿਨਾ ਦੁਨੀਆ ਨੂੰ ਬਣਾਉਣ ਵਾਲਾ ਹੋਰ ਕੋਈ ਨਹੀਂ ਹੈ *ਬਿਨੁ ਕਰਤਾਰ ਨ ਕਿਰਤਮ ਮਾਨੋ॥* ਪਰਮਾਤਮਾ

**ਮਕਾਨ ਨੰ-੬੨੦, ਗਲੀ ਨੰ-੧, ਛੋਟੀ ਲਾਇਨ, ਸੰਤ ਪੁਰਾ, ਯਮੁਨਾ ਨਗਰ, ਹਰਿਆਣਾ-੧੩੫੦੦੧*
*ਮੋ: +੯੧੯੮੧੨੩-੫੮੧੮੬*

ਨੂੰ ਛੱਡ ਕੇ ਹੋਰਨਾਂ ਦੇਵੀ-ਦੇਵਤਿਆਂ ਦੀ ਪੂਜਾ ਕਰਨੀ ਵਿਅਰਥ ਹੈ। ਇਨ੍ਹਾਂ ਤੋਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਫੁਰਮਾਨ ਹੈ

*ਮੈਂ ਨ ਗਨੇਸਹਿ ਪ੍ਰਿਥਮ ਮਨਾਊਂ॥ ਕਿਸਨ ਬਿਸਨ ਕਬਹੂੰ ਨਹਿ ਧਿਆਊਂ॥*
*ਕਾਨਿ ਸੁਨੇ ਪਹਿਚਾਨ ਨ ਤਿਨ ਸੋ॥ ਲਿਵ ਲਾਗੀ ਮੋਰੀ ਪਗ ਇਨ ਸੋ॥*

*(ਦਸਮ ਗ੍ਰੰਥ)*

ਦੇਵੀ-ਦੇਵਤੇ, ਦੇਹਧਾਰੀ ਗੁਰੂਆਂ, ਮੜੀ ਮਸਾਣ, ਬੁੱਤਾਂ ਆਦਿਕ ਦੀ ਪੂਜਾ ਗੁਰਮਤਿ ਵਿਚ ਵਰਜਿਤ ਹੈ। ਇਹ ਸਾਰੀਆਂ ਹੀ ਕੂੜ ਕ੍ਰਿਆਵਾਂ ਹਨ:

*ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗ ਗਰੇ ਲਟਕਾਇਓ॥*
*ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸੁ ਨਿਵਾਇਓ॥*
*ਕੋਉ ਬੁਤਾਨ ਕੋ ਪੂਜਤ ਹੈ ਪਸੁ ਕੋਉ ਮ੍ਰਿਤਾਨ ਕੋ ਪੂਜਨ ਧਾਇਓ॥*
*ਕੂਰ ਕ੍ਰਿਆ ਉਰਝਿਓ ਸਭਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥*

*(ਤ੍ਵ ਪ੍ਰਸਾਦਿ ਸਵੱਯੇ)*

ਅਸਲ ਵਿਚ ਪਰਮਾਤਮਾ ਪੱਥਰ ਆਦਿਕ ਵਿਚ ਨਹੀਂ ਹੈ। ਉਹ ਤਾਂ ਸਰਬ ਵਿਆਪਕ ਹੈ:

*ਜਲੇ ਹਰੀ॥ ਥਲੇ ਹਰੀ॥ ਉਰੇ ਹਰੀ॥ ਬਨੇ ਹਰੀ॥੧॥੫੧॥*
*ਗਿਰੇ ਹਰੀ॥ ਗੁਫੇ ਹਰੀ॥ ਛਿਤੇ ਹਰੀ॥ ਨਭੇ ਹਰੀ॥੨॥੫੨॥*
*ਈਹਾਂ ਹਰੀ॥ ਊਹਾਂ ਹਰੀ॥ ਜਿਮੀ ਹਰੀ॥ ਜਮਾ ਹਰੀ॥*

*(ਅਕਾਲ ਉਸਤਤ)*

ਗੁਰੂ ਜੀ ਮਨੁੱਖ ਨੂੰ ਵਿਸਥਾਰ ਨਾਲ ਸਮਝਾਉਂਦੇ ਹਨ ਕਿ ਤੂੰ ਕਿਉਂ ਪੱਥਰਾਂ ਨੂੰ ਪੂਜਦਾ ਫਿਰਦਾ ਹੈ? ਉਸ ਇਕ ਅਕਾਲ ਪੁਰਖ ਦੀ ਅਰਾਧਨਾ ਕਰ, ਜਿਸ ਦੀ ਅਰਾਧਨਾ ਕਰਨ ਨਾਲ ਸਾਰੇ ਪਾਪ ਦੂਰ ਹੋ ਜਾਂਦੇ ਹਨ। ਜਿਤਨੇ ਆਧਿਆਂ ਬਿਆਧਿਆਂ ਦੇ ਬੰਧਨ ਹਨ, ਸਾਰੇ ਦੂਰ ਹੋ ਜਾਂਦੇ ਹਨ। ਇਨ੍ਹਾਂ ਫੋਕਟ ਧਰਮਾਂ-ਕਰਮਾਂ ਨਾਲ ਫਲ ਦੀ ਪ੍ਰਾਪਤੀ ਨਹੀਂ ਹੋਵੇਗੀ:

*ਕਾਹੇ ਕਉ ਪੂਜਤ ਪਾਹਨ ਕਉ ਕਛੁ ਪਾਹਨ ਮੈਂ ਪਰਮੇਸਰ ਨਾਹੀਂ॥*
*ਤਾਹੀ ਕੋ ਪੂਜ ਪ੍ਰਭੂ ਕਰਿ ਕੈ ਜਿਹ ਪੂਜਤ ਹੀ ਅਘ ਓਘ ਮਿਟਾਹੀ॥*
*ਆਧਿ ਬਿਆਧਿ ਕੇ ਬੰਧਨ ਜੇਤਕ ਨਾਮ ਕੇ ਲੇਤ ਸਬੈ ਛੁਟਿ ਜਾਹੀ॥*
*ਤਾਹੀ ਕੋ ਧਯਾਨੁ ਪ੍ਰਮਾਨ ਸਦਾ ਇਨ ਫੋਕਟ ਧਰਮ ਕਰੇ ਫਲੁ ਨਾਹੀਂ॥*

*(ਤੇਤੀ ਸਵੱਯੇ)*

ਜੋਗੀ ਜਾਂ ਬੈਰਾਗੀ ਦਾ ਭੇਖ ਧਾਰਨ ਕਰਨ ਵਾਲੇ ਅਤੇ ਪਿੰਡੇ 'ਤੇ ਸੁਆਹ ਆਦਿਕ ਮਲਣ ਵਾਲੇ ਕਰਮ-ਕਾਂਡੀਆਂ ਨੂੰ ਸਮਝਾਉਂਦੇ ਹੋਏ ਗੁਰੂ ਜੀ ਫੁਰਮਾਉਂਦੇ ਹਨ ਕਿ ਜੇਕਰ ਪਿੰਡੇ 'ਤੇ ਸੁਆਹ ਮਲਣਾ, ਮਸਾਣਾਂ 'ਤੇ ਜਾ ਕੇ ਰਹਿਣਾ, ਮੱਠਾਂ ਵਿਚ

ਵੱਸਣਾ, ਉਦਾਸ ਰਹਿਣਾ ਆਦਿਕ ਭਗਤੀ ਹੈ ਜਾਂ ਪਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਹੈ, ਤਾਂ ਖੋਤਾ ਸੁਆਹ ਵਿਚ ਲੇਟਦਾ ਹੈ, ਗਿੱਦੜ ਮਸਾਣਾਂ ਵਿਚ ਰਹਿੰਦਾ ਹੈ, ਉੱਲੂ ਮੱਠਾਂ ਵਿਚ ਵੱਸਦਾ ਹੈ, ਹਿਰਨ ਸਦਾ ਉਦਾਸ ਰਹਿੰਦਾ ਹੈ। ਇਹ ਇਕ ਪਰਮਾਤਮਾ ਦੇ ਗਿਆਨ ਤੋਂ ਬਿਨਾ ਕਿਵੇਂ ਤਰ ਸਕਦੇ ਹਨ:

*ਖੂਕ ਮਲਹਾਰੀ ਗਜ ਗਦਹਾ ਬਿਭੂਤਧਾਰੀ*
*ਗਿਦੂਆ ਮਸਾਨ ਬਾਸ ਕਰਿਓ ਈ ਕਰਤ ਹੈਂ॥*
*ਘੁਘੂ ਮਟ ਬਾਸੀ ਲਗੇ ਡੋਲਤ ਉਦਾਸੀ*
*ਮ੍ਰਿਗ ਤਰਵਰ ਸਦੀਵ ਮੋਨ ਸਾਧੇ ਈ ਮਰਤ ਹੈਂ॥*
*ਬਿੰਦ ਕੇ ਸਧੱਯਾ ਤਾਹਿ ਹੀਜ ਕੀ ਬਡੱਯਾ ਦੇਤ*
*ਬੰਦਰਾ ਸਦੀਵ ਪਾਇ ਨਾਗੇ ਹੀ ਫਿਰਤ ਹੈਂ॥*
*ਅੰਗਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ*
*ਏਕ ਗਿਆਨ ਕੇ ਬਿਹੀਨ ਛੀਨ ਕੈਸੇ ਕੈ ਤਰਤ ਹੈਂ॥* *(ਅਕਾਲ ਉਸਤਤ)*

ਜਿਹੜੇ ਜੋਗੀ ਜਾਂ ਬੈਰਾਗੀ ਦਾ ਭੇਖ ਤਾਂ ਧਾਰਨ ਕਰ ਲੈਂਦੇ ਹਨ ਪਰ ਮਨ ਨੂੰ ਜਿੱਤ ਨਹੀਂ ਸਕਦੇ। ਮਨ ਫਿਰ ਵੀ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੇ ਵੱਸ ਵਿਚ ਰਹਿੰਦਾ ਹੈ। ਮਨ ਦੀਆਂ ਕਾਮਨਾਵਾਂ ਖਤਮ ਨਹੀਂ ਹੁੰਦੀਆਂ। ਸਦਾ ਤ੍ਰਿਸ਼ਨਾ ਸਤਾਉਂਦੀ ਰਹਿੰਦੀ ਹੈ। ਗੁਣਹੀਣ ਹੋਣ ਕਰਕੇ ਦੂਜਿਆਂ ਨੂੰ ਦੁੱਖ ਦੇਂਦੇ ਹਨ। ਉਹ ਪ੍ਰਭੂ ਦੇ ਪ੍ਰੇਮ ਦੇ ਪਾਤਰ ਨਹੀਂ ਬਣ ਸਕਦੇ:

*ਜੈਸੇ ਏਕ ਸ੍ਵਾਂਗੀ ਕਹੂੰ ਜੋਗੀਆ ਬੈਰਾਗੀ ਬਨੈ*
*ਕਬਹੂੰ ਸਨਿਆਸ ਭੇਸ ਬਨ ਕੈ ਦਿਖਾਵਈ॥*
*ਕਹੂੰ ਪਉਨਹਾਰੀ ਕਹੂੰ ਬੈਠੇ ਲਾਇ ਤਾਰੀ*
*ਕਹੂੰ ਲੋਭ ਕੀ ਖੁਮਾਰੀ ਸੌਂ ਅਨੇਕ ਗੁਨ ਗਾਵਈ॥*
*ਕਹੂੰ ਬ੍ਰਹਮਚਾਰੀ ਕਹੂੰ ਹਾਥ ਪੈ ਲਗਾਵੈ ਬਾਰੀ*
*ਕਹੂੰ ਡੰਡ ਧਾਰੀ ਹੁਇ ਕੈ ਲੋਗਨ ਭ੍ਰਮਾਵਈ॥*
*ਕਾਮਨਾ ਅਧੀਨ ਪਰਿਓ ਨਾਚਤ ਹੈ ਨਾਚਨ ਸੋਂ*
*ਗਿਆਨ ਕੇ ਬਿਹੀਨ ਕੈਸੇ ਬ੍ਰਹਮ ਲੋਕ ਪਾਵਈ॥* *(ਅਕਾਲ ਉਸਤਤ)*

ਬਚਿਤ੍ਰ ਨਾਟਕ ਵਿਚ ਗੁਰੂ ਜੀ ਫੁਰਮਾਉਂਦੇ ਹਨ ਕਿ ਜਿਹੜੇ-ਜਿਹੜੇ ਮਨੁੱਖ ਸਰੀਰ 'ਤੇ ਬਨਾਉਟੀ ਭੇਖ ਧਾਰਦੇ ਹਨ, ਉਹ ਪ੍ਰਭੂ ਦੇ ਸੇਵਕ ਨਹੀਂ ਹੁੰਦੇ। ਇਹ ਸਮਝ ਲੈਣਾ ਚਾਹੀਦਾ ਹੈ ਕਿ ਪਖੰਡਾਂ ਨਾਲ ਪ੍ਰਭੂ ਪ੍ਰਾਪਤ ਨਹੀਂ ਹੁੰਦਾ। ਜਿਸ ਨੇ ਆਪਣੇ ਮਨ ਨੂੰ ਵੱਸ ਵਿਚ ਕਰ ਲਿਆ ਹੈ, ਜਿਹੜਾ ਪ੍ਰਭੂ-ਪ੍ਰੇਮ ਵਿਚ ਰੰਗਿਆ ਹੋਇਆ ਹੈ, ਉਹ ਹੀ ਪ੍ਰਭੂ ਦੇ ਨੇੜੇ ਹੋ ਸਕਦਾ ਹੈ:

*-ਜੇ ਜੇ ਭੇਖ ਸੁ ਤਨ ਮੈਂ ਧਾਰੈ॥ ਤੇ ਪ੍ਰਭ ਜਨ ਕਛੁ ਕੈ ਨ ਬਿਚਾਰੈ॥*

*ਸਮਝ ਲੇਹੁ ਸਭ ਜਨ ਮਨ ਮਾਹੀ॥ ਡਿੰਭਨ ਮੈ ਪਰਮੇਸੁਰ ਨਾਹੀ॥ . . .*

*–ਸੁਆਂਗਨ ਮੈ ਪਰਮੇਸੁਰ ਨਾਹੀ॥ ਖੋਜ ਫਿਰੈ ਸਭ ਹੀ ਕੋ ਕਾਹੀ॥*

*ਅਪਨੋ ਮਨੁ ਕਰ ਮੋ ਜਿਹ ਆਨਾ॥ ਪਾਰਬ੍ਰਹਮ ਕੋ ਤਿਨੀ ਪਛਾਨਾ॥ (ਬਚਿਤ੍ਰ ਨਾਟਕ)*

ਪਰਮਾਤਮਾ ਜੰਤ੍ਰਾਂ, ਮੰਤ੍ਰਾਂ, ਤੰਤ੍ਰਾਂ ਆਦਿਕ ਵਿਚ ਨਹੀਂ ਵੱਸਦਾ। ਨਾ ਹੀ ਇਨ੍ਹਾਂ ਦੁਆਰਾ ਵੱਸ ਵਿਚ ਆਉਂਦਾ ਹੈ

*ਨ ਜੰਤ੍ਰ ਮੈ ਨ ਤੰਤ੍ਰ ਮੈ ਨ ਮੰਤ੍ਰ ਬਸਿ ਆਵਈ। (ਅਕਾਲ ਉਸਤਤਿ)*

ਯੱਗ ਤੀਰਥ-ਇਸ਼ਨਾਨ ਅਤੇ ਵਰਤ ਆਦਿਕ ਫੋਕਟ ਕਰਮਾਂ ਨੂੰ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਹੈ ਪਰ ਨਾਮ ਸਿਮਰਨ ਤੋਂ ਬਿਨਾ ਇਹ ਵਿਅਰਥ ਹਨ:

*–ਤੀਰਥ ਕੋਟ ਕੀਏ ਇਸਨਾਨ ਦੀਏ ਬਹੁ ਦਾਨ ਮਹਾ ਬ੍ਰਤ ਧਾਰੇ॥*

*ਦੇਸ ਫਿਰਿਓ ਕਰਿ ਭੇਸ ਤਪੋ ਧਨ ਕੇਸ ਧਰੇ ਨ ਮਿਲੇ ਹਰਿ ਪਿਆਰੇ॥*

*ਆਸਨ ਕੋਟ ਕਰੇ ਅਸਟਾਂਗ ਧਰੇ ਬਹੁ ਨਿਆਸ ਕਰੇ ਮੁਖ ਕਾਰੇ॥*

*ਦੀਨ ਦਇਆਲ ਅਕਾਲ ਭਜੇ ਬਿਨੁ ਅੰਤ ਕੋ ਅੰਤ ਕੇ ਧਾਮ ਸਿਧਾਰੇ॥*

*ਤ੍ਵ ਪ੍ਰਸਾਦਿ॥ਸ੍ਵਯੇ॥ (ਦੀਨਨ ਕੀ ਪ੍ਰਤਿਪਾਲ)*

*–ਫੋਕਟ ਧਰਮ ਜਿਤੇ ਜਗ ਕਰਹੀਂ॥*

*ਨਰਕ ਕੁੰਡ ਭੀਤਰ ਤੇ ਪਰਹੀਂ॥ (ਬਚਿਤ੍ਰ ਨਾਟਕ)*

ਧਰਮ ਗ੍ਰੰਥਾਂ ਦਾ ਪਾਠ ਕਰਦੇ ਹੋਏ, ਪ੍ਰਭੂ ਦੇ ਨਾਮ ਦਾ ਸਿਮਰਨ ਕਰਦੇ ਹੋਏ ਜੇਕਰ ਮਨ ਭਟਕਦਾ ਰਹਿੰਦਾ ਹੈ ਭਾਵ ਮਨ ਵੱਸ ਵਿਚ ਨਹੀਂ ਰਹਿੰਦਾ ਤਾਂ ਵੀ ਇਹ ਸਭ ਕਰਨਾ ਇਕ ਰਸਮ ਬਣ ਕੇ ਰਹਿ ਜਾਂਦਾ ਹੈ ਜੋ ਜਿਆਦਾ ਫਲ-ਦਾਇਕ ਨਹੀਂ ਹੁੰਦਾ। ਛਲ-ਕਪਟ ਤੋਂ ਰਹਿਤ ਪਵਿੱਤਰ ਮਨ ਨਾਲ ਕੀਤਾ ਗਿਆ ਪ੍ਰਭੂ-ਸਿਮਰਨ ਸੁਖਦਾਇਕ ਹੁੰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮਝਾਉਂਦੇ ਹਨ ਕਿ ਜਿਹੜਾ ਮਨੁੱਖ ਹਿਰਦੇ ਵਿਚ ਕਪਟ ਰੱਖ ਕੇ ਅੱਖਾਂ ਬੰਦ ਕਰ ਕੇ ਭਗਤੀ ਦਾ ਵਿਖਾਵਾ ਕਰਦਾ ਹੈ, ਉਹ ਅੰਨ੍ਹਾ ਹੈ। ਅੱਖਾਂ ਬੰਦ ਕਰਨ ਨਾਲ ਜੀਵਨ ਦਾ ਸਹੀ ਰਸਤਾ ਨਹੀਂ ਲੱਭ ਸਕਦਾ:

*ਆਂਖ ਮੂੰਦਿ ਕੋਊ ਡਿੰਭ ਦਿਖਾਵੈ॥ ਆਂਧਰ ਕੀ ਪਦਵੀ ਕਹਿ ਪਾਵੈ॥*

*ਆਂਖਿ ਮੀਚ ਮਗ ਸੂਝ ਨ ਜਾਈ॥ ਤਾਹਿ ਅਨੰਤ ਮਿਲੈ ਕਿਮ ਭਾਈ॥*

*(ਬਚਿਤ੍ਰ ਨਾਟਕ)*

ਜੇਕਰ ਭਗਤੀ ਕਰਨ ਨਾਲ, ਨਾਮ ਜਪਣ ਨਾਲ ਪ੍ਰਭੂ-ਪ੍ਰੇਮ ਪੈਦਾ ਨਹੀਂ ਹੋ ਰਿਹਾ ਜਾਂ ਮਨੁੱਖ ਪਰਉਪਕਾਰ, ਦਇਆ, ਸੇਵਾ, ਸੰਜਮਤਾ ਆਦਿਕ ਗੁਣਾਂ ਨੂੰ ਗ੍ਰਹਿਣ ਨਹੀਂ ਕਰਦਾ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਹ ਮਨੁੱਖ ਪਖੰਡ ਕਰ ਰਿਹਾ ਹੈ। ਸਾਰੀਆਂ ਧਾਰਮਿਕ ਸਮਝੀਆਂ ਜਾਣ ਵਾਲੀਆਂ ਰਸਮਾਂ ਸਿਰਫ ਲੋਕਾਚਾਰ ਲਈ ਕੀਤੀਆਂ ਜਾ ਰਹੀਆਂ ਹਨ। ਜਿਹੜੇ ਸਾਰੇ ਫੋਕਟ ਕਰਮਾਂ ਨੂੰ ਛੱਡ ਕੇ ਇਕ ਚਿੱਤ ਹੋ ਕੇ ਪ੍ਰਭੂ ਦਾ

ਨਾਮ ਸਿਮਰਨ ਕਰਦੇ ਹਨ, ਉਹ ਸੰਸਾਰ ਵਿਚ ਭੁੱਲ ਕੇ ਵੀ ਫਿਰ ਦੇਹ ਨਹੀਂ ਧਾਰਦੇ

*ਜਿਹ ਫੋਕਟ ਧਰਮ ਸਭੈ ਤਜਿ ਹੈਂ॥ ਇਕ ਚਿੱਤ ਕ੍ਰਿਪਾ ਨਿਧ ਜੋ ਜਪਿ ਹੈਂ॥*
*ਤੇਊ ਯਾ ਭਵ ਸਾਗਰ ਕੋ ਤਰ ਹੈਂ॥ ਭਵ ਭੂਲ ਨ ਦੇਹਿ ਪੁਨਹ ਧਰ ਹੈਂ॥*
*(ਅਕਾਲ ਉਸਤਤ)*

ਨਾਮ ਦਾ ਆਸਰਾ ਲਏ ਬਿਨਾ ਸਾਰੇ ਭੇਖ, ਸਾਰੇ ਕਰਮ-ਕਾਂਡ ਅਵਗੁਣਾਂ ਨੂੰ ਨਸ਼ਟ ਕਰਨ ਵਿਚ ਸਮਰੱਥ ਨਹੀਂ ਹੁੰਦੇ। ਜਿਸ ਦਾ ਮਨ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਵਿਕਾਰਾਂ ਨਾਲ ਮੈਲਾ ਹੋਇਆ ਹੋਵੇ, ਮਾਇਆ ਦੀ ਭੁੱਖ, ਤ੍ਰਿਸ਼ਨਾ ਦਾ ਜ਼ੋਰ ਮਨ ਨੂੰ ਅਸ਼ਾਂਤ ਕਰਦਾ ਹੋਵੇ ਤਾਂ ਉਹ ਮਨੁੱਖ ਭਾਵੇਂ ਜਿਤਨੇ ਕਰਮ-ਕਾਂਡ ਕਰਦਾ ਰਹੇ, ਗਿਆਨ-ਚਰਚਾ ਵਿਚ ਲੱਗਾ ਰਹੇ, ਧਾਰਮਿਕ ਪੁਸਤਕਾਂ ਦਾ ਪਾਠ ਕਰਦਾ ਰਹੇ, ਸਮਾਧੀਆਂ ਲਾਉਂਦਾ ਰਹੇ ਪਰ ਫਿਰ ਵੀ ਉਹ ਅਕਾਲ ਪੁਰਖ ਦਾ ਮਿਲਾਪ ਹਾਸਲ ਨਹੀਂ ਕਰ ਸਕਦਾ। ਅਜਿਹਾ ਮਨੁੱਖ ਸਿਰਫ ਭਗਤੀ ਦਾ ਭਰਮ ਪਾਲਦਾ ਰਹਿੰਦਾ ਹੈ। ਪਰਮਾਤਮਾ ਦੇ ਨੇੜੇ ਹੋਣ ਲਈ ਗੁਣਾਂ ਨੂੰ ਧਾਰਨ ਕਰਨਾ ਜ਼ਰੂਰੀ ਹੈ। ਅਵਗੁਣਾਂ ਨੂੰ ਦੂਰ ਕਰਨ ਲਈ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਅਤੇ ਖਾਲਸੇ ਲਈ ਖਾਲਸ ਪਵਿੱਤਰ ਜੀਵਨ ਨਿਰਧਾਰਿਤ ਕੀਤਾ। ਅੰਮ੍ਰਿਤਧਾਰੀ, ਰਹਿਤ ਮਰਯਾਦਾ ਦਾ ਪਾਲਣ ਕਰਨ ਵਾਲੇ, ਛਲ-ਕਪਟ ਤੋਂ ਰਹਿਤ, ਵਿਕਾਰਾਂ ਤੋਂ ਹੀਣ, ਕੂੜ-ਕਿਰਿਆ ਦੇ ਵਿਰੋਧੀ ਪ੍ਰਭੂ-ਪ੍ਰੇਮ ਵਿਚ ਰੰਗੀ ਹੋਈ ਸ਼ਖ਼ਸੀਅਤ ਦਾ ਨਾਮ ਹੈ ਖਾਲਸਾ:

*ਜਾਗਤਿ ਜੋਤਿ ਜਪੈ ਨਿਸਿ ਬਾਸੁਰ ਏਕੁ ਬਿਨਾ ਮਨਿ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤਿ ਸਜੈ ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਯਾ ਤਪ ਸੰਜਮ ਏਕੁ ਬਿਨਾਂ ਨਹਿ ਏਕ ਪਛਾਨੈ॥*
*ਪੂਰਨ ਜਤਿ ਜਗੈ ਘਟ ਮੈਂ ਤਬ ਖਾਲਸ ਤਾਹਿ ਨਖਾਲਿਸ ਜਾਨੈ॥ (ਦਸਮ ਗ੍ਰੰਥ)*

ਗੁਰੂ ਸਾਹਿਬ ਸਮਝਾ ਰਹੇ ਹਨ ਕਿ ਇਸ ਤਰ੍ਹਾਂ ਦਾ ਵੈਰਾਗ ਕਰੋ ਕਿ ਘਰ ਵਿਚ ਰਹਿੰਦੇ ਹੋਏ ਵੀ ਮਨ ਨੂੰ ਬੁਰੇ ਕਰਮਾਂ ਤੋਂ ਰੋਕੋ, ਜਤ ਰੱਖਣ ਦੀਆਂ ਜਟਾਵਾਂ, ਜੋਗ ਦਾ ਇਸ਼ਨਾਨ ਅਤੇ ਨਿੱਤਨੇਮ ਦੇ ਨਹੁੰ ਵਧਾਓ। ਪ੍ਰਭੂ ਦੇ ਨਾਮ ਦੀ ਬਿਭੂਤ ਲਗਾਓ। ਥੋੜਾ ਖਾਣਾ, ਥੋੜੀ ਨੀਂਦ, ਦਇਆ ਕਰਨੀ, ਖਿਮਾ ਭਾਵਨਾ ਆਦਿਕ ਨਾਲ ਸਰੀਰ ਦੀ ਪ੍ਰੀਤ ਹੋਵੇ। ਗ਼ਰੀਬਾਂ ਉੱਤੇ ਤਰਸ ਦੀ ਭਾਵਨਾ ਹੋਵੇ, ਸੰਤੋਖ ਅਤੇ ਸ਼ੀਤਲ ਸੁਭਾਓ ਵਿਚ ਜੀਵ ਦਾ ਨਿਰਬਾਹ ਹੋਵੇ। ਐਸਾ ਜੀਵ ਹੀ ਅਸਲ ਜੋਗੀ ਜਾਂ ਸੰਨਿਆਸੀ ਹੈ:

*ਰੇ ਮਨ ਐਸੋ ਕਰਿ ਸੰਨਿਆਸਾ॥*
*ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ॥੧॥ਰਹਾਉ॥*
*ਜਤ ਕੀ ਜਟਾ ਜੋਗ ਕੋ ਮਜਨੁ ਨੇਮ ਕੇ ਨਖਨ ਬਢਾਓ॥*
*ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ॥*

*ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥*
*ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ॥*
*ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸੋ ਲਯਾਵੈ॥*
*ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ॥ (ਰਾਮਕਲੀ ਪਾਤਸ਼ਾਹੀ ੧੦)*

ਇਸ ਲਈ ਹੇ ਜੀਵ! ਪਰਮ ਪੁਰਖ ਪਰਮੇਸ਼ਵਰ ਦੀ ਚਰਨੀਂ ਲੱਗ। ਤੂੰ ਕਿਉਂ ਮੋਹ ਦੀ ਨੀਂਦ ਵਿਚ ਸੁੱਤਾ ਪਿਆ ਹੈ? ਕਦੀ ਤਾਂ ਸੁਚੇਤ ਹੋ ਕੇ ਜਾਗ, ਸਿਮਰਨ ਕਰ। ਹੋਰਨਾਂ ਨੂੰ ਉਪਦੇਸ਼ ਦੇਣ ਦੀ ਥਾਂ ਆਪਣੇ ਆਪ ਨੂੰ ਸਮਝਾ, ਆਪਣੇ ਆਪ ਦੀ ਪਰਖ ਕਰ। ਵਿਸ਼ਿਆਂ ਦੇ ਰਸਾਂ ਨੂੰ ਛੱਡ। ਫੋਕਟ ਕਰਮਾਂ ਨੂੰ ਭਰਮ ਸਮਝ। ਸੰਸਾਰਕ ਪਦਾਰਥਾਂ ਦਾ ਸੰਗ੍ਰਹਿ ਕਰਨ ਦੀ ਥਾਂ ਨਾਮ ਦਾ ਸੰਗ੍ਰਹਿ ਕਰ:

*ਪ੍ਰਾਨੀ ਪਰਮ ਪੁਰਖ ਪਗ ਲਾਗੋ॥*
*ਸੋਵਤ ਕਹਾ ਮੋਹ ਨਿੰਦ੍ਰਾ ਮੈ ਕਬਹੂੰ ਸੁਚਿਤ ਹ੍ਵੈ ਜਾਗੋ॥ਰਹਾਉ॥*
*ਔਰਨ ਕਹਾ ਉਪਦੇਸਤ ਹੈ ਪਸੁ ਤੋਹਿ ਪ੍ਰਬੋਧ ਨ ਲਾਗੋ॥*
*ਸਿੰਚਤ ਕਹਾ ਪਰੇ ਬਿਖਿਯਨ ਕਹ ਕਬਹੁ ਬਿਖੈ ਰਸ ਤਯਾਗੋ॥੧॥*
*ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ॥*
*ਸੰਗ੍ਰਹ ਕਰੋ ਸਦਾ ਸਿਮਰਨ ਕੋ ਪਰਮ ਪਾਪ ਤਾਜਿ ਭਾਗੋ॥੨॥*
*ਜਾ ਤੇ ਦੂਖ ਪਾਪ ਨਹਿ ਭੇਟੈ ਕਾਲ ਜਾਲ ਤੇ ਤਾਗੋ॥*
*ਜੌ ਸੁਖ ਚਾਹੋ ਸਦ ਸਭਨ ਕੌ ਤੌ ਹਰਿ ਕੇ ਰਸ ਪਾਗੋ॥੩॥ (ਰਾਮਕਲੀ ਪਾਤਿਸ਼ਾਹੀ ੧੦)*

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਅਕਾਲ ਪੁਰਖ ਭਗਤੀ ਦੀ ਸ਼ਕਤੀ ਤੋਂ ਬਿਨਾ ਪ੍ਰਸੰਨ ਨਹੀਂ ਹੁੰਦਾ। ਇਕਾਗਰ ਚਿੱਤ ਹੋ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕੀਤੇ ਬਿਨਾ ਸਾਰੇ ਧਰਮ-ਕਰਮ ਫੋਕਟ ਹਨ:

*ਬਿਨ ਭਗਤਿ ਸਕਤ ਨਹੀ ਪਰਤ ਪਾਨ॥ ਬਹੁ ਕਰਤ ਹੋਮ ਅਰ ਜੱਗ ਦਾਨ॥*
*ਬਿਨ ਏਕ ਨਾਮ ਇਕ ਚਿੱਤ ਲੀਨ॥ ਫੋਕਟੋ ਸਰਬ ਧਰਮਾ ਬਿਹੀਨ॥*

*(ਅਕਾਲ ਉਸਤਤ)*

■

***ਹਮ ਨੇ ਭੀ ਇਸੇ ਮਕਾਮ ਪ: ਜਾਨਾ ਹੈ ਜਲਦ ਤਰ***
***ਜਿਸ ਜਗਹ ਤੁਮ ਕੋ ਅਪਨੇ ਕਟਾਨੇ ਪੜੇਂਗੇ ਸਰ***
***ਹੋਂਗੇ ਸ਼ਹੀਦ ਲੜ ਕੇ ਯਿਹ ਬਾਕੀ ਕੇ ਦੋ ਪਿਸਰ***
***ਰਹ ਜਾਊਂਗਾ ਅਕੇਲਾ ਮੈਂ ਕਲ ਤਕ ਲੁਟਾ ਕੇ ਘਰ***
***ਪਹਲੇ ਪਿਤਾ ਕਟਾਯਾ ਅਬ ਬੇਟੇ ਕਟਾਊਂਗਾ***
***ਨਾਨਕ ਕਾ ਬਾਗ਼ ਖ਼ੂਨਿ-ਜਿਗਰ ਸੇ ਖਿਲਾਊਂਗਾ***

***(ਸ਼ਹੀਦਾਨਿ-ਵਫ਼ਾ)***

# ਸ੍ਰੀ ਗੁਰੂ ਗੋਬਿੰਦ ਸਿੰਘ ਜੀ : ਇਨਕਲਾਬ ਦੇ ਸੰਦਰਭ ਵਿਚ

*-ਸ. ਵਿਕਰਮਜੀਤ ਸਿੰਘ 'ਤਿਹਾੜਾ'**

ਸੰਸਾਰ ਦਾ ਇਤਿਹਾਸ ਅਨੇਕਾਂ ਲਹਿਰਾਂ, ਕ੍ਰਾਂਤੀਆਂ, ਇਨਕਲਾਬੀ ਬਗ਼ਾਵਤਾਂ, ਵਿਦਰੋਹਾਂ ਆਦਿ ਘਟਨਾਵਾਂ ਨਾਲ ਭਰਿਆ ਪਿਆ ਹੈ, ਜੋ ਸਮੇਂ-ਸਮੇਂ ਸਮਾਜ ਵਿਚ ਫੈਲੇ ਹੋਏ ਅਨਿਆਂ, ਜ਼ੁਲਮ ਅਤੇ ਪਾਪ ਵਿਰੁੱਧ ਉੱਠਿਆ ਪਰੰਤੂ ਇਹ ਘਟਨਾਵਾਂ ਕੁਝ ਸਮੇਂ ਲਈ ਹੀ ਆਪਣਾ ਅਸਰ ਵਿਖਾ ਕੇ ਇਤਿਹਾਸ ਦੇ ਪੰਨਿਆਂ ਦਾ ਹਿੱਸਾ ਬਣਦੀਆਂ ਰਹੀਆਂ। ਫ਼ਰਾਂਸ ਦਾ ਇਨਕਲਾਬ ੧੭੮੯ ਈ. ਵਿਚ ਸ਼ੁਰੂ ਹੋਇਆ ਜਿਸ ਦੀ ਅੱਜ ਤਕ ਵੀ ਚਰਚਾ ਖ਼ਤਮ ਨਹੀਂ ਹੋਈ। ਵਿਚਕਾਰਲੀ ਸ਼੍ਰੇਣੀ ਦੁਆਰਾ ਸ਼ੁਰੂ ਹੋਈ ਇਸ ਲਹਿਰ ਨੂੰ ਗਰੀਬ ਲੋਕਾਂ ਦੇ ਸਬੱਬ ਨਾਲ ਹੋਏ ਉਭਾਰ ਨਾਲ ਉਤਸ਼ਾਹ ਮਿਲਿਆ। ਗਰੀਬ ਜਨਤਾ ਨੂੰ ਬਾਅਦ ਵਿਚ ਕਿਸੇ ਨੇ ਪੁੱਛਿਆ ਤਕ ਨਾ ਅਤੇ ਅਸਲੀ ਤਾਕਤ ਸਿੱਧੇ ਤੌਰ 'ਤੇ ਮੱਧ ਸ਼੍ਰੇਣੀ ਦੇ ਹੱਥ ਵਿਚ ਆ ਗਈ। ਸੋ ਇਹ ਇਨਕਲਾਬ ਸਿੱਧੇ ਤੌਰ 'ਤੇ ਜਨਤਕ ਇਨਕਲਾਬ ਨਹੀਂ ਸੀ।[੧] ਇਸ ਤੋਂ ਬਾਅਦ ਮਾਰਕਸਵਾਦੀ ਵਿਚਾਰਧਾਰਾ ਵੀ ਸਮਾਜ ਵਿਚ ਕ੍ਰਾਂਤੀ ਦੀ ਤਰ੍ਹਾਂ ਹੀ ਆਉਂਦੀ ਹੈ ਪਰੰਤੂ ਉਹ ਵੀ ਸੰਪੂਰਨ ਰੂਪ ਵਿਚ ਆਪਣੇ ਉਦੇਸ਼ਾਂ ਵਿਚ ਕਾਮਯਾਬ ਨਹੀਂ ਹੁੰਦੀ। ਸ. ਹਰਿੰਦਰ ਸਿੰਘ ਮਹਿਬੂਬ ਅਨੁਸਾਰ ਮਾਰਕਸਵਾਦ ਬੌਧਿਕ ਵਿਸ਼ਲੇਸ਼ਣ ਦੀ ਬੁੱਤ ਪ੍ਰਸਤੀ ਵਿਚ ਕੈਦ ਹੈ, ਜੋ ਕਿ ਬਹੁਤ ਸੀਮਤ ਹੈ ਅਤੇ ਜਿਸ ਦੀ ਬੌਧਿਕ ਬਾਹਰਮੁਖਤਾ ਦਾ ਚਾਨਣ ਬਹੁਤ ਪੇਤਲਾ ਹੈ। ਇਸ ਦੀ ਪਿੱਠ ਉੱਤੇ ਬਹੁਤ ਕੁਝ ਅਣਡਿੱਠ ਕੀਤੇ ਦੇ ਗਾੜ੍ਹੇ ਹਨ੍ਹੇਰਾਂ ਦਾ ਭਾਰ ਹੈ।[੨]

ਇਸ ਤਰ੍ਹਾਂ ਸੰਸਾਰ ਵਿਚ ਇਨ੍ਹਾਂ ਲਹਿਰਾਂ ਨੂੰ ਇਨਕਲਾਬ ਦੀਆਂ ਮੋਢੀ ਮੰਨਿਆ ਜਾਂਦਾ ਹੈ। ਦੁਨੀਆ ਦਾ ਇਤਿਹਾਸ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਅਜਿਹੀ ਧਾਰਮਿਕ ਜਾਂ ਸਿਆਸੀ ਅਜ਼ਾਦੀ ਦੀ ਜੰਗ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਸ਼ੁਰੂ ਹੋਈ। ਸਿੱਖ ਧਰਮ ਨੇ ਵੀ ਇਕ ਮਹਾਨ ਲਹਿਰ ਦੀ ਤਰ੍ਹਾਂ ਸਮਾਜ ਵਿਚ ਪ੍ਰਵੇਸ਼ ਕੀਤਾ, ਜਿਸ ਨੂੰ ਵਾਰ-ਵਾਰ ਅਣਡਿੱਠਾ ਕੀਤਾ ਜਾਂਦਾ ਰਿਹਾ ਹੈ। ਸਿੱਖ ਧਰਮ ਨੇ ਸਮਾਜ ਵਿਚ ਫੈਲੇ ਭ੍ਰਿਸ਼ਟਾਚਾਰ ਅਤੇ ਜ਼ੁਲਮ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ ਸਗੋਂ ਇਕ ਨਿਵੇਕਲੀ ਵਿਚਾਰਧਾਰਾ ਨੂੰ ਪ੍ਰਗਟ ਕੀਤਾ, ਜੋ ਕਿ ਇਨਕਲਾਬ ਦੀ ਨਿਸ਼ਾਨੀ ਹੈ।

'ਨੈਸ਼ਨਲ ਪੰਜਾਬੀ ਕੋਸ਼' ਅਨੁਸਾਰ ਇਨਕਲਾਬ ਦਾ ਸ਼ਾਬਦਿਕ ਅਰਥ ਹੈ-

**ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਰਿਲੀਜੀਅਸ ਸਟੱਡੀਜ਼, ਨਿਸ਼ਾਨ ਏ ਸਿੱਖੀ, ਖਡੂਰ ਸਾਹਿਬ,ਮੋ: +੯੧ ੯੮੫੫੫-੩੪੯੬੧*

ਕ੍ਰਾਂਤੀ, ਜੋਸ਼, ਤਬਦੀਲੀ ਜਾਂ ਪੁਨਰ ਗਠਨ।[੩] ਇਸ ਪ੍ਰਕਾਰ ਹੀ 'ਪੰਜਾਬੀ ਸਾਹਿਤ ਕੋਸ਼' ਵਿਚ ਇਨਕਲਾਬੀ ਅਮਲ ਦੀ ਦਿੱਤੀ ਗਈ ਪਰਿਭਾਸ਼ਾ ਇਸ ਤਰ੍ਹਾਂ ਹੈ:- "ਇਨਕਲਾਬੀ ਅਮਲ ਦਾ ਭਾਵ ਹਰ ਪ੍ਰਕਾਰ ਦੀਆਂ ਪੁਰਾਣੀਆਂ ਕੀਮਤਾਂ ਦਾ ਤਿਆਗ ਅਤੇ ਨਵੀਆਂ ਕੀਮਤਾਂ ਦੇ ਪ੍ਰਚਾਰ ਤੋਂ ਲਿਆ ਜਾਂਦਾ ਹੈ।[੪]

ਉਪਰੋਕਤ ਪਰਿਭਾਸ਼ਾ ਨੂੰ ਦੇਖਦੇ ਹੋਏ ਇਹ ਸਿਧ ਹੋ ਜਾਂਦਾ ਹੈ ਕਿ ਸਿੱਖ ਧਰਮ ਸੰਸਾਰ ਵਿਚ ਇਨਕਲਾਬ ਲੈ ਕੇ ਆਇਆ। ਸਿੱਖ ਗੁਰੂ ਸਾਹਿਬਾਨ ਨੇ ਆਦਰਸ਼ਕ ਮਨੁੱਖ ਦੀ ਸਿਰਜਣਾ ਗੁਰਮੁਖ, ਬ੍ਰਹਮ ਗਿਆਨੀ ਅਤੇ ਖਾਲਸੇ ਦੇ ਵਜੋਂ ਕਰ ਕੇ ਚਿੰਤਨ ਅਤੇ ਚੇਤਨਾ ਦੀ ਸ਼ਕਤੀਸ਼ਾਲੀ ਪਰੰਪਰਾ ਚਲਾਈ। ਸਮੁੱਚੀ ਕੌਮ ਨੂੰ ਮਜ਼ਬੂਤ ਕਰਨ ਲਈ ਗੁਰੂ ਸਾਹਿਬਾਨ ਨੇ ਉਪਰਾਲੇ ਕੀਤੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਰਾਹੀਂ ਸਮਾਜਿਕ, ਧਾਰਮਿਕ, ਰਾਜਨੀਤਕ ਅੱਤਿਆਚਾਰਾਂ ਅਤੇ ਭਾਰਤੀ ਲੋਕਾਂ ਦੇ ਨਿਠੱਲੇਪਣ ਦੇ ਖ਼ਿਲਾਫ਼ ਜੰਗ ਦਾ ਐਲਾਨ ਤਾਂ ਸੋਲਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਹੀ ਕਰ ਦਿੱਤਾ ਸੀ। ਅੱਗੇ ਚੱਲ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧਾਰਮਿਕ ਆਗੂ ਹੋਣ ਦੇ ਨਾਲ-ਨਾਲ ਇਕ ਮਹਾਨ ਇਨਕਲਾਬੀ ਵਜੋਂ ਭੂਮਿਕਾ ਨਿਭਾਉਂਦੇ ਹਨ। ਖਾਲਸੇ ਦੀ ਸਾਜਨਾ ਯੁੱਗ-ਪਲਟਾਊ ਕਾਰਜ ਸੀ। ਜਿਸ ਨੇ ਸਦੀਆਂ ਤੋਂ ਚੱਲੀ ਆ ਰਹੀ ਭਾਰਤੀ ਕਰਮ-ਕਾਂਡੀ ਅਤੇ ਬਿਮਾਰ ਮਾਨਸਿਕਤਾ ਨੂੰ ਬਦਲ ਕੇ ਰੱਖ ਦਿੱਤਾ। ਖਾਲਸਾ ਸਾਜਨਾ ਨੂੰ ਕੋਈ ਅਚਾਨਕ ਹੋਇਆ ਕਾਰਜ ਨਹੀਂ ਸਮਝਣਾ ਚਾਹੀਦਾ ਬਲਕਿ ਇਸ ਪਿੱਛੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਾਰਜ ਅਤੇ ਉਨ੍ਹਾਂ ਦੀ ਸੋਚ ਆਪਣੀ ਭੂਮਿਕਾ ਨਿਭਾ ਰਹੀ ਸੀ। ਜਿਸ ਅਨੁਸਾਰ ਲੋਕਾਂ ਨੂੰ ਹੌਲੀ-ਹੌਲੀ ਇਸ ਮਹਾਨ ਇਨਕਲਾਬ ਲਈ ਤਿਆਰ ਕੀਤਾ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਅਧਰਮ ਤੇ ਅੱਤਿਆਚਾਰ ਜਥੇਬੰਦ ਹੋ ਕੇ ਭਿਆਨਕ ਰੂਪ ਧਾਰੀ ਖੜ੍ਹਾ ਸੀ। ਇਸ ਲਈ ਜ਼ਰੂਰੀ ਸੀ ਕਿ ਮੁਕਾਬਲੇ ਵਿਚ ਧਰਮ ਅਤੇ ਸਦਾਚਾਰ ਵੀ ਜਥੇਬੰਦ ਹੋ ਕੇ ਉਸੇ ਤਰ੍ਹਾਂ ਸਨੱਧ-ਬੱਧ ਹੋ ਕੇ ਟਾਕਰਾ ਕਰਦਾ।[੫] ਇਸ ਜਥੇਬੰਦੀ ਦਾ ਨਾਮ ਹੀ ਖਾਲਸਾ ਸੀ। ਜਿਸ ਨੇ ਪਹਿਲਾਂ ਆਪੇ ਨੂੰ ਕਾਬੂ ਕੀਤਾ ਅਤੇ ਯੁੱਗ ਪਲਟ ਸਕਣ ਦੀ ਸ਼ਕਤੀ ਦਾ ਪ੍ਰਤੀਕ ਬਣਿਆ। ਆਪਣੇ ਅੰਦਰਲੀਆਂ ਕੁਰੀਤੀਆਂ ਅਤੇ ਕਮਜ਼ੋਰੀਆਂ ਨੂੰ ਛੱਡੇ ਬਗ਼ੈਰ ਇਹ ਸਭ ਕੁਝ ਨਹੀਂ ਹੋ ਸਕਦਾ ਸੀ ਅਤੇ ਅੱਗੋਂ ਵੀ ਨਹੀਂ ਹੋ ਸਕੇਗਾ। ਬਾਹਰੀ ਰੂਪ ਨੂੰ ਉਜਾਗਰ ਕਰਨ ਤੋਂ ਪਹਿਲਾਂ ਗੁਰੂ ਸਾਹਿਬ ਨੇ ਆਪਣੇ ਸਿੱਖ ਨੂੰ ਅੰਦਰੂਨੀ ਤੌਰ 'ਤੇ ਮਜ਼ਬੂਤ ਬਣਾਇਆ।[੬] ਇਸ ਲਈ ਸਿੱਖਾਂ ਨੂੰ ਮਾਨਸਿਕ ਪੱਖੋਂ ਮਜ਼ਬੂਤ ਕਰਨ ਲਈ ਬਾਣੀ ਨਾਲ ਜੋੜਿਆ ਅਤੇ ਅਧਿਆਤਮਕਤਾ ਨਾਲ ਭਰਪੂਰ ਕਰ ਕੇ ਰੱਖਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਐਸੀ ਇਨਕਲਾਬੀ ਜਥੇਬੰਦੀ ਬਣਾਈ, ਜਿਸ ਨੇ ਐਲਾਨੀਆ ਤੌਰ 'ਤੇ ਇਨਕਲਾਬ ਲਿਆਉਣ ਦਾ ਬੀੜਾ ਚੁੱਕਿਆ। ਅੰਮ੍ਰਿਤ

ਛਕ ਕੇ ਭਾਵ ਖਾਲਸੇ ਵਿਚ ਸ਼ਾਮਲ ਹੋ ਕੇ, ਹਰ ਸਿੱਖ 'ਸਿੰਘ' ਬਣ ਗਿਆ। ਇਸ ਤਰ੍ਹਾਂ ਹਰ ਇਕ ਐਲਾਨੇ ਹੋਏ ਇਨਕਲਾਬ ਦਾ ਨਾ ਕੇਵਲ ਸਾਧਨ ਬਣ ਗਿਆ, ਸਗੋਂ ਇਸ ਇਨਕਲਾਬ ਦਾ ਐਲਾਨ ਕਰਨ ਵਾਲਾ ਆਪ ਖ਼ੁਦ ਝੰਡਾ ਬਣ ਗਿਆ।[੭] ਗੁਰੂ ਜੀ ਨੇ ਖਾਲਸੇ ਨੂੰ ਨਿੱਜੀ ਮੁਕਤੀ ਅਤੇ ਕੇਵਲ ਆਤਮਿਕ ਅਨੰਦ ਪ੍ਰਾਪਤ ਕਰਨ ਦਾ ਆਦਰਸ਼ ਨਹੀਂ ਦਿੱਤਾ, ਸਗੋਂ ਗੁਰੂ ਜੀ ਨੇ ਲੋਕਾਂ ਵਿਚ ਭਰਾਤਰੀ ਭਾਵ ਦੀ ਸਿਰਜਣਾ ਕੀਤੀ। ਉਨ੍ਹਾਂ ਨੇ ਵਿਸ਼ਵ ਸੰਸਕ੍ਰਿਤੀ ਦੇ ਧਰਮ ਦਾ ਪ੍ਰਚਾਰ ਕੀਤਾ। ਜੋ ਨਸਲੀ ਅਤੇ ਖੇਤਰੀ ਸੀਮਾਵਾਂ ਨੂੰ ਸਵੀਕਾਰ ਨਹੀਂ ਕਰਦਾ ਅਤੇ ਸਮੁੱਚੀ ਮਾਨਵਤਾ ਨੂੰ ਇਕ ਭਾਈਚਾਰਾ ਮੰਨਦਾ ਹੈ।[੮] ਇਹ ਕਾਰਜ ਰੱਬੀ ਹਕੂਮਤ ਦਾ ਐਲਾਨ ਸੀ। ਜਿਸ ਵਿਚ ਸਮਾਜ ਵਿਚ ਪਾਏ ਹੋਏ ਊਚ-ਨੀਚ ਅਤੇ ਅਮੀਰ-ਗ਼ਰੀਬ ਆਦਿ ਦੇ ਪਾੜੇ ਲਈ ਕੋਈ ਵੀ ਥਾਂ ਨਹੀਂ ਸੀ। ਪੂਰਬਲੀ ਭਾਰਤੀ ਪਰੰਪਰਾ ਤੋਂ ਇਹ ਨਿਖੇੜਾ, ਮਾਮੂਲੀ ਨਿਖੇੜਾ ਨਹੀਂ ਬਲਕਿ ਇਹ ਪੁਰਾਤਨ ਪਰੰਪਰਾ ਨੂੰ ਬਿਲਕੁਲ ਉਥਲ-ਪੁਥਲ ਕਰਦਾ ਹੈ। ਜਿੱਥੇ ਕਾਰਖ਼ਾਨਿਆਂ ਵਿਚ ਤਿਆਰ ਹੋ ਰਹੇ ਹਥਿਆਰਾਂ ਲਈ ਚੱਲਦੇ ਹਥੌੜਿਆਂ ਦੀ ਗੂੰਜ ਇਕ ਪਹਾੜ ਤੋਂ ਦੂਸਰੇ ਪਹਾੜ ਤਕ ਗੂੰਜਦੀ ਹੋਈ ਨਵੇਂ ਇਤਿਹਾਸ ਦੀ ਸਿਰਜਣਾ ਵੱਲ ਇਸ਼ਾਰਾ ਕਰਦੀ ਸੀ।[੯] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਦੀਆਂ ਤੋਂ ਸੁੱਤੀ ਹੋਈ ਲੋਕ-ਸ਼ਕਤੀ ਨੂੰ ਹਲੂਣਾ ਦਿੱਤਾ। ਲੋਕ-ਸ਼ਕਤੀ ਨੂੰ ਜਗਾਇਆ ਅਤੇ ਇਕ ਐਸੇ ਤੂਫ਼ਾਨ ਨੂੰ ਪੈਦਾ ਕੀਤਾ, ਜੋ ਮੁਗ਼ਲ ਸਾਮਰਾਜ ਨੂੰ ਉਡਾ ਕੇ ਲੈ ਗਿਆ। ਇਸ ਨਾਲ ਲੋਕ ਆਪਣੀ ਤਾਕਤ ਤੋਂ ਜਾਣੂ ਹੋ ਗਏ। ਇਹ ਗੁਰੂ ਜੀ ਦੀ ਪੈਦਾ ਕੀਤੀ ਹੋਈ ਅਣਖੀ ਕੌਮ ਹੀ ਸੀ ਜਿਸ ਨੇ ਬਾਅਦ ਵਿਚ ਭਾਰਤ ਆਏ ਹਰ ਹਮਲਾਵਰ ਦੀ ਈਨ ਨਹੀਂ ਮੰਨੀ ਬਲਕਿ ਡਟ ਕੇ ਟਾਕਰਾ ਕੀਤਾ ਅਤੇ ਸ਼ਹੀਦੀਆਂ ਵੀ ਪ੍ਰਾਪਤ ਕੀਤੀਆਂ। ਅਬਦਾਲੀ ਵਰਗੇ ਵੀ ਇੱਥੋਂ ਮੂੰਹ ਦੀ ਖਾ ਕੇ ਗਏ। ਗੁਰੂ ਜੀ ਨੇ ਲੋਕਾਂ ਦੀ ਇਸ ਸ਼ਕਤੀ ਨੂੰ ਕਿਸੇ ਦੇ ਅਧੀਨ ਨਾ ਕੀਤਾ। ਖਾਲਸੇ ਨੂੰ ਖ਼ੁਦ-ਖ਼ੁਦਾ ਹੋਣ ਦਾ ਮਾਣ ਦਿੱਤਾ। ਲੋਕ ਸ਼ਕਤੀ ਨੂੰ ਲੋਕਾਂ ਵਿਚ ਹੀ ਜਥੇਬੰਦ ਕੀਤਾ। ਪੰਚਾਂ ਦੀ ਮਹਾਨਤਾ ਹੀ ਲੋਕਤੰਤਰ ਵੱਲ ਮੁੱਢਲਾ ਕਦਮ ਸੀ। ਜਾਤ-ਪਾਤ ਦਾ ਖੰਡਨ ਅਤੇ ਧਰਮ ਤੰਤਰਕ ਲੋਕ ਰਾਜ ਦੀ ਸਥਾਪਨਾ ਦਾ ਪਹਿਲਾ ਕਦਮ ਸੀ, ਜਿਹੜਾ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਏਕਤਾ ਲਿਆਉਣ ਲਈ ਚੁੱਕਿਆ।[੧੦]

*ਇਨ ਗ੍ਰੀਬ ਸਿੰਘਨ ਕੌ ਦਯੈ ਪਾਤਿਸ਼ਾਹੀ*
*ਏ ਯਾਦ ਰਖੈਂ ਹਮਰੀ ਗੁਰਿਆਈ।*[੧੧]

ਇਸ ਪ੍ਰਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਇਨਕਲਾਬੀ ਸੋਚ ਸਦਕਾ ਸਮਾਜ ਵਿਚ ਐਸਾ ਇਨਕਲਾਬ ਲਿਆਂਦਾ, ਜਿਸ ਨੇ ਸਮਾਜਿਕ ਸਾਂਝ ਦਾ ਪਸਾਰ, ਜਾਤ-ਪਾਤ ਦਾ ਖ਼ਾਤਮਾ, ਇਸਤਰੀ ਦੀ ਦਸ਼ਾ ਸੁਧਾਰਨ, ਭਰਾਤਰੀ ਭਾਵ ਦਾ ਵਿਕਾਸ ਕਰਨ ਦਾ ਬੀੜਾ ਚੁੱਕਿਆ। ਇਹ ਇਨਕਲਾਬ ਇਕੱਲਾ ਰਾਜਸੀ ਜਾਂ ਇਕੱਲਾ

ਭਾਈਚਾਰਕ ਨਹੀਂ ਸੀ, ਜਿਸ ਵਿਚ ਕਿਸੇ ਇਕ ਦੀ ਘਾਟ ਹੋਵੇ। ਇਹ ਸੰਪੂਰਨ ਇਨਕਲਾਬ ਸੀ, ਜਿਸ ਨੇ ਸਮਾਜ ਦੇ ਵਿਕਾਸ ਲਈ, ਰਾਜਸੀ ਜ਼ੁਲਮ ਦੇ ਖ਼ਾਤਮੇ ਲਈ, ਲੋਕਾਂ ਵਿਚ ਨਵੀਂ ਚੇਤਨਾ ਪੈਦਾ ਕਰਨ ਲਈ ਅਤੇ ਉਨ੍ਹਾਂ ਨੂੰ ਇਕ ਲੜੀ ਵਿਚ ਪਰੋਣ ਲਈ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਤਰ੍ਹਾਂ ਸਿੱਖ ਧਰਮ ਨੂੰ ਪੈ.ਗੰਬਰ, ਦੈਵੀ ਪ੍ਰਕਾਸ਼, ਨੈਤਿਕ ਸੰਕਲਪਾਂ ਅਤੇ ਸਮਕਾਲੀ ਜ਼ਿੰਦਗੀ ਵਿਚਕਾਰ ਸਿਰਜਣਾਤਮਕ ਤਾਲ ਪੈਦਾ ਕਰਨ ਵਿਚ ਜਿਹੜੀ ਕਾਮਯਾਬੀ ਮਿਲੀ, ਉਹ ਇਸ ਤੋਂ pihl WdulAwdyik syho Dr m dyihs`yivc nhINsI Awel[ [੧੨]

ਸੋ ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿੱਥੇ ਮਹਾਨ ਧਾਰਮਿਕ ਆਗੂ ਹੋਏ, ਉੱਥੇ ਨਾਲ ਹੀ ਇਕ ਮਹਾਨ ਇਨਕਲਾਬੀ ਵੀ ਸਨ। ਜਿਨ੍ਹਾਂ ਨੇ ਇਕ ਨਵੀਂ ਸਮਾਜਿਕ, ਰਾਜਨੀਤਕ ਅਤੇ ਮਾਨਸਿਕ ਚੇਤਨਾ ਦਾ ਵਿਕਾਸ ਕੀਤਾ।

**ਹਵਾਲੇ ਅਤੇ ਟਿੱਪਣੀਆਂ**


੧. ਡਾ. ਰੂਪ ਸਿੰਘ (ਸੰਪਾ.), *ਸਿੱਖ ਸੰਗਰਾਮ ਦੀ ਦਾਸਤਾਨ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੧੦, ਪੰਨਾ-੧੦੫.

੨. ਸ. ਹਰਿੰਦਰ ਸਿੰਘ ਮਹਿਬੂਬ, *ਸਹਿਜੇ ਰਚਿਓ ਖ਼ਾਲਸਾ,* ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੦੪, ਪੰਨਾ-੭੬੩.

੩. ਬਲਦੇਵ ਸਿੰਘ ਬੱਦਨ (ਡਾ.), *ਨੈਸ਼ਨਲ ਪੰਜਾਬੀ ਕੋਸ਼,* ਨੈਸ਼ਨਲ ਬੁੱਕ ਸ਼ਾਪ, ਦਿੱਲੀ, ੨੦੦੯, ਪੰਨਾ-੫੦.

੪. ਸੁਰਿੰਦਰ ਸਿੰਘ (ਕੋਹਲੀ) (ਸੰਪਾ.), *ਪੰਜਾਬੀ ਸਾਹਿਤ ਕੋਸ਼ ਭਾਗ-ਪਹਿਲਾ,* ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ, ੨੦੦੦, ਪੰਨਾ-੩੨੫.

੫. ਸ਼ੇਰ ਸਿੰਘ (ਪ੍ਰੋ.), *ਗੁਰਮਤਿ ਦਰਸ਼ਨ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੧੦, ਪੰਨਾ-੬੪.

੬. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ, ਗੁਰੂ ਗੋਬਿੰਦ ਸਿੰਘ ਵਿਸ਼ੇਸ਼ ਅੰਕ,* ਦਸੰਬਰ ੨੦੦੭, ਪੰਨਾ-੭੯.

੭. ਸ. ਜਗਜੀਤ ਸਿੰਘ, *ਸਿੱਖ ਇਨਕਲਾਬ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੦੨, ਪੰਨਾ-੧੯੭.

੮. ਸਿਰਦਾਰ ਕਪੂਰ ਸਿੰਘ, *ਗੁਰੂ ਗੋਬਿੰਦ ਸਿੰਘ ਜੀ ਦੀ ਵੈਸਾਖੀ,* ਵਾਰਿਸ ਸ਼ਾਹ ਫ਼ਾਉਂਡੇਸ਼ਨ, ਸ੍ਰੀ ਅੰਮ੍ਰਿਤਸਰ, ੨੦੧੪, ਪੰਨਾ-੧੮-੧੯.

੯. ਸਰਬਜਿੰਦਰ ਸਿੰਘ (ਸੰਪਾ.), *ਸਿੱਖ ਧਰਮ ਸਿਧਾਂਤਕ ਤੇ ਇਤਿਹਾਸਕ ਪਰਿਪੇਖ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੧੦, ਪੰਨਾ-੫੭.

੧੦. ਗੋਕਲ ਚੰਦ ਨਾਰੰਗ, *ਸਿੱਖ ਮਤ ਦਾ ਪਰਿਵਰਤਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੯, ਪੰਨਾ-੭੬.

੧੧. ਜੀਤ ਸਿੰਘ ਸੀਤਲ (ਡਾ.) (ਸੰਪਾ.), *ਸ੍ਰੀ ਗੁਰ ਪੰਥ ਪ੍ਰਕਾਸ਼,* ਭਾਈ ਰਤਨ ਸਿੰਘ ਭੰਗੂ, ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ, ੨੦੦੫, ਪੰਨਾ-੭੨.

੧੨. ਸ. ਹਰਿੰਦਰ ਸਿੰਘ ਮਹਿਬੂਬ, *ਸਹਿਜੇ ਰਚਿਓ ਖ਼ਾਲਸਾ,* ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੦੪, ਪੰਨਾ-੯੬੨


■

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੰਮੂ ਵੱਲ ਸਫ਼ਰ

*-ਡਾ. ਜਸਬੀਰ ਸਿੰਘ ਸਰਨਾ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੈਗ਼ੰਬਰੀ ਅਜ਼ਮਤ ਅਤੇ ਗਤੀਸ਼ੀਲ ਦੈਵੀ ਸ਼ਕਤੀ ਵਾਲੇ ਮਹਾਂਪੁਰਖ ਹੋਏ ਹਨ। ਗੁਰੂ ਸਾਹਿਬ ਦੇ ਕੋਹਿਨੂਰੀ ਜਲਾਲ ਦੀ ਇਕ ਝਲਕ ਜਿਸ ਨੇ ਵੀ ਵੇਖੀ, ਉਹ ਇਲਾਹੀ ਨੂਰ ਨਾਲ ਚੁੰਧਿਆ ਜਾਂਦਾ ਰਿਹਾ ਹੈ। ਉਨ੍ਹਾਂ ਦਾ ਬ੍ਰਹਮ-ਫ਼ਲਸਫ਼ਾ ਉਨ੍ਹਾਂ ਦੀ ਬਾਣੀ ਵਿਚ ਆਪ ਮੁਹਾਰੇ ਉਦੈ ਹੁੰਦਾ ਹੈ। ਗੁਰੂ ਸਾਹਿਬ ਦਾ ਸੰਘਰਸ਼ ਧਾਰਮਿਕ ਅਸਹਿਣਸ਼ੀਲਤਾ ਅਤੇ ਅੱਤਿਆਚਾਰਾਂ ਖ਼ਿਲਾਫ਼ ਇਕ ਜੰਗੀ ਐਲਾਨ-ਨਾਮਾ ਸੀ। ਇਹੋ ਕਾਰਨ ਹੈ ਕਿ ਉਨ੍ਹਾਂ ਤੋਂ ਜਾਨ ਨਿਛਾਵਰ ਕਰਨ ਵਾਲਿਆਂ ਵਿਚ ਹਿੰਦੂ ਅਤੇ ਮੁਸਲਮਾਨ ਦੋਹਾਂ ਧਰਮਾਂ ਦੇ ਲੋਕ ਸਨ। ਗੁਰੂ ਸਾਹਿਬ ਅਨੁਸਾਰ ਬਾਹਰੀ ਰੂਪ ਵਿਭਿੰਨ ਹੋਣ ਦੇ ਬਾਵਜੂਦ ਮੂਲ ਸਚਾਈ ਇੱਕੋ ਹੈ ਕਿ ਸਾਰੇ ਮਨੁੱਖ ਸਮਾਨ ਹਨ:

*ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ*
*ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ।*
*ਕਰਤਾ ਕਰੀਮ ਸੋਈ ਰਾਜਕ ਰਹੀਮ ਓਈ*
*ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ। . . .*
*ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ*
*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥* *(ਦਸਮ ਗ੍ਰੰਥ)*

ਜੰਮੂ-ਕਸ਼ਮੀਰ ਰਿਆਸਤ ਦੀ ਸਰਦੀਆਂ ਦੀ ਰਾਜਧਾਨੀ 'ਜੰਮੂ' ਸ਼ਹਿਰ ਹੈ, ਜੋ ਸੂਬੇ ਦਾ ਸਦਰ-ਮੁਕਾਮ ਵੀ ਹੈ। ਇਹ ਦਰਿਆ ਤਵੀ ਦੇ ਕੰਢੇ ਆਬਾਦ ਹੈ। ਜੰਮੂ ਦਾ ਅਕਸ਼ਾਂਸ਼ ੭੪-੫੫ ਅਤੇ ਰੇਖਾਂਸ਼ ਦੇਸ਼ਾਂਤਰ ੩੨-੪੪ ਹੈ। ਇਹ ਸ਼ਹਿਰ ਬਹੁਤ ਪੁਰਾਣਾ ਹੈ। ਜੰਮੂ ਦੀ ਤਵਾਰੀਖ਼ ਕੇਵਲ ਮੌਖਿਕ ਅਤੇ ਵਾਰਾਂ ਦੀ ਰੀਤ ਰਾਹੀਂ ਹੀ ਜ਼ਿੰਦਾ ਰਹਿ ਸਕੀ ਹੈ। ਕੁਝ ਪਰਵਾਰਾਂ ਦੇ ਬੰਸਾਵਲੀਨਾਮੇ ਜਾਂ ਗੁਪਤ ਦਸਤਾਵੇਜ਼ਾਂ ਨੇ ਵੀ ਇਸ ਦੇ ਇਤਿਹਾਸ ਨੂੰ ਸੁਰੱਖਿਅਤ ਰੱਖਿਆ ਹੈ। ਰਾਜਤਰੰਗਨੀ ਅਤੇ ਨੀਲਤਮਪੁਰਾਣ ਅਨੁਸਾਰ ਜੰਮੂ[੧] ਇਲਾਕੇ ਨੂੰ ਵੱਖ-ਵੱਖ ਨਾਮ ਦਿੱਤੇ ਗਏ ਹਨ। ਅਸਲ ਵਿਚ ੧੯ਵੀਂ ਸਦੀ ਤੋਂ ਹੀ ਜੰਮੂ ਦੇ ਇਤਿਹਾਸਿਕ ਸਰੋਤਾਂ ਦੇ ਹਵਾਲੇ ਮਿਲਣੇ ਸ਼ੁਰੂ ਹੁੰਦੇ ਹਨ, ਜੋ ਸਮੇਂ-ਸਮੇਂ ਅੰਗਰੇਜ਼ ਯਾਤਰੀਆਂ ਦੇ ਰੋਜ਼ਨਾਮਚਿਆਂ ਆਦਿ ਵਿਚ ਸਾਂਭੇ ਪਏ ਹਨ।

ਜੰਮੂ ਸ਼ਹਿਰ ਵਿਚ ਸ੍ਰੀ ਗੁਰੂ ਨਾਨਕ ਸਾਹਿਬ, ਸ੍ਰੀ ਗੁਰੂ ਹਰਿਰਾਇ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪਵਿੱਤਰ ਚਰਨ ਪਏ ਹਨ। ਇਤਿਹਾਸਿਕ

*Sant Niwas, R-11, Swarn Colony, Gole Gujral, Jammu Tawi-180002; M: 099065-66604

ਸੋਮਿਆਂ ਅਨੁਸਾਰ ਗੁਰੂ ਨਾਨਕ ਸਾਹਿਬ ਆਪਣੀ ਇਕ ਉਦਾਸੀ ਸਮੇਂ ਜੰਮੂ ਆਏ ਸਨ:

*ਤੱਤ ਛਿਨ ਜੰਮੂ ਪੁਰ ਮਹਿ ਆਏ।* *(ਗੁ.ਨਾ.ਪ੍ਰ.)*

ਤਵੀ ਦਰਿਆ ਦੇ ਕਿਨਾਰੇ ਬਣੀ 'ਜਾਮਦੇਵ' ਦੀ ਗੁਫ਼ਾ ਵਿਚ ਜਾ ਕੇ ਜੋਗੀਆਂ ਨਾਲ ਚਰਚਾ ਕੀਤੀ ਅਤੇ ਸ਼ਬਦ ਉਚਾਰਨ ਕੀਤੇ। ਗੁਰੂ ਸਾਹਿਬ ਤੋਂ ਬਾਅਦ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਜੰਮੂ ਦੀ ਧਰਤੀ ਨੂੰ ਫ਼ੈਜ਼ਯਾਬ ਕੀਤਾ ਸੀ। ਕਸ਼ਮੀਰ ਤੋਂ ਵਾਪਸੀ ਦਾ ਰਸਤਾ ਗੁਰੂ ਸਾਹਿਬ ਨੇ ਜੋ ਚੁਣਿਆ, ਉਹ ਸੀ ਅਖਨੂਰ, ਜੰਮੂ, ਰਾਮਗੜ੍ਹ ਖਿਰੜੀ, ਸਾਂਬਾ, ਪਠਾਨਕੋਟ ਤੋਂ ਹੁੰਦੇ ਹੋਏ ਕੋਟਗੁਰੂ ਹਰਿਰਾਇ (ਕੀਰਤਪੁਰ) ਪੁੱਜੇ ਸਨ। ਗੁਰੂ ਸਾਹਿਬ ਦੇ ਇਸ ਸਫਰ ਬਾਰੇ 'ਭੱਟਵਹੀ ਤਲਉਂਢਾ, ਪਰਗਣਾ ਜੀਂਦ' ਵਿਚ ਅੰਕਿਤ ਹੈ:

"ਗੁਰੂ ਹਰਿਰਾਇ ਜੀ ਮਹਿਲ ਸਤਮਾਂ ਬੇਟਾ ਬਾਬਾ ਗੁਰਦਿਤਾ ਜੀ ਕਾ, ਸੰਮਤ ਸਤਰਾਂ ਸੈ ਸਤਾਰਾਂ ਕ੍ਰਿਸ਼ਨਾ ਪਖੇ ਜੇਠ ਮਾਸ ਕੀ ਪੰਚਮੀ ਕੇ ਦਿਹੁੰ ਸ੍ਰੀ ਨਗਰ ਆਏ। ਕਸ਼ਮੀਰ ਦੇਸ਼ ਮੇਂ, ਗੈਲੇ ਮਖਨ ਸ਼ਾਹ ਬੇਟਾ ਦਾਸੇ ਕਾ, ਪੋਤਾ ਬਿੰਨੇ ਕਾ, ਨਾਤੇ ਬਹੋੜੂ ਕੇ, ਬੰਸ ਸਾਉਨ ਕੀ, ਪਲੀਆ ਗੋਤਰ ਬਨਜਾਰਾ . . .।"[੨]

ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸ੍ਰੀ ਗੁਰੂ ਹਰਿਰਾਇ ਸਾਹਿਬ ਅਖਨੂਰ ਤੋਂ ਹੁੰਦੇ ਹੋਏ ਜੰਮੂ, ਅਜੋਕੇ ਗੁਰਦੁਆਰਾ ਟਾਲੀ ਸਾਹਿਬ, ਤਲਾਬ-ਤਿਲੋ ਦੇ ਆਸ-ਪਾਸ ਨਿਵਾਸ ਕੀਤਾ ਹੋਵੇਗਾ, ਜਿੱਥੇ ਆਸ-ਪਾਸ ਦੀਆਂ ਸੰਗਤਾਂ ਨੇ ਆ ਕੇ ਦਰਸ਼ਨ ਕੀਤੇ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ੧੬੯੨ ਈ. ਵਿਚ ਰਵਾਲਸਰ ਗਏ ਸਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਰਿਆਸਤ ਮੰਡੀ ਵਿਚ ਪਹਾੜ ਦੀ ਸਿਕੰਦਰ ਧਾਰਾ ਦਾ ਇਕ ਤਾਲ, ਜੋ ਪ੍ਰਸਿੱਧ ਤੀਰਥ ਹੈ, ਇਹ ਰਾਜਧਾਨੀ ਮੰਡੀ ਤੋਂ ਦਸ ਮੀਲ ਪੱਛਮ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਇਸ ਤੀਰਥ ਦੇ ਵੈਸਾਖੀ ਮੇਲੇ ਪੁਰ ਪਹਾੜੀ ਰਾਜਿਆਂ ਨੂੰ ਸੁਮਤਿ ਦੇਣ ਲਈ ਇਕ ਵਾਰ ਪਧਾਰੇ ਸਨ, ਤਾਲ ਦੇ ਕਿਨਾਰੇ ਇਕ ਉੱਚੇ ਥਾਂ ਗੁਰੂ ਸਾਹਿਬ ਦੇ ਵਿਰਾਜਨ ਦੇ ਥਾਂ ਦਮਦਮਾ ਬਣਿਆ ਹੋਇਆ ਹੈ, ਰਵਾਸਲਸਰ ਤਾਲ ਪਾਸ ਜੋ ਵਸਤੀ ਹੈ, ਉਸ ਦਾ ਨਾਮ ਭੀ ਰਵਾਲਸਰ ਹੋਗਿਆ ਹੈ।[੩] ਰਵਾਲਸਰ[੪] ਦੇ ਤੀਰਥ 'ਤੇ ਹਰ ਸਾਲ ਵੈਸਾਖੀ ਦਾ ਮੇਲਾ ਲੱਗਦਾ ਹੈ। ਰਵਾਲਸਰ ਪਿੰਡ ਮੰਡੀ ਤੋਂ ੧੬ ਕਿਲੋਮੀਟਰ ਦੂਰ ਹੈ। ਗੁਰੂ ਸਾਹਿਬ ਇਸ ਥਾਂ ੨੯ ਮਾਰਚ, ੧੬੯੨ ਨੂੰ ਆਏ ਸਨ। ਗੁਰੂ ਸਾਹਿਬ ੧੬੭੨ ਤੋਂ ੧੭੦੫ ਈ. ਤਕ ਸ੍ਰੀ ਅਨੰਦਪੁਰ ਸਾਹਿਬ ਹੀ ਰਹੇ। ਇਕ ਸੋਮੇ[੫] ਅਨੁਸਾਰ ਗੁਰੂ ਸਾਹਿਬ ਨੇ ਸਿੱਖਾਂ ਨੂੰ ਸੁਣਾਯਾ ਸੀ ਕਿ, ਭਾਈ ਸਿੱਖੋ। ਏਨ੍ਹਾਂ ਦੀ ਕੋਮਲਤਾ ਅਤੇ ਨਿਉਣੀ ਖਿਉਣੀ ਬਿਲੇਵਾਈ ਅਰ ਸਫਾਈ ਕੋੜੀ ਤੂੰਬੀ ਤੇ ਸ਼ੀਰਤ ਜ਼ਹਿਰੀਲੀ ਮਠਿਆਈ ਸਮਝ ਕੇ ਏਨ੍ਹਾਂ ਦਾ ਧੋਖਾ ਨਾ ਖਾਣਾ,

ਏ ਬੜੇ ਭਾਈ ਦਗੇਬਾਜ਼ ਹਨ। ਸੱਕੇ ਮਾਂ-ਬਾਪ ਨਾਲ ਭੀ ਦਗਾ ਕਰਨੋਂ ਫਰਕ ਨਹੀਂ ਰੱਖਦੇ।"

ਭਾਵੇਂ ਗੁਰੂ ਸਾਹਿਬ ਨੂੰ ਰਾਜਿਆਂ ਦੇ ਦਗ਼ੇਬਾਜ਼ੀ ਦਾ ਪਹਿਲਾਂ ਹੀ ਇਲਮ ਸੀ ਪਰ ਫਿਰ ਵੀ ਗੁਰੂ ਸਾਹਿਬ ਆਪਣੇ ਮੁਖੀ ਸਿੱਖਾਂ ਨਾਲ ਰਵਾਲਸਰ ਜਾਣ ਦੀ ਰਾਜਿਆਂ ਦੀ ਬੇਨਤੀ ਪ੍ਰਵਾਨ ਕਰ ਲਈ।

"ਦੂਜੇ ਦਿਨ ਜਦੋਂ ਸਾਰੇ ਰਾਜੇ ਰਵਾਲਸਰ ਦੇ ਮੇਲੇ 'ਤੇ ਆਏ ਤਾਂ ਲੋਕਾਂ ਦਾ ਦੀਵਾਨ ਗਹਿਮਾ-ਗਹਿਮ ਕਰ ਰਿਹਾ ਸੀ। ਉਸੇ ਸਮੇਂ ਇਕ ਫਰੁੱਖਾਬਾਦ ਵਾਲੇ ਕਾਰਗੀਰ ਲੁਹਾਰ ਸਿੱਖ ਨੇ ਇਕ ਬੰਦੂਕ ਦੁਨਾਲੀ ਦੇ ਤਮੰਚੇ, ਦੋ ਬਾਘ ਬੱਚੇ, ਦੋ ਕਮਾਣਾਂ, ਤਿੰਨ ਸੌ ਕਾਨੀ ਤੀਰਾਂ ਦੀ ਅਤੇ ਦੋ ਤਲਵਾਰਾਂ ਗੁਰੂ ਜੀ ਅੱਗੇ ਅਰਪਣ ਕੀਤੀਆਂ। ਉਨ੍ਹਾਂ ਸ਼ਸਤਰਾਂ ਨੂੰ ਵੇਖ ਕੇ ਸਭ ਰਾਜੇ ਵਾਹ-ਵਾਹ ਕਰ ਰਹੇ ਸੀ, ਤਾਂ ਗੁਰੂ ਜੀ ਨੇ ਉਹੋ ਦੁਨਾਲੀ ਬੰਦੂਕ ਭਰ ਕੇ ਕਿਹਾ ਕਿ ਸੌ ਗਜ਼ ਉੱਤੇ ਕੋਈ ਸਿੱਖ ਨਿਸ਼ਾਨੇ ਦੇ ਸਾਹਮਣੇ ਖੜ੍ਹਾ ਹੋਵੇ, ਤਾਂ ਇਸ ਦੀ ਮਾਰ ਵੇਖੀ ਜਾਵੇ। ਏਨਾ ਬਚਨ ਸੁਣ ਕੇ ਹੀ ਅਨੇਕ ਸਿੱਖ ਖੜ੍ਹੇ ਹੋ ਗਏ। ਗੁਰੂ ਜੀ ਨੇ ਕਿਹਾ ਬੀਸ-ਤੀਸ ਕਦਮਾਂ ਪੁਰ ਜਾ ਖੜੋਵੋ, ਦੇਖੀਏ ਕਿਤਨਿਆਂ ਵਿਚ ਦੀ ਗੋਲੀ ਨਿਕਲਦੀ ਹੈ। ਝੱਟ ਸਿੱਖਾਂ ਦੀ ਕਤਾਰ ਖੜੀ ਹੋ ਗਈ। ਇੱਕ ਤੋਂ ਅੱਗੇ ਇਕ ਅੱਗੇ ਹੋਣਾ ਚਾਹੁੰਦਾ ਸੀ। ਭਾਵੇਂ ਗੁਰੂ ਜੀ ਨੇ ਬੰਦੂਕ ਉਤਾਂਹ ਕਰ ਕੇ ਚਲਾ ਦਿੱਤੀ, ਪਰ ਸਿੱਖ ਜ਼ਰਾ ਨਾ ਡੋਲੇ। ਏਹ ਕੌਤਕ ਗੁਰੂ ਜੀ ਦਾ ਤੇ ਸਿੱਖਾਂ ਦੇ ਸਿਦਕ ਵੇਖ ਕੇ ਸਭ ਲੋਕ ਹੱਕੇ-ਬੱਕੇ ਰਹਿ ਗਏ ਤੇ ਰਾਜਿਆਂ ਨੇ ਆਖਿਆ ਕਿ ਜਿਨ੍ਹਾਂ ਦੇ ਸਿੱਖ ਅਜੇਹੇ ਸਿੱਦਕ ਵਾਲੇ ਸਿਰੋਂ ਪਰੇ ਡੇਰਾ ਰੱਖਦੇ ਹਨ, ਉਨ੍ਹਾਂ ਨਾਲ ਸਾਡੀ ਲੜਾਈ ਕੀ ਪੁੱਜਦੀ ਹੈ?"[੬]

ਰਵਾਲਸਰ ਤੀਰਥ[੭] 'ਤੇ ਬਾਈ ਧਾਰ ਦੇ ਰਾਜੇ ਇਕੱਠੇ ਹੋਏ ਸਨ। ਉਸੇ ਤੀਰਥ 'ਤੇ ਗੁਰੂ ਸਾਹਿਬ ਦਾ ਪਰਮ-ਮਿੱਤਰ ਜੰਮੂ ਦਾ ਰਾਜਾ ਗਜੈ ਸਿੰਘ ਰਾਜਪੂਤ ਅਤੇ ਉਸ ਦਾ ਭਰਾ ਜਸਵੰਤ ਸਿੰਘ ਵੀ ਵੈਸਾਖੀ ਦੇ ਮੇਲੇ 'ਤੇ ਆਏ ਸਨ। ਰਾਜਾ ਗਜੈ ਸਿੰਘ ਨੇ ਗੁਰੂ ਸਾਹਿਬ ਨੂੰ ਗੁਪਤ ਤੌਰ 'ਤੇ ਰਾਜਿਆਂ ਦੀ ਦਗ਼ਾਬਾਜ਼ੀ ਅਤੇ ਹੋਰ ਪੈਂਤੜੇਬਾਜ਼ੀਆਂ ਦੀ ਕਨਸੋਅ ਤੋਂ ਆਗਾਹ ਕਰਾ ਦਿੱਤਾ ਸੀ। ਇਸੇ ਲਈ ਗੁਰੂ ਸਾਹਿਬ ਨੇ ਰਵਾਲਸਰ ਤੋਂ ਵਾਪਸੀ ਦਾ ਰਸਤਾ ਹੋਰ ਚੁਣਿਆ ਅਤੇ ਰਾਜਾ ਜੈ ਸਿੰਘ ਦੀ ਬੇਨਤੀ ਪ੍ਰਵਾਨ ਕਰ ਕੇ ਜੰਮੂ ਵੱਲ ਚਲੇ ਗਏ। ਜੰਮੂ ਜਾਣ ਦਾ ਗੁਰੂ ਸਾਹਿਬ ਦਾ ਗੁਪਤ ਪਲਾਨ ਹੀ ਆਖਿਆ ਜਾ ਸਕਦਾ ਹੈ। ਗੁਰੂ ਸਾਹਿਬ ਪਹਿਲੀ ਵਾਰ ਜੰਮੂ ਦੇ ਪਹਾੜੀ ਇਲਾਕੇ ਵੱਲ ਆਏ ਸਨ। ਰਾਜਾ ਗਜੈ ਸਿੰਘ ਅਤੇ ਉਸ ਦਾ ਛੋਟਾ ਭਾਈ ਜਸਵੰਤ ਸਿੰਘ 'ਨਿਹਾਲ'[੮] ਵਾਲੀ ਥਾਂ 'ਤੇ ਗੁਰੂ ਸਾਹਿਬ ਅਤੇ ਸਿੱਖਾਂ ਦਾ ਇੰਤਜ਼ਾਰ ਕਰਦੇ ਸਨ। ਰਾਜਾ ਗਜੈ ਸਿੰਘ ਦੀ ਰਾਣੀ ਰਾਜ ਕੌਰ ਨੇ ਗੁਰੂ ਸਾਹਿਬ ਦਾ ਬੜਾ ਆਦਰ ਕੀਤਾ। ਜੰਮੂ ਵਿਚ ਬਣੇ ਕਿਲ੍ਹਿਆਂ ਦਾ ਗੁਰੂ ਸਾਹਿਬ ਨੇ ਚੰਗੀ ਤਰ੍ਹਾਂ ਨਿਰੀਖਣ ਕੀਤਾ। ਇਹ ਵਿਸ਼ਵਾਸ ਕੀਤਾ ਜਾਂਦਾ ਹੈ

ਕਿ ਗੁਰੂ ਸਾਹਿਬ ਰਾਜਾ ਗਜੈ ਸਿੰਘ ਦੇ ਮਹਿਮਾਨ-ਖੁਸੂਸੀ ਹੋਣ ਦੇ ਨਾਤੇ ਕਿਲ੍ਹੇ ਲਾਗੇ ਹੀ ਨਿਵਾਸ ਕੀਤਾ ਹੋਵੇਗਾ। ਇੱਥੇ ਹੀ ਰਾਜੌਰੀ, ਕਿਸ਼ਤਵਾੜ, ਚਨੈਨੀ ਆਦਿ ਦੇ ਰਾਜੇ-ਸ਼ਹਿਜ਼ਾਦੇ ਮਿਲੇ ਹੋਣਗੇ, ਜਿਨ੍ਹਾਂ ਮਾਧੋ ਦਾਸ (ਬਾਬਾ ਬੰਦਾ ਸਿੰਘ ਬਹਾਦਰ) ਦੀ ਦਲੇਰੀ ਅਤੇ ਸੂਰਮਤਾਈ ਦੀਆਂ ਦਾਸਤਾਨਾਂ ਗੁਰੂ ਸਾਹਿਬ ਨੂੰ ਦੱਸੀਆਂ ਹੋਣਗੀਆਂ। ਯਾਦ ਰਹੇ ਕਿ ਰਾਜਾ ਗਜੈ ਸਿੰਘ ਭੀਨ ਸੈਨ ਕਹਲੂਰੀਏ ਦਾ ਸਬੰਧੀ ਸੀ। ਗੁਰੂ ਸਾਹਿਬ ਦੇ ਜੰਮੂ ਆਉਣ ਦਾ ਸਭ ਤੋਂ ਪਹਿਲਾ ਜ਼ਿਕਰ 'ਭੱਟ ਵਹੀਆਂ' ਵਿਚ ਆਇਆ ਹੈ।

"... ਇਸੀ ਤੀਰਥ ਤੈ ਰਾਜਾ ਗਜੈ ਸਿੰਘ ਦੀ ਬੇਨਤੀ ਮਾਨ ਕੇ ਉਸ ਕੇ ਗੈਲ ਆਏ। ਬੈਸਾਖ ਸੁਦੀ ਪੂਰਨਮਾ ਕੇ ਦਿਵਸ ਪੁਰਮੰਡਲ ਤੀਰਥ ਜਾਇ ਪਹੁੰਚੇ। ਗੁਰੂ ਜੀ ਕਾ ਆਨਾ ਸੁਨ ਸਿੱਖ ਸੰਗਤਾਂ ਦਰਸ਼ਨ ਪਾਨੈ ਹੁਮ ਹੁਮਾਇ ਕੇ ਆਈਆਂ। ਕਾਈ ਵਾਰਾ ਪਾਰ ਨਾ ਰਹਾ। ਸਤਿਗੁਰੂ ਜੀ ਏਕ ਦਿਵਸ ਪੁਰਮੰਡਲ ਤੀਰਥ ਤੇ ਰਹਿ ਕੇ ਅਗਲੇ ਦਿਹੁੰ ਪਹਾੜਾਂ ਕੇ ਸੈਰ ਕਰਤੇ ਹੂਏ ਜੰਮੂ ਨਗਰੀ ਮੈਂ ਆਇ ਬਿਰਾਜੇ। ਅਗਲੇ ਦਿਵਸ ਰਾਜਾ ਜੀ ਕੇ ਗੈਲ ਤਿਰਕੁਟਾ ਦੇਵੀ ਦਾ ਅਸਥਾਨ ਦੇਖਾ।"[੯]

'ਭੱਟ ਵਹੀਆਂ' ਤੋਂ ਬਾਅਦ 'ਰਾਜ ਦਰਸ਼ਨੀ'[੧੦] ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੰਮੂ ਆਉਣ ਦਾ ਸੰਕੇਤ ਆਉਂਦਾ ਹੈ। ਇਸੇ ਤਰ੍ਹਾਂ ਤਾਰੀਖ਼ ਜਦੀਦ ਡੋਗਰਾ ਦੇਸ਼[੧੧] (ਹਿੱਸਾ ਅੱਵਲ) ਉਰਦੂ ਦੀ ਪੁਸਤਕ ਵਿਚ ਵੀ ਗੁਰੂ ਸਾਹਿਬ ਦਾ ਜੰਮੂ ਆਉਣ ਦਾ ਹਵਾਲਾ ਮਿਲਦਾ ਹੈ, ਪਰ ਇਸ ਵਿਚ ਤਾਰੀਖ਼ ਦੀ ਮਿਤੀ, ਲੇਖਕ ਨੇ ੧੬੯੨ ਈ. ਦੀ ਥਾਂ ੧੬੭੨ ਈ. ਗਲਤ ਲਿਖ ਦਿੱਤੀ ਹੈ, ਜਦ ਕਿ ਭੱਟ ਵਹੀਆਂ ਦੀ ਮਿਤੀ ਬਿਲਕੁਲ ਠੀਕ ਹੈ। ਸਾਨੂੰ ਇਕ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਪੰਥ ਸਾਜਣ ਤੋਂ ਸੱਤ ਸਾਲ ਪਹਿਲਾਂ ਦੀ ਇਹ ਘਟਨਾ ਹੈ। ਇਸ ਘਟਨਾ ਨੂੰ ਉਸੇ ਸੰਦਰਭ ਵਿਚ ਦੇਖਣਾ ਚਾਹੀਦਾ ਹੈ। ਗੁਰੂ ਸਾਹਿਬ ਨੇ ਜੰਮੂ ਵਿਚ ਬਣੇ ਕਿਲ੍ਹਿਆਂ ਦਾ ਚੰਗੀ ਤਰ੍ਹਾਂ ਨਿਰੀਖਣ ਕੀਤਾ। ਗੁਰੂ ਸਾਹਿਬ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਹਿਫਾਜ਼ਤ ਲਈ ਕਿਲ੍ਹੇ ਉਸਾਰੇ ਸਨ। ਇਹ ਕਿਲ੍ਹੇ ਸਨ ਅਨੰਦਗੜ੍ਹ, ਕੇਸਗੜ੍ਹ, ਲੋਹਗੜ੍ਹ, ਹੋਲਗੜ੍ਹ, ਫਤਹਿਗੜ੍ਹ ਆਦਿ। ਇਹ ਸਾਰੇ ਕਿਲ੍ਹੇ ਕੇਸਗੜ੍ਹ ਕਿਲ੍ਹੇ ਦੇ ਆਸ-ਪਾਸ ਹੀ ਉਸਾਰੇ ਗਏ ਸਨ। ਇਨ੍ਹਾਂ ਕਿਲ੍ਹਿਆਂ ਦੀ ਉਸਾਰੀ ਨੂੰ ਦਸ ਸਾਲ (੧੬੯੯ ਈ. ਤੋਂ ੧੭੦੫ ਈ. ਤਕ) ਲੱਗੇ ਸਨ।

ਰਾਜਾ ਗਜੈ ਸਿੰਘ ਤੋਂ ਵਿਦਾਇਗੀ ਲੈ ਕੇ ਗੁਰੂ ਸਾਹਿਬ ਆਪਣੇ ਪ੍ਰਮੁੱਖ ਸਿੰਘਾਂ ਨਾਲ ਚੱਕ ਕਾਨ੍ਹਾ, ਰਾਮਗੜ੍ਹ, ਖਿਰੜੀ, ਸਾਂਬਾ, ਪਠਾਨਕੋਟ, ਹੁਸ਼ਿਆਰਪੁਰ ਆਦਿ ਨਗਰਾਂ ਤੋਂ ਹੁੰਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਆ ਗਏ ਸਨ। ਪੰਜਾਬ ਆਉਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਰਾਜਾ ਗਜੈ ਸਿੰਘ ਨੂੰ ਇਕ ਦਸਤਾਰ ਅਤੇ ਉਸ ਦੇ ਭਰਾ ਜਸਵੰਤ ਸਿੰਘ ਨੂੰ ਇਕ ਬਰਛੀ ਭੇਟਾ ਕੀਤੀ ਸੀ।[੧੨] 'ਬਰਛੀ' ਜਸਵੰਤ ਸਿੰਘ ਦੇ ਖ਼ਾਨਦਾਨ ਕੋਲ ਕਾਫੀ ਵਰ੍ਹੇ ਰਹੀ, ਪਰ ਹੁਣ ਉਸ ਦਾ ਕੋਈ ਪਤਾ ਨਹੀਂ ਚਲਦਾ ...।

ਇਕ ਵਾਰ ਗੁਰੂ ਸਾਹਿਬ 'ਬਸੌਲੀ'[੧੩] ਨਗਰ ਵੀ ਗਏ ਸਨ। ੧੭੦੦ ਈ. ਵਿਚ ਸਤਿਲੁਜ ਦਰਿਆ ਦੇ ਕੰਢੇ ਪਹਾੜੀ ਰਾਜਿਆਂ ਦੀਆਂ ਫੌਜਾਂ ਨਾਲ ਲੜਾਈ ਹੋਈ। ਸਿੱਖ ਫੌਜੀ ਜਾਨ ਤੋੜ ਕੇ ਲੜੇ ਜਿਸ ਕਾਰਨ ਪਹਾੜੀ ਫੌਜਾਂ ਨੂੰ ਮੂੰਹ ਦੀ ਖਾਣੀ ਪਈ[੧੪] ਬਸੌਲੀ ਦਾ ਰਾਜਾ ਧਰਮਪਾਲ (ਧੀਰਜਪਾਲ) ਗੁਰੂ ਸਾਹਿਬ ਦਾ ਵਿਸ਼ਵਾਸ-ਪਾਤਰ ਸੀ। ਗੁਰੂ ਸਾਹਿਬ ਅਤੇ ਸਿੱਖ ਫੌਜਾਂ ਬਸੌਲੀ ਨਗਰ ਪੁੱਜ ਗਈਆਂ। ਇੱਥੇ ਗੁਰੂ ਸਾਹਿਬ ਕੁਝ ਦਿਨ ਠਹਿਰੇ ਅਤੇ ਅਰਾਮ ਕੀਤਾ। ਬਸੌਲੀ ਦੇ ਜੰਗਲਾਂ ਵਿਚ ਸਿੰਘਾਂ ਨਾਲ ਸ਼ਿਕਾਰ 'ਤੇ ਵੀ ਜਾਂਦੇ ਰਹੇ।

ਉੱਪਰ ਸੰਖੇਪ ਚਰਚਾ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਪਵਿੱਤਰ ਕਦਮਾਂ ਨਾਲ ਜੰਮੂ ਦੀ ਧਰਤੀ ਨੂੰ ਫੈਜ਼ਯਾਬ ਕੀਤਾ। ਇਹੋ ਕਾਰਨ ਸੀ ਕਿ ਗੁਰੂ ਸਾਹਿਬ ਨੇ ਬਾਅਦ ਵਿਚ ਖਾਲਸਾ ਪੰਥ ਦੀ ਸਾਜਨਾ ਸਮੇਂ ਸੰਤ ਭਾਈ ਫੇਰੂ ਸਿੰਘ ਜੀ ਨੂੰ ਜੰਮੂ ਅਤੇ ਪਹਾੜ ਦੇਸ਼ ਵੱਲ ਖੰਡਾ ਬਾਟਾ ਦੇ ਕੇ ਰਵਾਨਾ ਕੀਤਾ ਸੀ।

**ਟਿੱਪਣੀਆਂ ਅਤੇ ਹਵਾਲੇ**

੧. Chark, Sukhdev Singh, *Historiography on Jammu,* Jammu, 1997, P.10

"It is interesting to note that there is no reference to Jammu as a place in the Raja Tarangini of Kalhana, though several adjoining places do figure in the text. It has been suggested that barring the ancient Names Jambu Nad and Jammu Marg of doubtful interpretation, no mention is found of Jammu in indo-persion histories, Prior to Timur,s auto biography 'Malfuzat-i-Timuri' a word of the first decade of the fifteenth century."

੨. ਕੌਸ਼ਿਸ਼, ਸਵਰੂਪ ਸਿੰਘ, ਭਾਈ *ਗੁਰੂ ਕੀਆਂ ਸਾਖੀਆਂ,* (ਸੰ. ਪਿਆਰਾ ਸਿੰਘ ਪਦਮ) ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੧੯੯੧, ਪੰਨਾ ੪੪-੪੫

੩. *ਗੁਰਸ਼ਬਦ ਰਤਨਾਕਰ ਮਹਾਨਕੋਸ਼,* ਨਵੀ ਦਿੱਲੀ, ਛਾਪ ੧੯੯੦, ਅੰਕ ੧੦੨੫

੪. Kirpal Singh, Kharak Singh-- *History of the Sikhs and Their Religion,* D.P.C, S.G.P.C, Sri Amritsar. 2004. P.298)

੫. ਗਿਆਨ ਸਿੰਘ, ਗਿਆਨੀ, *ਤਵਾਰੀਖ ਗੁਰੂ ਖਾਲਸਾ,* ਭਾਗ ਪਹਿਲਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਛਾਪ ੨੦੧੧, ਪੰਨਾ ੯੪੩-੯੪.

੬. ਪੂਰਵ ਅੰਕਿਤ, ੯੪੭

੭. Fauja singh, Dr., *Atlas Travels of Guru Gobind Singh,* Punjabi University, Patiala, 2002, P. 4

" . . . During his long stay here (Anandpur Sahib) he had several opportunities of going out and visiting prominent places of the neighbouring areas, Quite early, on the occasion of a Baisakhi fair, he Want to Rawalsar (Now in Mandi District) to see the sacred tank there is a raised plateform on a bank of the tank, which commemorates the gurus visit to the place"

੮. Badhera, Ganesh Das, *Rajdarshani : A Persion History of North Western India from earliest times in 1847 A.D.* (Translated by S.D.S Charak, Amotated by Anita Billawaria, Jammu, 1991, P. 152

" . . . After him his son Gaja Singh Received the title of raja, but the Government of the Country remained in the hands of imperial officers. It so happened That Guru Gobind Singh Came to Jammu hills Via Purmandal to Have the Sacred sight of the Devi Trikota. Raja Gaja Singh And Jaswant Singh, Both the Brothers reached the Place of Nihal and received the guru. The Guru Prayed For their well being and gave a dastar to the Raja and Steel-Spear to Jaswant Singh. It is Said that the Spear Was in Possession of Mian Rattan Dev hill the Reign of Raja Ranjit Dev and he carefully and respectfully guarded it."

੯. (i)*ਗੁਰੂ ਕੀਆਂ ਸਾਖੀਆਂ,* ਪੂਰਵ ਅੰਕਿਤ, ਪੰਨਾ ੧੦੭.

(ii)ਸਰਨਾ, ਜਸਬੀਰ ਸਿੰਘ, *ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ,* ਸੰਤ ਐਂਡ ਸਿੰਘ ਪਬਲਿਸ਼ਰ, ਕਸ਼ਮੀਰ, ੧੯੯੭, ਪੰਨਾ ੧੦੭

੧੦. (i) ਰਾਜ ਦਰਸ਼ਨੀ (ਤਵਾਰੀਖ ਰਾਜਾਗਨ-ਇ-ਜੰਮੂ) ਗਨੈਸ਼ ਦਾਸ ਬਡੇਰਾ ਦੀ ਫ਼ਾਰਸੀ ਲਿਖਤ ਹੈ, ਜੋ ੧੮੪੭ ਈ. ਵਿਚ ਮੁਕੰਮਲ ਹੋਈ। ਬਡੇਰਾ ਗੁਜਰਾਤ ਵਿਚ ਕਾਨੂੰਨਗੋ ਸੀ, ਜਿਸ ਨੂੰ ਰਾਜਾ ਗੁਲਾਬ ਸਿੰਘ ਜੰਮੂ ਲੈ ਆਇਆ ਅਤੇ ਦਫ਼ਤਰ ਰਿਆਸਤ ਵਿਚ ਨਿਯੁਕਤ ਕਰ ਦਿੱਤਾ। ਇਸ ਦੀ ਇਕ ਹੱਥ-ਲਿਖਤ ਬ੍ਰਿਟਿਸ਼ ਮਿਊਜ਼ਿਅਮ ਲਾਇਬ੍ਰੇਰੀ ਲੰਡਨ, ਇੰਗਲੈਂਡ ਵਿਚ ਮੌਜੂਦ ਹੈ।

(ii) ਸਰਨਾ, ਜਸਬੀਰ ਸਿੰਘ, *ਸਿੱਖ ਇਤਿਹਾਸ ਦੇ ਮੁੱਢਲੇ ਫ਼ਾਰਸੀ ਤੇ ਉਰਦੂ ਸਰੋਤ,* ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ, ੨੦੦੮, ਪੰਨਾ ੪੩

੧੧. (i) ਨਰਗਸ ਦਾਸ ਨਰਗਸ ਦੀਵਾਨ, *ਤਾਰੀਖ ਜਦੀਦ ਡੋਗਰਾ ਦੇਸ਼* (ਹਿੱਸਾ ਅੱਵਲ), ਚਾਂਦ ਪਬਲੀਕੇਸ਼ਨ ਹਾਊਸ-ਜੰਮੂ, ਜਨਵਰੀ ੧੯੬੭, ਪੰਨਾ ੭੯, ੨੯੯

"ਰਾਜਾ ਗਜੈ ਸਿੰਘ ਵਾਲੀ ਜੰਮੂ ਕੇ ਅਹਿਦ ਕਾ ਇਕ ਤਾਰੀਖੀ ਵਾਕਾ ਯੇ ਬੀ ਹੈ ਕਿ ਸਿੱਖੋਂ ਕੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਰਮੰਡਲ ਮੈਂ ਆਏ ਤੋਂ ਰਾਜਾ ਗਜੈ ਸਿੰਘ ਕੀ ਇਸਤਦਾਹ ਪਰ ਗੁਰੂ ਸਾਹਿਬ ਜੰਮੂ ਮੇਂ ਬੀ ਆਏ ਔਰ ਚੰਦ ਦਿਨ ਕਿਆਮ ਕਰ ਕੇ ਵੋਹ ਵਿਸ਼ਨੂੰ ਦੇਵੀ ਕੇ ਦਰਸ਼ਨੋਂ ਕੋ ਗਏ। ਵਾਪਸੀ ਪਰ ਬੀ ਜੰਮੂ ਸੇ ਹੋਤੇ ਹੂਏ ਪੰਜਾਬ ਚਲ੍ਹੇ ਗਏ।"...

"ਯੇਹ ਅਮਰ ਯਹਾਂ ਕਾਬਲੇ ਜ਼ਿਕਰ ਹੈ ਕਿ ਭਗਾਉਤੀ ਵੀਸ਼ਨੂੰ ਕੇ ਦਰਸ਼ਨੋ ਕੇ ਲੀਯੇ ੧੬੭੨ ਈ. ਮੈਂ ਸਿੱਖੋਂ ਕੇ ਦਸਮੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਏ-- ਔਰ ਵੋਹ ਜੰਮੂ ਮੇਂ ਰਾਜਾ ਗਜੈ ਸਿੰਘ ਵਾਲੀ ਜੰਮੂ ਕੇ ਮਹਿਮਾਨ ਰਹੇ।"

(ii) ਸ਼ਿਵ ਨਿਰਮੋਈ, ਪ੍ਰੋ, *ਡੁੱਗਰ ਕੀ ਲੋਕ ਗਥਾਹਾਂ,* ਜੰਮੂ, ੧੯੭੦, ਪੰਨਾ ੩੯

(iii) ਸ਼ਿਵ ਨਿਰਮੋਈ, ਪ੍ਰੋ, *ਡੁੱਗਰ ਕੇ ਦੇਵ ਅਸਥਾਨ, ਜੰਮੂ, ੧੯੮੮, ਪੰਨਾ ੩੯*

੧੨. ਸਰਨਾ, ਜਸਬੀਰ ਸਿੰਘ, *ਮੌਲਿਕ ਪੈੜਾਂ ਸਿਰਜਦਾ ਸਿੱਖ ਇਤਿਹਾਸ,* ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, ੨੦੧੫, ਪੰਨਾ ੪੭

੧੩. ਨਾਭਾ, ਕਾਨ੍ਹ ਸਿੰਘ ਭਾਈ, *ਗੁਰਸ਼ਬਦ ਰਤਨਾਕਰ ਮਹਾਨਕੋਸ਼,* ਦਿੱਲੀ ਛਾਪ ੧੯੯੦,ਪੰਨਾ ੮੨੫

੧੪. *History of the sikhs and their Religion,* opicit, P.297-298

■

# ਗੁਰਮਤਿ ਵਿਚਾਰਧਾਰਾ : ਇੱਕ ਅਧਿਐਨ

*-ਡਾ. ਸਰਬਜੀਤ ਕੌਰ**

ਮੱਧਕਾਲ ਦੇ ਪੰਜਾਬੀ ਸਾਹਿਤ ਚਿੰਤਨ ਦੀਆਂ ਅਧਿਆਤਮਕ ਕਾਵਿ ਧਾਰਾਵਾਂ ਭਗਤ-ਬਾਣੀ, ਸੂਫੀ-ਕਾਵਿ ਅਤੇ ਗੁਰਬਾਣੀ ਇੱਕੋ ਸਮੇਂ ਦੀਆਂ ਪ੍ਰਮੁੱਖ ਕਾਵਿ ਧਾਰਾਵਾਂ ਹਨ। ਭਾਰਤੀ ਸੰਸਕ੍ਰਿਤੀ ਅਤੇ ਸਾਹਿਤ ਦਾ ਮੂਲ ਪ੍ਰੇਰਨਾ-ਸਰੋਤ ਅਧਿਆਤਮਵਾਦ ਹੈ। ਭਾਰਤੀ ਸੱਭਿਆਚਾਰ ਤੇ ਸਾਹਿਤ ਵਿਕਾਸ ਪੜਾਅ ਉੱਪਰ ਧਰਮ ਮੂਲ ਪ੍ਰੇਰਕ ਸ਼ਕਤੀ ਰਿਹਾ ਹੈ। ਮਨੁੱਖੀ ਸੋਚਣੀ ਸਮਝਣੀ ਵਿਚ ਅੰਤਰ ਵੀ ਧਾਰਮਿਕ ਸੰਦਰਭਾਂ ਦੇ ਅੰਤਰਗਤ ਹੀ ਆਇਆ ਹੈ। ਭਾਰਤ ਦੀ ਧਰਤੀ 'ਤੇ ਹਰ ਇਨਕਲਾਬ ਧਰਮ ਦੇ ਪਲੇਟਫਾਰਮ ਦੇ ਜ਼ਰੀਏ ਆਇਆ ਹੈ। ਨਾਥਾਂ-ਜੋਗੀਆਂ, ਸਿੱਧਾਂ, ਜੈਨੀਆਂ ਅਤੇ ਸ਼ੈਵਾਂ, ਆਦਿ ਸਾਰਿਆਂ ਨੇ ਆਪਣੇ ਵਿਚਾਰਾਂ ਦਾ ਅਰੰਭ ਧਾਰਮਿਕ ਪਲੇਟਫਾਰਮ ਤੋਂ ਹੀ ਸ਼ੁਰੂ ਕੀਤਾ ਹੈ। "ਰਾਮਾਇਣ ਅਤੇ ਮਹਾਂਭਾਰਤ ਦੇ ਰਚੈਤਿਆਂ ਨੇ ਸਮਕਾਲੀ ਸਮਾਜਿਕ ਸਥਿਤੀ ਨੂੰ ਅਧਿਆਤਮਕਤਾ ਦੇ ਸੰਦਰਭ ਵਿਚ ਰੋਸ਼ਨੀ ਪਾਈ, ਇਸ ਵਿਚ ਲੌਕਿਕ ਅਤੇ ਪਾਰਲੌਕਿਕ ਜੀਵਨ ਦੇ ਵੇਰਵੇ ਸੰਤੁਲਿਤ ਸਮਨਵੈ ਕਰਨ ਦੀ ਕੋਸ਼ਿਸ ਕੀਤੀ ਗਈ। ਇਹ ਸਮਨਵੈ ਹੀ ਭਾਰਤੀ ਸੰਸਕ੍ਰਿਤੀ ਦਾ ਆਧਾਰ ਵੀ ਹੈ ਤੇ ਗੌਰਵ ਵੀ ਹੈ"।[੧]

ਗੁਰਮਤਿ ਵਿਚਾਰਧਾਰਾ ਨੂੰ ਜਾਣਨ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਮੱਧਕਾਲੀ ਪੰਜਾਬੀ ਸਾਹਿਤ ਦੇ ਲੰਮੇ ਅਰਸੇ ਵਿਚ ਇੱਕ ਤੋਂ ਵੀ ਵਧੀਕ ਵਿਚਾਰਧਾਰਾਈ ਕਾਵਿ ਪਰੰਪਰਾਵਾਂ ਇਕ ਦੂਜੇ ਦੇ ਸਮਵਿੱਥ ਚੱਲਦੀਆਂ ਰਹੀਆਂ ਹਨ। ਇਹ ਕਾਵਿ ਪਰੰਪਰਾਵਾਂ ਵਿਚਾਰਧਾਰਾਈ ਪੱਧਰ 'ਤੇ ਜਿੱਥੇ ਇਕ ਪਾਸੇ ਪੂਰਵਕਾਲੀ ਪਰੰਪਰਾ ਨਾਲ ਸੰਵਾਦ ਰਚ ਰਹੀਆਂ ਹਨ, ਦੂਜੇ ਪਾਸੇ ਇਨ੍ਹਾਂ ਤੋਂ ਭਿੰਨ ਵੀ ਹਨ। ਇਨ੍ਹਾਂ ਕਾਵਿ ਪਰੰਪਰਾਵਾਂ 'ਚ ਵਿਚਾਰ ਪੱਧਰ 'ਤੇ ਵੱਖਰਤਾ ਤਾਂ ਹੈ ਪਰ ਰਚਨਾਤਮਕ ਪੱਧਰ ਉੱਪਰ ਸਰੋਕਾਰ ਇੱਕ ਦੂਜੇ ਦੇ ਪੂਰਕ ਸਨ। ਇਸ ਸਾਂਝ ਦੇ ਤੱਥ ਦਾ ਆਧਾਰ ਮੱਧਕਾਲ ਵਿਚ ਹੋਏ ਵਿਚਾਧਾਰਾਈ ਅਤੇ ਸੱਭਿਆਚਾਰਕ ਸੰਸ਼ਲੇਸ਼ਣ ਨੂੰ ਮੰਨਿਆ ਹੈ। ਸੂਫੀ ਕਾਵਿ ਪੂਰੀ ਤਰਾਂ ਸਾਮੀ ਚਿੰਤਨ ਤੋਂ ਪ੍ਰਭਾਵਿਤ ਹੈ ਅਤੇ ਬਾਣੀਕਾਰ ਭਾਰਤੀ ਚਿੰਤਨ ਨਾਲ ਜੁੜੇ ਹੋਏ ਹਨ। ਇਸ ਸੰਸ਼ਲੇਸ਼ਣ ਨਾਲ ਅਜਿਹੀ ਧਰਾਤਲ ਬਣੀ, ਜਿਸ ਨਾਲ ਦੋ ਵਿਭਿੰਨ ਚਿੰਤਨ ਇਕ ਦੂਜੇ ਦੇ ਨੇੜੇ ਆਏ, ਵਿਚਾਰਾਂ ਦਾ ਸੰਯੋਗ ਹੋਇਆ, ਇਕ ਦੂਜੇ ਨੂੰ ਪਛਾਣਿਆ, ਇਕ ਦੂਜੇ ਨੂੰ ਪ੍ਰਭਾਵਿਤ ਕੀਤਾ। ਕੱਟੜ ਇਸਲਾਮ ਧਰਮੀਆਂ ਅਤੇ ਬ੍ਰਾਹਮਣ ਸ਼੍ਰੇਣੀ ਦੇ ਵਿਰੋਧ ਵਜੋਂ ਭਗਤ ਆਤਮਾਵਾਂ ਨੇ ਜੋ ਬੋਲ ਉਚਾਰੇ।

"ਮੱਧਕਾਲ ਵਿਚ ਗੌਰਵਮਈ ਵਿਰਾਸਤ ਦੀ ਗਤੀਸ਼ੀਲਤਾ, ਵਿਕਾਸਸ਼ੀਲਤਾ ਅਤੇ ਰੂਪਾਂਤਰਣਸ਼ੀਲਤਾ ਭਗਤੀ ਲਹਿਰ ਦੇ ਅਧਿਆਤਮਕ ਦਰਸ਼ਨ ਦੁਆਰਾ ਪ੍ਰਸਤੁਤ ਹੋਈ। ਇਸ ਲਹਿਰ ਨੂੰ ਇਨਕਲਾਬ ਦਿਸ਼ਾ ਦੇਣ ਵਾਲੇ ਪੰਜਾਬ ਦੇ ਯੁੱਗ ਪੁਰਸ਼,

**ਪਿੰਡ ਤੇ ਡਾਕ: ਸੰਤ ਨਗਰ, ਜ਼ਿਲ੍ਹਾ ਸਿਰਸਾ। ਮੋ: +੯੧੯੪੭੮੯-੫੮੪੯੩*

ਅਧਿਆਤਮਕ ਰਹਿਬਰ ਗੁਰੂ ਨਾਨਕ ਦੇਵ ਜੀ ਸਨ। ਜਿਨ੍ਹਾਂ ਦੇ ਜੀਵਨ ਅਨੁਭਵ ਅਤੇ ਵਿਚਾਰਾਂ ਦੁਆਰਾ ਗੁਰਮਤਿ ਵਿਚਾਰਧਾਰਾ ਦਾ ਉਦਭਵ ਹੋਇਆ"।[2]

ਹਿੰਦੂ ਧਰਮ ਅੰਦਰ ਪੂਜਾ ਦਾ ਮਹਾਤਮ ਸੀ। ਇਹ ਧਰਮ ਮੂਰਤੀ ਬੰਧਨ ਅੰਦਰ ਸਿਮਟਿਆ ਰਹਿਣ ਕਾਰਨ, ਪਰਮ ਸ਼ਕਤੀ ਨੂੰ ਮੰਦਰਾਂ ਤਕ ਹੀ ਸਿਮਟ ਕੇ ਬੈਠਾ ਰਿਹਾ। ਇਸ ਪੂਜਾ ਅਤੇ ਇਸ ਦੇ ਮਹਾਤਮ ਦੀ ਕਿਰਿਆਸ਼ੀਲਤਾ ਸਮੂਹ ਤੋਂ ਵਾਂਝੀ ਹੋਣ ਕਾਰਨ, ਵਰਗ ਵਿਸ਼ੇਸ਼ ਤਕ ਹੀ ਸੀਮਤ ਰਹੀ। ਅਵਤਾਰਵਾਦ, ਸ਼੍ਰੇਣੀ ਵੰਡ, ਪੂਜਾ-ਅਡੰਬਰ ਤਕ ਹੀ ਹਿੰਦੂ ਧਰਮ ਸੀਮਤ ਰਹਿਣ ਕਾਰਨ, ਧਰਮ ਦੀ ਸਹਿਜਤਾ ਤੋਂ ਖੁੰਝ ਗਿਆ। "ਮੱਧਕਾਲ ਵਿਚ ਭਾਰਤੀ ਸਮਾਜ ਪਤਨ ਦੀਆ ਖੱਡਾਂ ਵਿਚ ਧੱਸ ਚੁੱਕਿਆ ਸੀ। ਰਾਜਿਆਂ ਵਿਚ ਮਾਨਵਤਾ ਦੀ ਘਾਟ ਸੀ, ਬਾਹਰ ਆ ਕੇ ਕਦੀ ਵੀ ਕੋਈ ਵੀ ਲੋਕਾਂ ਦੀਆਂ ਸ਼ਿਕਾਇਤਾਂ ਅਤੇ ਤਕਲੀਫ਼ਾਂ ਬਾਬਤ ਜਾਣਕਾਰੀ ਨਹੀਂ ਸੀ ਕਰਦੇ। ਇੱਥੇ ਹੀ ਬੱਸ ਨਹੀ ਹੁੰਦੀ, ਬਾਹਰਲੇ ਦੇਸ਼ਾਂ ਦੇ ਹਮਲਾਵਰ ਪੱਛਮੀ ਭਾਰਤ ਦੇ ਲੋਕਾਂ ਤੇ ਹੋਰ ਤਸ਼ੱਦਦ ਕਰਦੇ ਸੀ ਅਤੇ ਉਨ੍ਹਾਂ ਦੀਆਂ ਤਕਲੀਫ਼ਾਂ ਵਧਾਉਦੇ ਸੀ"।[3]

ਇਹ ਸਮਾਂ ਰਾਜਸੀ ਉਥਲ-ਪੁੱਥਲ ਵਾਲਾ ਸੀ। ਹਰਸ਼ਵਰਧਨ ਦੀ ਮੌਤ ਉਪਰੰਤ ਕੋਈ ਵੀ ਸੰਗਠਿਤ ਰਾਜ ਸਥਾਪਿਤ ਨਹੀਂ ਸੀ ਹੋ ਸਕਿਆ। ਦੂਜੇ ਪਾਸੇ ਬ੍ਰਾਹਮਣ ਵਰਗ ਦੀ ਨੀਤੀ ਨੇ ਸਮਾਜ ਨੂੰ ਖੇਰੂੰ-ਖੇਰੂੰ ਕਰ ਰੱਖਿਆ ਸੀ ਅਤੇ ਨਾਲ ਹੀ ਮੁਸਲਮਾਨ ਧਾੜਵੀਆਂ ਦੇ ਬਾਰ-ਬਾਰ ਹਮਲਿਆਂ ਅਤੇ ਜਬਰ ਜੁਲਮ ਨੇ ਭਾਰਤੀ ਸਮਾਜ ਨੂੰ ਮੂਲੋਂ ਹੀ ਖੀਣ ਕਰ ਦਿੱਤਾ ਸੀ। ਬ੍ਰਾਹਮਣ ਵਰਗ ਨੇ ਧਰਮ ਨੂੰ ਸੰਕੀਰਣਤਾ ਦੀਆਂ ਜ਼ੰਜੀਰਾਂ ਨਾਲ ਬੰਨ੍ਹ ਦਿੱਤਾ ਅਤੇ ਧਰਮ ਦੀ ਵਿਸ਼ਾਲਤਾ ਦੇ ਪੱਖ ਨੂੰ ਰੱਦ ਕਰ ਕੇ ਧਰਮ ਨੂੰ ਸੰਕੁਚਿਤ ਕਰ ਦਿੱਤਾ। ਮੁਕਤੀ ਦਾ ਸਿਧਾਂਤ ਚੋਣਵੇਂ ਵਰਗ ਨੂੰ ਦਿੱਤਾ ਗਿਆ। ਧਰਮ ਦੀ ਸਰਬ ਵਿਆਪਕਤਾ ਨੂੰ ਭੁੱਲ ਕੇ ਇਸ ਅੰਦਰ ਕੱਟੜਪਣ, ਕਪਟਵਾਦ, ਭੇਦਭਾਵ ਅਤੇ ਜੁਲਮ ਪ੍ਰਵੇਸ਼ ਕਰ ਗਿਆ। ਕਰਮ-ਕਾਂਡ, ਜਪ-ਤਪ, ਤੀਰਥ ਇਸ਼ਨਾਨ, ਬ੍ਰਾਹਮਣ ਦੇ ਆਦੇਸ਼ਾਂ ਦੀ ਪਾਲਣਾ ਅਤੇ ਉਨ੍ਹਾਂ ਨੂੰ ਮੋਟਾ ਦਾਨ ਦੇਣਾ, ਬੁੱਤ ਪੂਜਾ ਆਦਿ ਹਿੰਦੂ ਧਰਮ ਦੀ ਭਗਤੀ ਦੇ ਮੁੱਖ ਸਾਧਨ ਬਣੇ।

"ਦੁਨੀਆ ਦੇ ਵਧੇਰੇ ਮਹਾਂਪੁਰਖ, ਧਾਰਮਿਕ ਅਤੇ ਸਮਾਜਿਕ ਆਗੂ ਆਪਣੇ ਸਮੇਂ ਵਿਚ ਆਪਣੀ ਸਾਧਨਾ ਅਤੇ ਆਤਮਿਕ ਮਨੋਬਲ ਨਾਲ ਅਜਿਹੇ ਆਦਰਸ਼ਮਈ ਕੀਰਤੀਮਾਨ ਸਥਾਪਿਤ ਕਰ ਜਾਂਦੇ ਹਨ ਜਿਸ ਨਾਲ ਸ੍ਰਿਸ਼ਟੀ ਦਾ ਵਿਗੜਿਆ ਸੰਤੁਲਨ ਟਿਕਾਅ ਵਿਚ ਆ ਜਾਂਦਾ ਹੈ"।[4]

ਭਾਰਤ ਦੇ ਅਜਿਹੇ ਧੁੰਧੂਕਾਰੇ ਮਾਹੌਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਹੁੰਦਾ ਹੈ। ਉਨ੍ਹਾਂ ਨੇ ਆਪਣੇ ਅਧਿਆਤਮਕ ਚਿੰਤਨ ਦੇ ਨਾਲ ਨਾਲ ਸੂਖਮ ਦ੍ਰਿਸ਼ਟੀ ਰਾਹੀਂ ਸਮਕਾਲੀ ਰਾਜੇ ਅਤੇ ਅਹਿਲਕਾਰਾਂ ਵੱਲੋਂ ਨਿਮਾਣੀ, ਲਿਤਾੜੀ ਅਤੇ ਗਰੀਬ ਜਨਤਾ ਦਾ ਖ਼ੂਨ ਚੂਸ ਰਹੇ ਸਨ, 'ਤੇ ਤੀਖਣ ਵਿਅੰਗ ਕੀਤਾ। ਇਸ ਅੰਧਕਾਰਮਈ ਸਥਿਤੀ ਦਾ ਸੰਕੇਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਪ੍ਰਾਪਤ ਹੈ:

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥*

*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥*
*ਹਉ ਭਾਲਿ ਵਿਕੁੰਨੀ ਹੋਈ॥ ਅਧੇਰੈ ਰਾਹੁ ਨ ਕੋਈ॥*
*ਵਿਚਿ ਹਉਮੈ ਕਰਿ ਦੁਖੁ ਰੋਈ॥* *(ਪੰਨਾ ੧੪੫)*

ਇਸ ਧੁੰਧੂਕਾਰੇ ਵਿੱਚੋਂ ਗੁਰਮਤਿ ਲਹਿਰ ਅਥਵਾ ਗੁਰਮਤਿ ਵਿਚਾਰਧਾਰਾ ਦਾ ਅਰੰਭ ਹੋਇਆ। ਇਸ ਰਾਜਗਰਦੀ ਅਤੇ ਜੁਗਗਰਦੀ ਦੇ ਮਹੌਲ ਵਿਚ ਸੱਚ ਦੇ ਪੁੰਜ ਦੇ ਉਦੈ ਨਾਲ ਸੱਚ ਦੀ ਰੋਸ਼ਨੀ ਪ੍ਰਜਵਲਿਤ ਹੋਈ। ਇਹ ਰੋਸ਼ਨੀ ਨਿਰੰਤਰ ਜੀਵਨ ਅਤੇ ਸੱਭਿਆਚਾਰ ਨੂੰ ਮਾਰਗ-ਦਰਸ਼ਨ ਦੇਂਦੀ ਰਹੀ। ਇਸ ਰੋਸ਼ਨੀ ਨੂੰ ਸਾਹਿਤਕ ਅਤੇ ਦਾਰਸ਼ਨਿਕ ਪੱਧਰ ਤੇ ਗੁਰਮਤਿ ਵਿਚਾਰਧਾਰਾ ਦਾ ਨਾਮ ਦਿੱਤਾ ਜਾਂਦਾ ਹੈ।

ਇਸ ਵਿਚਾਰਧਾਰਾ ਨੇ ਪੰਜਾਬੀ ਸੱਭਿਆਚਾਰ ਵਿਚ ਇਕ ਸਮਾਜੀ ਇਨਕਲਾਬ ਅਤੇ ਸਿਆਸੀ ਇਨਕਲਾਬ ਲਿਆਂਦਾ ਅਤੇ ਚਿਰਕਾਲ ਤੋਂ ਪੀੜਤ ਜਨਤਾ ਅੰਦਰ ਸਵੈ-ਵਿਸ਼ਵਾਸ, ਅਣਖ, ਗੈਰਤ ਅਤੇ ਆਤਮ-ਸਨਮਾਨ ਦੀ ਗਿਆਨ ਰੋਸ਼ਨੀ ਨੂੰ ਪ੍ਰਜਵਲਿਤ ਕੀਤਾ। ਇਸ ਰੋਸ਼ਨੀ ਦੀ ਕਿਰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਧਰਤੀ ਨੂੰ ਚਾਨਣਮਈ ਬਣਾਉਂਦੀ ਹੈ। ਵੱਖਰਤਾ ਇਸ ਵਿਚ ਹੈ ਕਿ ਇਸ ਦੇ ਮੂਲ ਸਰੋਕਾਰ ਧਰਤੀ ਨਾਲ ਜੁੜੇ ਹਨ। ਇਹ ਬਾਣੀ ਸਿਰਫ ਬ੍ਰਹਿਮੰਡ ਦੀ ਗੱਲ ਹੀ ਨਹੀ ਕਰਦੀ, ਸਗੋਂ ਪਰਾਲੌਕਿਕ ਨੂੰ ਲੌਕਿਕ ਦੇ ਝਰੋਖੇ ਰਾਹੀਂ ਪੇਸ਼ ਕਰਦੀ ਹੈ। ਇਸ ਵਿਚਾਰਧਾਰਾ ਨੇ ਪਰਮਾਤਮਾ ਦੀ ਸਰਲ ਅਤੇ ਸਹਿਜ ਪ੍ਰਕਿਰਤੀ ਅਤੇ ਪ੍ਰਾਪਤੀ ਨੇ ਮਨੁੱਖ ਨੂੰ ਇਕ ਅਜਿਹੀ ਸੋਚ ਦਿੱਤੀ ਜੋ ਭਰਮ ਅਤੇ ਭੇਖ ਤੋਂ ਸੁਤੰਤਰ ਸੀ। ਸਨਾਤਨੀ ਧਰਮ ਦਾ ਸੰਸਥਾਗਤ ਰੂਪ ਏਨਾ ਅਮਾਨਵੀ ਸੀ ਕਿ ਮਨੁੱਖ ਮੁਕਤੀ ਦਾ ਹੱਕਦਾਰ ਨਹੀ ਸੀ।

" ਬਾਣੀ ਦਾ ਰਚਨਾਕਾਰ ਮਨੁੱਖ ਜਾਂ ਬਾਣੀਕਾਰ ਹੈ। ਬਾਣੀ ਦਾ ਕੇਂਦਰ-ਬਿੰਦੂ ਬ੍ਰਹਮ ਹੈ। ਇਹ ਦਾਰਸ਼ਨਿਕ ਸੰਕਲਪਨਾਵਾਂ ਦੇ ਆਲੇ-ਦੁਆਲੇ ਘੁੰਮਦੀ ਹੈ। ਬਾਣੀ, ਬ੍ਰਹਮ ਕੀ ਹੈ, ਉਸ ਦਾ ਵਜੂਦ ਕੀ ਹੈ, ਬ੍ਰਹਿਮੰਡ ਦੀ ਲੀਲ੍ਹਾ ਕੀ ਹੈ, ਜਗਤ ਕਿਰਿਆ ਵਿਚ ਕਿਹੜੇ ਬੁਨਿਆਦੀ ਨੇਮ ਕੰਮ ਕਰ ਰਹੇ ਆਦਿ ਦਾਰਸ਼ਨਿਕ ਵਿਸ਼ਿਆਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਬਾਣੀ ਮਨੁੱਖ ਅਤੇ ਬ੍ਰਹਮ ਵਿਚਲੇ ਤਣਾਉਸ਼ੀਲ ਰਿਸ਼ਤੇ ਨੂੰ ਪੇਸ਼ ਕਰਦੀ ਹੈ ਤੇ ਇਸ ਦਾ ਉਲਝਾਉ ਦਰਸ਼ਨ ਦੀ ਪੱਧਰ ਉੱਪਰ ਕਰਦੀ ਹੈ।"[੫]

"ਕਿਸੇ ਵਿਚਾਰਧਾਰਾ ਦੀ ਵਿਕਾਸ ਪ੍ਰਕਿਰਿਆ ਉਦੋਂ ਹੋਂਦ ਵਿਚ ਆਉਂਦੀ ਹੈ, ਜਦੋਂ ਉਹ ਪਰੰਪਰਾ ਤੋਂ ਟੁੱਟਦੀ ਹੈ ਜਾਂ ਸਥਾਪਿਤ ਮਾਨਵਤਾ ਦਾ ਵਿਰੋਧ ਕਰਦੀ ਹੈ, ਪਰੰਪਰਾ ਨੂੰ ਨਵੀਂ ਸੇਧ ਦੇ ਕੇ ਇਸ ਦਾ ਰੂਪਾਂਤਰਣ ਕਰਦੀ ਹੈ। ਵਿਕਾਸ ਦਾ ਇਹ ਰੂਪ ਗੁਰਮਤਿ ਵਿਚਾਰਧਾਰਾ ਉੱਪਰ ਪੂਰੀ ਤਰ੍ਹਾਂ ਢੁਕਵਾਂ ਹੈ। ਇਸ ਧਾਰਾ ਤੋਂ ਪੂਰਵ ਕਾਲ ਭਾਰਤੀ ਸਮਾਜ ਤਿੰਨ ਵੱਡੇ ਭਾਰੂ ਤੇ ਮਾਰੂ ਅਨਸਰਾਂ ਦੇ ਪ੍ਰਭਾਵ ਅਧੀਨ ਗੁਜ਼ਰ ਰਿਹਾ ਸੀ। ਸਮਾਜ ਦੀ ਪ੍ਰਗਤੀ ਵਿਚ ਸਭ ਤੋਂ ਵੱਡਾ ਬਾਧਕ ਅਨਸਰ ਸੀ 'ਵਰਨ ਆਸ਼ਰਮ-ਧਰਮ ਦੀ ਸਥਾਪਤੀ ਨੂੰ ਕਾਇਮ ਰੱਖਣਾ, ਦੂਸਰਾ ਜ਼ਿੰਦਗੀ ਪ੍ਰਤੀ

ਤਿਆਗਵਾਦ ਦੀ ਰੁਚੀ ਅਤੇ ਤੀਸਰਾ ਅਹਿੰਸਾ ਦਾ ਸਿਧਾਂਤ। ਜੈਨੀ ਕਰੜੇ ਤਿਆਗ ਦੇ ਸਮਰਥਕ ਸਨ। ਬੋਧੀਆਂ ਦੇ ਅਹਿੰਸਾ ਦੇ ਸਿਧਾਂਤ ਨੇ ਭਾਰਤ ਨੂੰ ਗ਼ੁਲਾਮੀ ਦੀਆਂ zJMlr Wivc j kV idqw[" [੬]

ਗੁਰਮਤਿ ਵਿਚਾਰਧਾਰਾ ਨੇ ਭੇਦ-ਭਾਵ ਤੋਂ ਮੁਕਤ ਹੋ ਕੇ 'ਰੱਬ ਇੱਕ' ਦਾ ਸੰਕਲਪ ਪੇਸ਼ ਕੀਤਾ। ਪਰਮ ਸ਼ਕਤੀ ਆਪਣੀ ਸਿਰਜਤ ਕਾਇਨਾਤ ਦੇ ਤਿਨਕੇ-ਤਿਨਕੇ ਨਾਲ ਜੁੜੀ ਹੈ। ਇਸ ਸ਼ਕਤੀ ਦੀ ਪ੍ਰਾਪਤੀ ਲਈ ਨਾ ਕੋਈ ਭੇਖ ਧਾਰਨ ਦੀ ਲੋੜ ਹੈ, ਨਾ ਹੀ ਕਿਸੇ ਵਿਸ਼ੇਸ਼ ਵਰਗ ਵਿਚ ਜਨਮ ਲੈਣਾ ਅਨਿਵਾਰੀ ਹੈ। ਪਰਮ ਹੋਂਦ ਨੂੰ ਪ੍ਰਾਪਤ ਕਰਨ ਦੇ ਮਾਰਗ ਵਿੱਚੋਂ ਹੀ ਜੀਵਨ-ਦਰਸ਼ਨ ਦੀ ਪਰਿਭਾਸ਼ਾ ਲੱਭੀ ਜਾ ਸਕਦੀ ਹੈ। ਸੰਗਤ ਤੇ ਪੰਗਤ ਦਾ ਸਿਧਾਂਤ ਮਨੁੱਖੀ ਬਰਾਬਰੀ ਅਤੇ ਭਾਈਚਾਰਕ ਲਈ ਸੰਦੇਸ਼ ਸੀ। ਗੁਰਮਤਿ ਵਿਚਾਰਧਾਰਾ ਦਾ ਮੁੱਖ ਮਕਸਦ ਵਰਗ ਰਹਿਤ ਸਮਾਜ ਦੀ ਉਸਾਰੀ ਕਰਨਾ ਸੀ ਜਿਹੜੀ ਖਾਲਸੇ ਪੰਥ ਦੇ ਰੂਪ ਵਿਚ ਸਾਹਮਣੇ ਆਈ।

"ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਸਾਰੇ ਜੋਗੀ, ਸੰਨਿਆਸੀ, ਪੀਰ ਅਤੇ ਅਧਿਆਤਮਕ ਆਗੂ ਪਰਮਾਤਮਾ ਦੇ ਬੂਹੇ 'ਤੇ ਡੇਰਾ ਲਾਉਂਦੇ ਸਨ। ਪਰ ਸੱਚੇ ਗੁਰੂ ਦੀ ਪੂਜਾ ਤੋਂ ਬਗੈਰ ਸਭ ਖੋਟੇ ਸੀ।"[੭]

ਬਾਣੀ ਵਿਚ ਪਰਮਾਤਮਾ ਇੱਕ ਅਜਿਹੀ ਪਰਮ-ਸ਼ਕਤੀ ਹੈ ਜੋ ਕਿਸੇ ਰੰਗ, ਰੂਪ, ਭੇਖ, ਮੂਰਤ, ਆਕਾਰ ਅਤੇ ਕਾਲ ਦੀਆਂ ਸੀਮਾਵਾਂ ਤੋਂ ਪਰ੍ਹੇ' ਸਰਬ ਵਿਆਪਕ ਹੈ। ਇਹ ਉਹ ਸ਼ਕਤੀ ਹੈ ਜੋ ਸਮੁੱਚੀ ਸ੍ਰਿਸ਼ਟੀ ਦੀ ਸਿਰਜਕ ਹੈ। ਇਸ ਧਰਤੀ 'ਤੇ ਐਸੀ ਕੋਈ ਤੀਸਰੀ ਸ਼ਕਤੀ ਨਹੀਂ ਜੋ ਪਰਮ ਸ਼ਕਤੀ ਅਤੇ ਮਨੁੱਖ ਦੇ ਵਿਚਕਾਰ ਆ ਸਕੇ। ਸ੍ਰਿਸ਼ਟੀ ਉਸ ਦੀ ਘਾੜਤ ਹੈ ਅਤੇ ਮਨੁੱਖ ਵੀ ਉਸ ਦੀ ਘਾੜਤ ਹੋਣ ਦੇ ਬਾਵਜੂਦ ਵੀ ਅਧੂਰਾ ਹੈ। ਮਨੁੱਖੀ ਸੰਪੂਰਨਤਾ ਤਾਂ ਉਸ ਕਰਤਾਰੀ ਸ਼ਕਤੀ ਨਾਲ ਅਭੇਦ ਹੋਣਾ ਹੈ। ਬਾਣੀਕਾਰਾਂ ਨੇ ਭੇਖਵਾਦ ਦੀ ਥਾਂ *ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥* ਦਾ ਵਿਚਾਰ ਪੇਸ਼ ਕੀਤਾ। ਇਸ ਅਭੇਦਤਾ ਦਾ ਭਾਗੀਦਾਰ ਬਣਨ ਲਈ ਬਾਣੀਕਾਰਾਂ ਨੇ ਧਰਮ ਦਾ ਸਰਲੀਕਰਨ ਕਰ ਕੇ, ਸਮਾਜ ਤੇ ਗ੍ਰਿਹਸਥ ਦੇ ਤਿਆਗ ਦੇ ਵਿਚਾਰ ਨੂੰ ਕਾਟੇ ਹੇਠ ਕਰਦਿਆਂ ਸਮਾਜਿਕ ਅਤੇ ਗ੍ਰਿਹਸਥ ਜੀਵਨ ਦੇ ਦੁੱਖ-ਸੁਖ ਨਾਲ ਜੁੜਨ ਦੀ ਸ਼ਿੱਦਤ ਦੇ ਵਿਚਾਰ ਨੂੰ ਪੇਸ਼ ਕੀਤਾ। ਇਸ ਚਿੰਤਨ ਵਿਚ ਹਿੰਦੂ ਧਰਮ ਦੀ ਤਰ੍ਹਾਂ ਦੁਨਿਆਵੀ ਜੀਵਨ ਤੋਂ ਭਾਂਜ ਨਹੀ ਦਿਖਾਈ ਗਈ, ਸਗੋਂ ਗ੍ਰਿਹਸਥ ਜੀਵਨ ਦੇ ਦੁੱਖ-ਸੁਖ ਨਾਲ ਸੰਘਰਸ਼ ਕਰਨ ਦੀ ਸ਼ਕਤੀ ਭਰੀ ਹੈ। ਗੁਰਬਾਣੀ ਨਾ ਤਾਂ ਕਿਸੇ ਕਰੜੇ ਹਠ ਮਾਰਗ ਦੀ ਧਾਰਨੀ ਹੈ, ਨਾ ਹੀ ਕਿਸੇ ਕਰਮ-ਕਾਂਡ ਵਿਚ ਵਿਸ਼ਵਾਸ ਰੱਖਦੀ ਹੈ। ਉਸ ਸਮੇਂ ਦੇ ਪ੍ਰਚਲਿਤ ਧਰਮਾਂ ਵਿਚ ਆ ਚੁੱਕੀ ਗਿਰਾਵਟ ਨੂੰ ਵੇਖਦਿਆਂ ਧਰਮ ਵਿਚ ਮੰਨੇ ਜਾਂਦੇ ਮੁਖੀਏ, ਮੁਸਲਿਮ ਧਰਮ ਵਿਚ ਕਾਜ਼ੀ, ਹਿੰਦੂ ਧਰਮ ਵਿਚ ਬ੍ਰਾਹਮਣ ਅਤੇ ਜੋਗ ਮਤ ਦੇ ਜੋਗੀਆਂ ਦੇ ਵਿਹਾਰ ਬਾਰੇ ਬਾਣੀਕਾਰਾਂ ਨੇ ਕਰੜੀ ਆਲੋਚਨਾ ਕੀਤੀ:

*ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥*

*ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥* *(ਪੰਨਾ ੬੬੨)*

"ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮਾਂ ਵਿਚ ਪਾਖੰਡਵਾਦ, ਤੰਗ ਕੀਮਤਾਂ, ਰਸਮਾਂ ਰਵਾਇਤਾਂ ਤੇ ਬਾਹਰੀ ਦਿਖਾਵੇ ਦੇ ਖ਼ਿਲਾਫ ਪ੍ਰਚਾਰ ਸ਼ੁਰੂ ਕੀਤਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਕ੍ਰਿਤਾਂ ਇਸ ਪ੍ਰਕਾਰ ਦੇ ਸਿਧਾਂਤਾਂ ਦੇ ਉਲਟ ਹੀ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੜੀ ਉੱਚੀ ਆਵਾਜ਼ 'ਚ 'ਰੱਬ ਇੱਕ' ਦਾ ਹੋਕਾ ਦਿੱਤਾ।"[੮]

"ਗੁਰੂ ਨਾਨਕ ਸਾਹਿਬ ਦੇ ਧਰਮ ਦਾ ਸੰਕਲਪ ਇਹ ਹੈ ਕਿ ਧਰਮ ਨੇ ਕੌਮ ਨੂੰ ਸੁਤੰਤਰਤਾ ਤੇ ਗੈਰਤ ਦਾ ਜੀਵਨ ਦੇਣਾ ਹੈ। ਉਸ ਲਈ ਸੱਚ ਦੀ ਰਾਖੀ ਲਈ ਸਾਹਸ ਪੈਦਾ ਕਰਨਾ ਹੈ ਅਤੇ ਕੌਮ ਨੂੰ ਉੱਚਾ ਆਤਮਕ ਉਦੇਸ਼ ਤੇ ਆਚਰਨ ਦੇਣਾ ਹੈ। ਇਹ ਜੀਵਨ *ਸਤਿ ਸੁਹਾਣੁ ਸਦਾ ਮਨਿ ਚਾਉ॥* ਰੂਪ ਪਰਮਾਤਮਾ ਦੀ ਭਗਤੀ ਨਾਲ ਆਉਂਦਾ ਹੈ।"[੯]

"ਬਾਣੀਕਾਰ ਪਰਮਾਤਮਾ ਨੂੰ ਖਲਕ ਵਿਚ ਵੱਸਿਆ ਕਹਿੰਦੇ ਹਨ, ਉੱਥੇ ਉਹ ਸਿਰਫ ਪਰਮਾਤਮਾ ਅਤੇ ਉਸ ਦੀ ਸਿਰਜਣਾ ਦੀ ਮਹਿਮਾ ਦਾ ਗਾਇਨ ਕਰ ਰਹੇ ਹੁੰਦੇ ਹਨ, ਨਾ ਕਿ ਸਿਰਜਣਾ ਨੂੰ ਪਰਮਾਤਮਾ ਦਾ ਦਰਜਾ ਦੇ ਰਹੇ ਹੁੰਦੇ ਹਨ। ਸਿਰਜਣਾ ਵਿਚ ਮਾਇਆ ਵੀ ਹੈ, ਰੱਬੀ ਜੋਤ ਵੀ ਹੈ। ਸਿਰਜਣਾ ਪਰਮਾਤਮਾ ਦਾ ਸਦਗੁਣ ਰੂਪ ਨਹੀਂ ਮੰਨੀ ਜਾ ਸਕਦੀ ਬਲਕਿ ਸਿਰਜਣਾ ਨੇ ਤਾਂ ਸ਼ੁਭ ਅਮਲਾਂ ਰਾਹੀਂ ਮੁਕਤੀ ਪ੍ਰਾਪਤ ਕਰਨੀ ਹੁੰਦੀ ਹੈ।"[੧੦]

ਗੁਰਮਤਿ ਵਿਚਾਰਧਾਰਾ ਦੇ ਜੀਵਨ-ਦਰਸ਼ਨ ਵਿਚ ਅਜਿਹੀ ਸਮਾਜਿਕ ਵਿਵਸਥਾ ਵੱਲ ਵੀ ਸੰਕੇਤ ਹੈ ਜਿਸ ਦੇ ਅੰਤਰਗਤ ਮਨੁੱਖ ਨੂੰ ਜੀਊਣ ਅਤੇ ਮੁਕਤ ਹੋਣ ਦਾ ਪੂਰਨ ਅਧਿਕਾਰ ਹੈ। ਬਾਣੀਕਾਰਾਂ ਨੇ ਮਨੁੱਖ ਨੂੰ ਚੌਗਿਰਦੇ ਦੀ ਬਜਾਇ ਆਪਣੇ ਆਪ ਨੂੰ ਸੱਚ ਨਾਲ ਜੋੜਨ ਦਾ ਉਪਦੇਸ਼ ਦਿੱਤਾ।

**ਹਵਾਲੇ ਅਤੇ ਟਿੱਪਣੀਆਂ**

੧. *ਗੁਰਮਤਿ ਵਿਚਾਰਧਾਰਾ ਉਦਭਵ ਤੇ ਵਿਕਾਸ ਅਤੇ ਸਾਹਿੱਤਕ ਪ੍ਰਾਪਤੀ* : ਡਾ ਅੱਛਰ ਸਿੰਘ (ਕਾਹਲੋਂ), ਪੱਤਰ ਵਿਹਾਰ ਸਿੱਖਿਆ, ਕੁਰੂਕਸ਼ੇਤਰ ਯੂਨੀਵਰਸਿਟੀ, M.A.I. Sec. 1996-97 ਕੁਰੂਕਸ਼ੇਤਰ, ਪੰਨਾ ੧੧੭

੨. ਉਹੀ

੩. *ਗੁਰੂ ਨਾਨਕ ਦਾ ਵਿੱਦਿਅਕ ਫ਼ਲਸਫ਼ਾ*, ਪੰਨਾ ੧੭

੪. *ਰਵਿਦਾਸ ਵਾਣੀ ਵਿਚਾਰ,* ਧਰਮ ਪਾਲ ਸਿੰਗਲ, ਪੰਨਾ ੧੦੧

੫. *ਗੁਰਮਤਿ ਕਾਵਿ,* ਡਾ. ਮਹਿੰਦਰ ਕੌਰ (ਗਿੱਲ) ਪੰਨਾ ੧੯-੨੦

੬. *ਗੁਰਮਤਿ ਵਿਚਾਰਧਾਰਾ ਉਦਭਵ ਤੇ ਵਿਕਾਸ ਅਤੇ ਸਾਹਿਤਕ ਪ੍ਰਾਪਤੀ*, ਡਾ ਅੱਛਰ ਸਿੰਘ (ਕਾਹਲੋਂ), ਪੱਤਰ ਵਿਹਾਰ ਸਿੱਖਿਆ, ਕੁਰੂਕਸ਼ੇਤਰ ਯੂਨੀਵਰਸਿਟੀ, M.A.I. Sec. 1996-97 ਕੁਰੂਕਸ਼ੇਤਰ, ਪੰਨਾ ੧੧੭

*੭. ਗੁਰੂ ਨਾਨਕ ਦਾ ਵਿੱਦਿਅਕ ਫ਼ਲਸਫ਼ਾ* ਪੰਨਾ ੨੪

੮. ਉਹੀ, ਪੰਨਾ ੨੧

੯. *ਸਿੱਖ, ਸਿੱਖੀ ਅਤੇ ਸਿਧਾਂਤ,* ਡਾ. ਤਾਰਨ ਸਿੰਘ, ਪੰਨਾ ੮੯

੧੦. *ਮੱਧਕਾਲੀ ਪੰਜਾਬੀ ਸਾਹਿਤ ਵਿਵੇਕ,* ਪੰਨਾ ੭੨

■

# ਧਰਮ ਤੇ ਵਿੱਦਿਆ

*-ਪ੍ਰਿੰ. ਨਰਿੰਦਰ ਸਿੰਘ ਸੋਚ**

ਕੋਈ ਇਕ ਵੀ ਸਿੱਖ ਵਿੱਦਿਅਕ ਅਦਾਰਾ ਨਹੀਂ ਬਣਿਆ, ਜਿਸ ਲਈ ਝੋਲੀਆਂ ਅੱਡ ਕੇ ਹਰ ਇਕ ਦਰਵਾਜ਼ੇ ਅੱਗੇ ਮੰਗਣ ਨਹੀਂ ਜਾਣਾ ਪਿਆ ਅਤੇ ਜਿਸ ਲਈ ਗਰੀਬ ਤੋਂ ਗਰੀਬ ਸਿੱਖ ਨੇ ਆਪਣਾ ਪੇਟ ਕੱਟ ਕੇ ਖੁਸ਼ੀ-ਖੁਸ਼ੀ ਹਿੱਸਾ ਨਾ ਪਾਇਆ ਹੋਵੇ। ਕੇਵਲ ਸ਼ਾਨਦਾਰ ਇਮਾਰਤਾਂ ਨਾ ਵੇਖੋ, ਇਹ ਨਿੱਕੀ ਜਿਹੀ ਕੌਮ ਨੇ ਕਿਸ ਤਰ੍ਹਾਂ ਅਤੇ ਕਿਹੜੀਆਂ ਹਾਲਤਾਂ ਅਤੇ ਕਿਸ ਤਰ੍ਹਾਂ ਬਣਾਈਆਂ ਹਨ? ਇਹ ਭੀ ਵੇਖਣ ਦਾ ਯਤਨ ਕਰੋ। ਇਹ ਬੜੀਆਂ ਪਵਿੱਤਰ ਕਮਾਈਆਂ ਤੇ ਮਿਹਨਤਾਂ ਨਾਲ ਅਤੇ ਉੱਚੇ ਆਦਰਸ਼ਾਂ ਲਈ ਉਸਾਰੀਆਂ ਗਈਆਂ ਹਨ। ਇਨ੍ਹਾਂ ਦਾ ਨੁਕਸਾਨ ਆਦਰਸ਼ਾਂ ਦਾ ਅੰਗ ਭੰਗ ਕਰਨਾ ਹੈ।

ਕੋਈ ਇਕ ਲੜਕਾ ਜਾਂ ਲੜਕੀ ਨਹੀਂ ਦਾਖ਼ਲ ਹੁੰਦੀ, ਉਸ ਦੇ ਨਾਲ ਉਸ ਦੇ ਨਾਨਕੇ ਅਤੇ ਦਾਦਕੇ ਦੋਵੇਂ ਪਰਵਾਰ ਭੀ ਦਾਖਲ ਹੁੰਦੇ ਹਨ। ਦੋਹਾਂ ਪਰਵਾਰਾਂ ਦਾ ਸੰਪੂਰਨ ਵਿਰਸਾ ਉਸ ਦੇ ਨਾਲ ਹੁੰਦਾ ਹੈ। ਉਹ ਆਪਣੇ ਪਿੰਡ ਦਾ ਪ੍ਰਤੀਨਿਧ ਭੀ ਹੁੰਦਾ ਹੈ ਅਤੇ ਪਿੰਡ ਦਾ ਮਾਡਲ ਭੀ ਹੁੰਦਾ ਹੈ।

ਇਹ ਸਭ ਕੁਝ ਹੁੰਦਿਆਂ ਭੀ ਉਹ ਇਕ ਪਰਵਾਰ ਦਾ ਅਤੇ ਇਕ ਪਿੰਡ ਦਾ ਪ੍ਰਤੀਨਿਧ ਹੁੰਦਾ ਹੈ।

ਪਰ ਜਦੋਂ ਉਹ ਸਿੱਖ ਵਿੱਦਿਅਕ ਅਦਾਰੇ ਵਿੱਚੋਂ ਪੜ੍ਹ ਕੇ ਬਾਹਰ ਨਿਕਲਦਾ ਹੈ, ਉਸ ਵੇਲੇ ਉਹ ਸਾਰੀ ਸਿੱਖ ਕੌਮ ਦਾ ਨਮੂਨਾ ਹੁੰਦਾ ਹੈ। ਸਾਰਾ ਸੰਸਾਰ ਉਸ ਵਿੱਚੋਂ ਉਸ ਦੇ ਵਿੱਦਿਅਕ ਅਦਾਰੇ ਦੇ ਅਧਿਆਪਕਾਂ ਦੇ, ਉਸ ਦੇ ਗੁਰੂਆਂ ਦੇ ਦਰਸ਼ਨ ਅਤੇ ਗੁਣ ਲੱਭਦੇ ਹਨ।

ਵਿੱਦਿਅਕ ਅਦਾਰੇ ਵਿਚ ਦਾਖ਼ਲ ਹੋਣ ਵੇਲੇ ਉਹ ਤੁਰ ਕੇ ਆਇਆ ਸੀ। ਵਿੱਦਿਅਕ ਅਦਾਰੇ ਨੇ ਉਸ ਨੂੰ ਖੰਭ ਦਿੱਤੇ ਹਨ। ਹੁਣ ਉਸ ਨੇ ਜੂੰ ਤੋਰੇ ਜਾਂ ਕੀੜੀ ਮਾਰਗ 'ਤੇ ਨਹੀਂ ਚੱਲਣਾ। ਉਸ ਦਾ ਬਿਹੰਗ-ਮਾਰਗ ਹੈ। ਅਕਾਸ਼ ਮਾਰਗ ਹੈ। ਸਾਰੀ ਧਰਤੀ ਉਸ ਦੀ ਆਪਣੀ ਹੈ, ਜਿੱਥੇ ਚਾਹੇ ਜਾ ਕੇ ਵੱਸ ਸਕਦਾ ਹੈ। ਹੁਣ ਉਸ ਨੇ ਪਿੰਡ ਦੇ ਖੂੰਡ 'ਤੇ ਬੈਠ ਕੇ ਯਕੜ ਨਹੀਂ ਮਾਰਨੇ। ਸੰਸਾਰ ਦੀਆਂ ਸੱਭਿਅਤਾ ਵਾਲੀਆਂ ਕੌਮਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਤੁਰਨਾ ਹੈ।

ਪੈਰਸ ਦੇ ਹੋਟਲ ਵਿਚ ਇਕ ਸਿੱਖ ਦੀ ਬੜੀ ਪ੍ਰਸਿੱਧ ਘਟਨਾ ਹੈ। ਇਹ ਘਟਨਾ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਜੀ ਦੇ ਹੱਡੀਂ ਵਾਪਰੀ ਸੀ ਅਤੇ ਮੈਂ ਵੇਰਵੇ

**ਗੁਰਪੁਰਵਾਸੀ*

ਸਹਿਤ ਗੁਰਮਤਿ ਪ੍ਰਕਾਸ਼ (ਜੁਲਾਈ, ੧੯੬੭ ਈ.) ਵਿਚ ਛਾਪੀ ਸੀ। ਹੋਟਲ ਦੀ ਮੈਨੇਜਰ ਨੇ ਸਵੇਰੇ ਝੀਤਾਂ ਵਿਚ ਦੀ ਉਸ ਦਾ ਅੰਮ੍ਰਿਤ ਵੇਲਾ ਵੇਖਿਆ ਸੀ। ਉਸ ਨੂੰ ਸਿਮਰਨ ਕਰਦਾ ਅਤੇ ਨਿਤਨੇਮ ਕਰਦਾ ਵੇਖਿਆ ਸੀ। ਉਸ ਨੂੰ ਆਪਣੇ ਸੁੰਦਰ ਕੇਸਾਂ ਨੂੰ ਵਾਹੁੰਦਿਆਂ, ਦਸਤਾਰਾ ਸਜਾਂਦਿਆਂ ਅਤੇ ਸ਼ੀਸ਼ੇ ਵਿਚ ਆਪਣੇ ਗੁਰੂ ਦੇ ਦਿੱਤੇ ਸਰੂਪ ਨੂੰ ਦੇਖਦਿਆਂ, ਵੇਖਿਆ ਸੀ।

ਸਿੱਖ ਵਿੱਦਿਅਕ ਅਦਾਰੇ ਤੁਹਾਡੇ ਪੈਰ ਨਹੀਂ ਬਦਲਦੇ ਪਰ ਤੋਰ ਪਹਿਲੀ ਨਹੀਂ ਰਹਿਣ ਦੇਂਦੇ। ਤੁਹਾਡਾ ਦਿਮਾਗ ਪਹਿਲਾ ਹੀ ਰਹਿੰਦਾ ਹੈ ਪਰ ਸੋਚਣੀ ਵਿਚ ਪਰਵਾਰ ਦੇ ਥਾਂ 'ਤੇ ਸੰਸਾਰ ਆ ਜਾਂਦਾ ਹੈ।

ਸੱਚ ਪੁੱਛੋ ਤਾਂ ਸੱਚੇ ਅਰਥਾਂ ਵਿਚ ਸਿੱਖ, ਸਿੱਖ ਵਿੱਦਿਅਕ ਅਦਾਰਿਆਂ ਵਿਚ ਹੀ ਜੰਮਦਾ, ਪਲਦਾ ਅਤੇ ਜਵਾਨ ਹੁੰਦਾ ਹੈ। ਉਹ ਜਿੱਥੇ ਭੀ ਜਾਵੇ, ਜਿੱਥੇ ਭੀ ਰਹੇ, ਉਸ ਦੇ ਸੱਜੇ ਅਤੇ ਖੱਬੇ ਮੋਢੇ ਉੱਪਰ ਚਿਤਰ ਗੁਪਤ ਵਾਂਗ ਸਿੱਖ ਵਿੱਦਿਅਕ ਅਦਾਰਾ ਅਤੇ ਅਧਿਆਪਕ ਬੈਠੇ ਹੋਏ ਹੁੰਦੇ ਹਨ। ਪਹਿਲੀ ਗੱਲ ਧਰਮ ਦੀ ਹੈ ਅਤੇ ਦੂਜੀ ਲੋੜ ਦੀ ਹੈ। ਤੀਜੀ ਸਿੱਖ ਸੰਸਥਾ ਦੀ ਅਤੇ ਚੌਥੀ ਵਿੱਦਿਅਕ ਅਦਾਰਿਆਂ ਦੀ।

ਸੰਸਾਰ ਵਿਚ ਜਿਤਨੇ ਪ੍ਰਾਕ੍ਰਿਤਕ ਪਦਾਰਥ ਹਨ, ਹਰ ਇਕ ਦਾ ਕੋਈ ਨਾ ਕੋਈ ਇਕ ਮੁੱਖ ਧਰਮ ਹੈ। ਉਹ ਮੁੱਖ ਧਰਮ ਉਨ੍ਹਾਂ ਤੋਂ ਕੋਈ ਖੋਹ ਨਹੀਂ ਸਕਦਾ। ਕੋਈ ਪਲ ਦੋ ਪਲ ਖੋਹ ਭੀ ਲਏ ਤਾਂ ਉਹ ਆਪਣੇ ਆਪ ਵਿੱਚੋਂ ਉਹੋ ਧਰਮ ਹੋਰ ਕੱਢ ਲੈਂਦਾ ਹੈ। ਇਹ ਧਰਮ ਉਨ੍ਹਾਂ ਦੀ ਲੋੜ ਨਹੀਂ, ਉਨ੍ਹਾਂ ਦੀ ਹੋਂਦ ਦਾ ਆਧਾਰ ਹੈ।

ਮਨੁੱਖੀ-ਧਰਮ ਦਾ ਅਰੰਭ ਰੱਬ ਦੀ ਮਾਨਤਾ ਤੋਂ ਅਰੰਭ ਹੁੰਦਾ ਹੈ ਅਤੇ ਉਸ ਦੀ ਪਛਾਣ ਕਾਦਰ ਅਤੇ ਕੁਦਰਤ ਦੇ ਲੇਖਾਂ ਤੋਂ ਹੁੰਦੀ ਹੈ। ਮਨੁੱਖੀ ਸੰਬੰਧਾਂ ਤੋਂ ਹੁੰਦੀ ਹੈ।

ਮਾਂ ਜਨਮ-ਪੀੜਾ ਲੈਣ ਵੇਲੇ ਅਤੇ ਬੱਚਾ ਜਨਮ ਲੈਣ ਵੇਲੇ, ਦੋਵੇਂ ਮਿਲ ਕੇ ਇਕੱਠੀ ਅਰਦਾਸ ਕਰ ਰਹੇ ਸਨ। ਮਾਂ ਨੇ ਜਨਮ ਦੇ ਕੇ ਅਤੇ ਪੁੱਤਰ ਨੇ ਜਨਮ ਲੈ ਕੇ ਦੋਵਾਂ ਨੇ ਰੱਬ ਦਾ ਸ਼ੁਕਰ ਕੀਤਾ। ਨਾ ਕੋਈ ਪੂਰੀ ਪੀੜ ਦੱਸਣ ਲਈ ਸ਼ਬਦ ਬਣਿਆ ਹੈ ਅਤੇ ਨਾ ਕੋਈ ਪੂਰੇ ਸ਼ੁਕਰ ਲਈ ਸ਼ਬਦ ਬਣਿਆ। ਭਾਸ਼ਾਵਾਂ ਦੇ ਥੇਹਾਂ ਉੱਪਰ ਹੋਰ ਭਾਸ਼ਾਵਾਂ ਉਸਰ-ਉਸਰ ਕੇ ਥੇਹ ਬਣਦੀਆਂ ਰਹਿਣਗੀਆਂ। ਪਰ ਪੀੜ ਤੇ ਸ਼ੁਕਰ ਗੂੰਗੇ ਦੀ ਸੈਨਤ ਤੋਂ ਅੱਗੇ ਨਹੀਂ ਜਾ ਸਕਣਗੇ।

ਪੁੱਤਰ ਨੇ ਜਦੋਂ ਮਾਤਾ ਪਾਸੋਂ ਪਹਿਲੀ ਵਾਰ ਦੁੱਧ ਦਾ ਪਹਿਲਾ ਘੁਟ ਚੁੰਘਿਆ ਰੱਬ ਨੇ ਪਹਿਲੀ ਵਾਰ ਦੋਹਾਂ ਨੂੰ ਗੋਦੀ ਵਿਚ ਲੈ ਕੇ ਕਿਹਾ, "ਇਹ ਮੇਰੀ ਖੇਡ ਹੈ। ਤੁਸੀਂ ਮੇਰੇ ਖਿਡਾਉਣੇ ਹੋ।"

ਬੱਚੇ ਦੇ ਚਾਰ ਚੁਫੇਰੇ ਧਰਮ ਕਿਰਨਾਂ ਵਾਂਗ ਫੈਲ ਗਿਆ। ਮਾਂ-ਧਰਮ, ਪਿਤਾ-ਧਰਮ, ਭਰਾ-ਧਰਮ, ਭੈਣ-ਧਰਮ, ਚਾਚਾ-ਧਰਮ, ਵੱਡੇ ਦਾ ਧਰਮ, ਨਿੱਕੇ ਦਾ ਧਰਮ। ਪਤੀ-ਧਰਮ, ਪਤਨੀ-ਧਰਮ, ਗੁਆਂਢੀ ਦਾ ਧਰਮ, ਚੁਫੇਰਾ ਧਰਮਾਂ ਦਾ।

ਪਸ਼ੂ ਮਾਂ, ਮਾਂ-ਧਰਮ ਪਾਲਦੀ ਹੈ, ਉਹ ਪਸ਼ੂ ਹੋਣ 'ਤੇ ਭੀ ਗੋਹੇ ਨੂੰ ਮੂੰਹ ਨਹੀਂ ਲਾਉਂਦੀ। ਪਰ ਜਦੋਂ ਉਸ ਦਾ ਬੱਚਾ ਮਲ-ਮੂਤਰ ਨਾਲ ਭਰਿਆ ਹੋਇਆ ਹੋਵੇ, ਉਹ ਆਪਣੀ ਜ਼ਬਾਨ ਨਾਲ ਬੱਚੇ ਨੂੰ ਖੁੰਬ ਚਾੜ੍ਹੇ ਕੱਪੜੇ ਵਾਂਗ ਲਿਸ਼ਕਾ ਲੈਂਦੀ ਹੈ। ਆਪਣੇ ਜ਼ਖ਼ਮੀ ਥਣਾਂ ਵਿੱਚੋਂ ਦੁੱਧ ਪਿਆ ਕੇ ਡਕਾਰ ਲੈਂਦੀ ਹੈ, ਆਪਣੀ ਬੋਲੀ ਵਿਚ ਲੋਰੀਆਂ ਦੇਂਦੀ ਹੈ।

ਅੱਗੇ ਜੜ੍ਹ ਹਰੀ ਰੱਖਣ ਲਈ ਭਗਤ, ਸੂਰਮਾ ਅਤੇ ਦਾਨੀ ਲਈ ਪ੍ਰਾਰਥਨਾ ਕੀਤੀ ਜਾਂਦੀ ਸੀ। ਘਰ ਵਿਚ ਬੱਚੇ ਦੇ ਆਉਣ ਦੀ ਸੋ ਸੁਣ ਕੇ ਸਾਰੇ ਪਰਵਾਰ ਦੀਆਂ ਅੱਖਾਂ ਵਿਚ ਖੁਸ਼ੀ ਦੀਆਂ ਕੁਤਕੁਤਾਰੀਆਂ ਹੁੰਦੀਆਂ ਸਨ। ਮਾਂ ਨੇ ਦੁੱਧ ਨਾ ਦੇ ਕੇ ਮਾਂ-ਧਰਮ ਦੀ ਪਾਲਨਾ ਨਹੀਂ ਕੀਤੀ। ਬੋਤਲ ਨੇ ਦੁੱਧ ਪਿਆ ਕੇ ਮਾਂ-ਧਰਮ ਦਾ ਘਾਟਾ ਪੂਰਾ ਕਰ ਦਿੱਤਾ। ਬੱਚਾ, ਬੱਚੇ ਸੰਭਾਲਣ ਲਈ ਘਰ ਵਿਚ ਪਾਲਿਆ।

ਕੀ ਅਸੀਂ ਸੱਚਮੁਚ ਅਨੁਭਵ ਕਰ ਲਿਆ ਹੈ ਕਿ ਸਿੱਖ ਵਿੱਦਿਅਕ ਸੰਸਥਾ ਵਿਚ ਧਰਮ ਦੀ ਲੋੜ ਹੈ? ਰੋਟੀ ਵਰਗੀ ਲੋੜ ਹੈ? ਪਾਣੀ ਵਰਗੀ ਲੋੜ ਹੈ? ਹਵਾ ਵਰਗੀ ਲੋੜ ਹੈ? ਕੱਪੜਿਆਂ ਵਰਗੀ ਲੋੜ ਹੈ? ਪ੍ਰਾਣਾਂ ਵਰਗੀ ਲੋੜ ਹੈ? ਮਕਾਨ ਵਰਗੀ ਲੋੜ ਹੈ?

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਠੀਕ ਕਿਹਾ ਸੀ "ਸੋਚ ਜੀ! ਸਾਨੂੰ ਸਿੱਖੀ ਦੀ ਨਹੀਂ, ਸਿੱਖੀ ਦੀ ਆਤਸ਼ਬਾਜ਼ੀ ਚਲਾਉਣ ਦਾ ਸ਼ੌਕ ਹੈ। ਅਸੀਂ ਸਿੱਖੀ ਨਹੀਂ, ਸਿੱਖੀ ਦਾ ਤਮਾਸ਼ਾ ਵਿਖਾ ਕੇ ਲੋਕਾਂ ਤੋਂ ਵਾਹਵਾ ਲੈਣ ਵਾਲੇ ਲਾਲਚੀ ਹਾਂ। ਅਸੀਂ ਕੇਵਲ ਸਿੱਖੀ ਦੀ ਪ੍ਰਦਰਸ਼ਨੀ ਕਰਨੀ ਚਾਹੁੰਦੇ ਹਾਂ। ਸਿੱਖ ਜੀਵਨ ਜੀਉਣਾ ਨਹੀਂ ਚਾਹੁੰਦੇ। ਅਸੀਂ ਤੇ ਸਿੱਖੀ ਦੇ ਸਭ ਤੋਂ ਉੱਚੇ ਸ਼ਬਦਾਂ ਤੋਂ ਘ੍ਰਿਣਾ ਕਰਨ ਲੱਗ ਪਏ ਹਾਂ।

'ਭਾਈ ਮਰਦਾਨਿਆ' ਗੁਰੂ ਨਾਨਕ ਦੇਵ ਜੀ ਦਾ ਸਭ ਤੋਂ ਪਹਿਲਾ ਸੰਬੋਧਨ ਸੀ। ਉਮਰਾਂ ਭਰ ਨਾ ਜਾਣ ਵਾਲੀ ਤੀਬਰ ਭੁੱਖ ਦਾ ਨਾਮ ਸਿੱਖੀ ਹੈ। ਸਿੱਖੀ ਅਤੇ ਭਾਈ ਸ਼ਬਦਾਂ ਦਾ ਸੰਬੰਧ ਸਰੀਰ ਤੇ ਆਤਮਾ ਵਰਗਾ ਹੈ। ਸਿੱਖ ਤੋਂ ਬਿਨਾ, ਕੋਈ ਭਾਈ ਨਹੀਂ ਬਣ ਸਕਦਾ। ਭਾਈ ਮਰਦਾਨਾ, ਬਾਂਹਵਾਂ ਵਾਂਗ ਸਾਰੀ ਉਮਰ ਗੁਰੂ ਨਾਨਕ ਦੇਵ ਜੀ ਦੇ ਨਾਲ ਰਿਹਾ। ਉਮਰ ਨੇ ਸਾਥ ਛੱਡਿਆ, ਭਾਈ ਮਰਦਾਨੇ ਨੇ ਤੋੜ ਤਕ ਭਰਾਵਾਂ ਵਾਂਗ ਦੁੱਖ ਸੁਖ ਵਿਚ ਸਾਥ ਦਿੱਤਾ।

ਗੁਰੂ ਬਣਨ ਤੋਂ ਪਹਿਲਾਂ ਭਾਈ ਲਹਿਣਾ ਬਣਨਾ ਜ਼ਰੂਰੀ ਹੈ। ਭਾਈ ਜੇਠਾ ਬਣਨ ਤੋਂ ਪਿੱਛੋਂ ਹੀ ਕੋਈ ਸੋਢੀ ਪਾਤਸ਼ਾਹ ਬਣ ਸਕਦਾ ਹੈ। ਪਹਿਲਾਂ ਭਾਈ ਤਿਆਗ ਮੱਲ ਅਤੇ ਫਿਰ ਸ੍ਰੀ ਗੁਰੂ ਤੇਗ ਬਹਾਦਰ, ਹਿੰਦ ਦੀ ਚਾਦਰ ਬਣਨ ਦਾ ਮਾਣ ਮਿਲਦਾ ਹੈ। ਜਦੋਂ ਸਭ ਤੋਂ ਵੱਡੀ ਤੇ ਸਦੀਵੀ ਸਾਂਝੀ ਪਦਵੀ ਸਿੱਖਾਂ ਨੂੰ ਦੇਣ ਲਈ ਤਲਵਾਰ ਦੀ ਧਾਰ 'ਤੇ ਪ੍ਰੀਖਿਆ ਲਈ ਤਾਂ ਭੀ ਉਨ੍ਹਾਂ ਪੰਜਾਂ ਪਿਆਰਿਆਂ ਨੂੰ ਭਾਈ ਦੀ ਪਦਵੀ ਦਿੱਤੀ।

ਸਿੱਖੀ ਵਿਚ ਭੀ ਤੇ ਪੰਜਾਬੀ ਵਿਚ ਦੂਜਾ ਸ਼ਬਦ ਬਾਬਾ ਹੈ। ਭਾਈ ਗੁਰਦਾਸ ਜੀ

ਨੇ ਇਸ ਨੂੰ ਸ੍ਰੀ ਗੁਰੂ ਨਾਨਕ ਦੇਵ ਲਈ ਵਰਤਿਆ ਹੈ ਅਤੇ ਬਾਣੀ ਵਿਚ ਵੱਡੇ ਗੁਰੂ ਲਈ ਦਾਦੇ ਸ਼ਬਦ ਦੀ ਵਰਤੋਂ ਕੀਤੀ ਹੋਈ ਮਿਲਦੀ ਹੈ। ਹੁਣ ਤੇ ਬਾਬੇ ਸ਼ਬਦ ਤੋਂ ਸਿੱਖਾਂ ਨੂੰ ਹੋਰ ਲੱਗਦਾ ਹੈ। ਧੁੱਪ ਨਾਲੋਂ ਕਾਲੀ ਰਾਤ ਚੰਗੀ ਲਗਦੀ ਹੈ। ਦਾਹੜੇ ਦੇ ਉੱਜਲ ਹੋਣ ਦਾ ਡਰ ਲੱਗਾ ਰਹਿੰਦਾ ਹੈ।

ਬਾਬਾ ਸ਼ਬਦ ਸਿੱਖਾਂ ਨੇ ਤੇ ਸਿੰਘਾਂ ਨੇ ਉਮਰ ਭਰ ਦੀਆਂ ਘਾਲਣਾ ਘਾਲ ਕੇ ਪ੍ਰਾਪਤ ਕੀਤਾ। ਗੁਰੂ ਪੁੱਤਰਾਂ ਨੂੰ ਘਾਲਣਾ ਘਾਲ ਕੇ ਭੀ, ਸ਼ਹੀਦੀਆਂ ਪਾ ਕੇ ਭੀ ਅਤੇ ਗੁਰੂ ਪੁੱਤਰ ਦੇ ਮਾਣ ਕਰਕੇ ਭੀ ਬਾਬਾ ਸ਼ਬਦ ਨਾਲ ਸੱਦਿਆ ਅਤੇ ਸਤਿਕਾਰਿਆ ਜਾਂਦਾ ਸੀ।

ਧਰਮ ਨੇ ਪ੍ਰਵਾਰ ਵਿਚ ਜੰਮਣਾ ਸੀ। ਪ੍ਰਵਾਰ ਕੋਲੋਂ ਉਮਰ ਅਤੇ ਸਿਹਤ ਲੈਣੀ ਸੀ। ਪ੍ਰਵਾਰ ਕੋਲੋਂ ਧਰਮ ਦਾ ਅਦਬ ਲੈਣਾ ਸੀ। ਧਰਮੀ-ਮਾਂ ਅਤੇ ਧਰਮੀ-ਪਿਤਾ ਕੋਲੋਂ ਧਰਮ ਦੀਆਂ ਲੋਰੀਆਂ ਲੈਣੀਆਂ ਸਨ।

ਧਰਮ-ਮਹਿੱਟਰ ਬੱਚੇ, ਸਿੱਖ ਵਿੱਦਿਅਕ ਸੰਸਥਾਵਾਂ ਵਿਚ ਦਾਖਲ ਹੋ ਗਏ। ਇਹ ਦੂਜਾ, ਪਰ ਜ਼ਿੰਦਗੀ ਦਾ ਸਭ ਤੋਂ ਵੱਡਾ ਪਰਵਾਰ ਹੈ। ਸਾਰੇ ਸੰਸਾਰ ਦੇ ਪਿਤਾ ਭੀ ਇਕੱਠੇ ਹੋ ਜਾਣ ਤਾਂ ਉਹ ਪਿਤਾ ਹੀ ਰਹਿਣਗੇ, ਅਧਿਆਪਕ ਨਹੀਂ ਸਦਵਾ ਸਕਦੇ। ਅਧਿਆਪਕ-ਧਰਮ ਬਹੁਤ ਵੱਡਾ ਧਰਮ ਹੈ, ਏਸੇ ਕਰਕੇ ਇਨ੍ਹਾਂ ਲਈ ਕੌਮ ਉਸੱਰੀਏ ਸ਼ਬਦ ਵਰਤਿਆ ਜਾਂਦਾ ਹੈ। ਅਧਿਆਪਕ ਆਪਣੀ ਕਲਾਸ ਵਿਚ ਬੈਠੇ ਚਾਲੀ ਲੜਕਿਆਂ ਨੂੰ ਚਾਲੀ ਲੜਕੇ ਨਹੀਂ ਗਿਣਦਾ, ਉਹ ਚਾਲੀ ਪ੍ਰਵਾਰ ਹੁੰਦੇ ਹਨ। ਉਸ ਦੀ ਬੇੜੀ ਵਿਚ ਚਾਲੀ ਪ੍ਰਵਾਰ ਬੈਠੇ ਹੋਏ ਹਨ, ਸਮੇਂ ਦਾ ਦਰਿਆ ਪੂਰੇ ਚੜ੍ਹਾ ਵਿਚ ਹੈ, ਕਪਟ ਤੇ ਵਹੇਰੇ ਮੂੰਹ ਅੱਡ ਕੇ ਖੜੋਤੇ ਹਨ। ਜਿਤਨਾ ਮਾਂ ਦਾ ਦੁੱਧ ਪੀਤਾ ਹੈ, ਅਧਿਆਪਕ ਨੂੰ ਸਾਰਾ ਜ਼ੋਰ ਲਾ ਕੇ ਬੇੜੀ ਨੂੰ ਠੀਕ ਸੇਧ ਵਿਚ ਰੱਖ ਕੇ ਉਮਰ ਭਰ ਚਲਾਉਣਾ ਪੈਂਦਾ ਹੈ।

ਅਧਿਆਪਕ ਕੇਵਲ ਗਿਆਨ ਹੀ ਨਹੀਂ ਦੇਂਦੇ, ਉਹ ਵਿਦਿਆਰਥੀਆਂ ਦੀਆਂ ਸ਼ਖ਼ਸੀਅਤਾਂ ਭੀ ਬਣਾਉਂਦੇ ਹਨ। ਉਨ੍ਹਾਂ ਨੂੰ ਠੀਕ ਦ੍ਰਿਸ਼ਟੀ ਭੀ ਦੇਂਦੇ ਹਨ। ਵਿੱਦਿਅਕ ਅਦਾਰਿਆਂ ਦੇ ਸਾਰੇ ਅਧਿਆਪਕ ਇਕ ਪ੍ਰਵਾਰ ਬਣ ਕੇ ਕੰਮ ਕਰਨ। ਇਕ ਦੂਜੇ ਨੂੰ ਪੂਰਾ ਸਹਿਯੋਗ ਦੇਣ। ਕਿਸੇ ਇਕ ਵਿਦਿਆਰਥੀ ਦੀ ਸ਼ਖ਼ਸੀਅਤ ਦੇ ਮਹੌਲ ਵਿਚ ਕੋਈ ਕਮਜ਼ੋਰੀ ਆ ਰਹੀ ਹੋਵੇ, ਤਾਂ ਸਾਰੇ ਲੜਕੇ ਜਾਨ ਹੀਲਕੇ ਉਸ ਨੂੰ ਦੂਰ ਕਰਨ। ਵਿੱਦਿਅਕ ਅਦਾਰਾ ਭੀ ਇਕ ਪਵਿੱਤਰ ਧਰਮ ਹੈ।

ਧਰਮ-ਦਰਸ਼ਨ ਵਿਗਿਆਨ ਵਾਂਗ ਪੜ੍ਹਾਉਣਾ ਭੀ ਪੈਂਦਾ ਹੈ ਅਤੇ ਉਸ ਨੂੰ ਅਮਲ ਕਰਕੇ ਵਿਖਾਉਣਾ ਭੀ ਪੈਂਦਾ ਹੈ, ਧਰਮ ਲਈ ਮਾਡਲ ਦੀ ਲੋੜ ਹੁੰਦੀ ਹੈ।

ਧਰਮ ਬੀਜ ਨਹੀਂ ਹੈ, ਅੰਕੁਰ ਹੈ। ਬੀਜ ਦਇਆ ਹੈ। ਦਇਆ ਬੜੀ ਨਿਤਾਣੀ ਤੇ ਨਿਮਾਣੀ ਜਿਹੀ ਜਾਪਦੀ ਹੈ ਪਰ ਇਹ ਉਸ ਧਰਮ ਧੌਲ ਨੂੰ ਪੈਦਾ ਕਰਦੀ

ਹੈ, ਜਿਹੜਾ ਸਾਰੇ ਸੰਸਾਰ ਦਾ ਭਾਰ ਚੁੱਕ ਸਕਦਾ ਹੈ। ਧਰਮ ਕਦੇ ਭੀ ਇਕੱਲਾ ਨਹੀਂ ਹੁੰਦਾ। ਇਸ ਦੀ ਸੱਜੀ ਬਾਂਹ ਖਿਮਾ ਦੀ ਹੁੰਦੀ ਹੈ, ਜੇ ਖਿਮਾ ਨਹੀਂ ਤਾਂ ਧਰਮ ਟੁੰਡਾ ਹੈ। ਘਾਲਣਾ ਅਤੇ ਕਮਾਈ ਕਰਨ ਨਾਲ, ਵੰਡਣ ਅਤੇ ਕੁਰਬਾਨੀ ਨਾਲ ਧਰਮ ਦਾ ਕੱਦ ਉੱਚਾ ਹੁੰਦਾ ਹੈ।

ਇਸ ਦੇ ਸਾਹਮਣੇ ਖੜੋ ਕੇ ਕੋਈ ਲੜਨ ਦਾ ਹੀਆ ਨਹੀਂ ਕਰ ਸਕਦਾ। ਇਸ ਦਾ ਕੇਵਲ ਇੱਕ ਵੈਰੀ ਹੈ, ਉਹ ਐਸੀ ਸ਼ਕਲ ਬਣਾ ਲੈਂਦਾ ਹੈ, ਜਿਸ ਨਾਲ ਧਰਮ ਧੋਖਾ ਖਾ ਜਾਂਦਾ ਹੈ। ਉਹ ਹੈ ਕਰੋਧ। ਧਰਮ ਕਾਹਲ ਵਿਚ ਆ ਕੇ ਇਹ ਪਛਾਣ ਨਹੀਂ ਸਕਦਾ ਕਿ ਇਹ ਕਰੋਧ ਹੈ ਕਿ ਜੋਸ਼ ਹੈ। ਜੋਸ਼ ਵਿਚ ਦੂਰੰਦੇਸ਼ੀ ਹੁੰਦੀ ਹੈ। ਕੋਈ ਮਾਣ ਕਰਨ ਵਾਲਾ ਆਦਰਸ਼ ਹੁੰਦਾ ਹੈ। ਕਰੋਧ ਦੁਰਬਲਤਾ ਦਾ ਗਿੱਦੜ ਹੁੰਦਾ ਹੈ। ਪਰ ਉਸ ਨੇ ਜੋਸ਼ ਦੇ ਬੱਬਰ ਸ਼ੇਰ ਦਾ ਮੁਖੌਟਾ ਪਾਇਆ ਹੁੰਦਾ ਹੈ।

ਵੀ.ਸੀ. ਸਾਹਿਬ ਅਲੀਗੜ੍ਹ ਮੁਸਲਮ ਯੂਨੀਵਰਸਿਟੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਦੀ ਪ੍ਰਦਰਸ਼ਨੀ ਦਾ ਉਦਘਾਟਨ ਕਰਨ ਵੇਲੇ ਹਿੰਦੂ, ਸਿੱਖ ਅਤੇ ਮੁਸਲਮ ਦੇ ਭਾਰੀ ਇੱਕਠ ਨੂੰ ਸੰਬੋਧਨ ਕਰਦਿਆਂ ਹੋਇਆ ਕਿਹਾ ਸੀ, "ਸੋਚ ਜੀ ਨੇ ਜਿਹੜਾ ਸਿੱਖ ਧਰਮ ਦੱਸਿਆ ਹੈ, ਇਸ ਧਰਮ ਦੀ ਮਸਜਿਦਾਂ ਨੂੰ ਵੀ ਲੋੜ ਹੈ, ਉੱਥੇ ਭੀ ਇਸ ਦਾ ਪ੍ਰਚਾਰ ਹੋਣਾ ਚਾਹੀਦਾ ਹੈ।"

ਜਬਲਪੁਰ ਯੂਨੀਵਰਸਿਟੀ ਦੇ ਵੀ. ਸੀ ਸਾਹਿਬ ਜੀ ਨੇ ਪ੍ਰਦਰਸ਼ਨੀ ਵਿਚ 'ਜਪੁ' ਦਾ ਸੰਸਕ੍ਰਿਤ ਵਿਚ ਤਰਜਮਾ ਵੇਖ ਕੇ ਵਿਅੰਗ ਭਰੀ ਨਜ਼ਰ ਨਾਲ ਮੇਰੇ ਵਲ ਤੱਕ ਕੇ ਕਿਹਾ, "ਗੁਰੂ ਨਾਨਕ ਦੇਵ ਜੀ ਨੇ ਲੋਕਾਂ ਵੱਲ ਰੁਖ਼ ਕਰ ਕੇ ਸਫਰ ਕੀਤਾ ਸੀ, ਉਨ੍ਹਾਂ ਦੀ ਸਾਰੀ ਬਾਣੀ ਲੋਕ ਮੁਖ ਹੈ, ਸਦੀਆਂ ਤਕ ਇਸ ਕਰਕੇ ਸਫਰ ਕਰਦੀ ਰਹੇਗੀ, ਲੋਕ ਬੋਲੀ ਤੋਂ ਟੁੱਟਾ ਹੋਇਆ ਧਰਮ, ਲੋਕਾਂ ਵਿਚ ਜੀਉਂਦਾ ਨਹੀਂ ਰਹਿ ਸਕਦਾ। ਤੁਸੀਂ, ਲੋਕ-ਮੁਖ ਤੋਂ ਬੇਮੁਖ ਕਿਉਂ ਹੋ ਰਹੇ ਹੋ।"

ਉਨ੍ਹਾਂ ਨੇ ਮੈਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣਨ ਤੋਂ ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣ ਜਾਣ ਦੀ ਵਧਾਈ ਦਿੱਤੀ ਅਤੇ ਕਿਹਾ, "ਜਿਨ੍ਹਾ ਤਿੰਨ ਮੈਂਬਰਾਂ ਨੇ ਯੂਨੀਵਰਸਿਟੀ ਬਣਨ ਦੀ ਸਿਫਾਰਸ਼ ਕਰਨੀ ਸੀ, ਉਨ੍ਹਾਂ ਵਿੱਚੋਂ ਇਕ ਮੈਂ ਹਾਂ। ਸਿਫਾਰਸ਼ ਭੇਜ ਦਿੱਤੀ ਗਈ ਹੈ।

ਡਾ. ਹਰਭਜਨ ਸਿੰਘ ਸੋਚ, ਪ੍ਰਿੰਸੀਪਲ, ਖਾਲਸਾ ਕਾਲਜ ਦੀ ਕੋਠੀ ਵਿਚ ਸ੍ਰੀ ਅਖੰਡ ਪਾਠ ਦੀ ਸਮਾਪਤੀ ਪਿੱਛੋਂ ਰਾਗੀ ਕੀਰਤਨ ਕਰ ਰਹੇ ਸਨ। ਸ. ਬਿਸ਼ਨ ਸਿੰਘ ਸਮੁੰਦਰੀ ਵੀ. ਸੀ. ਗੁਰੂ ਨਾਨਕ ਦੇਵ ਯੂਨੀਵਰਸਿਟੀ ਰਾਗੀਆਂ ਦੇ ਨਾਲ ਸੁਰ ਮਿਲਾ ਕੇ ਕੀਰਤਨ ਕਰ ਰਹੇ ਸਨ। ਸਮਾਪਤੀ ਤੋਂ ਪਿੱਛੋਂ ਮੈਂ ਕਿਹਾ, "ਮੈਨੂੰ ਨਹੀਂ ਸੀ ਪਤਾ, ਤੁਸੀਂ ਕੀਰਤਨ ਭੀ ਕਰ ਸਕਦੇ ਹੋ।

ਉਨ੍ਹਾਂ ਨੇ ਪੂਰੇ ਫ਼ਖ਼ਰ ਨਾਲ ਕਿਹਾ, "ਮੈਂ ਗੁਰੂ ਗੋਬਿੰਦ ਸਿੰਘ ਖਾਲਸਾ ਹਾਈ

ਸਕੂਲ ਸਰਹਾਲੀ ਦਾ ਵਿਦਿਆਰਥੀ ਹਾਂ।"

ਸੰਸਾਰ ਪ੍ਰਸਿੱਧ ਪੱਤਰਕਾਰ ਸ. ਖੁਸ਼ਵੰਤ ਸਿੰਘ ਜੀ, ਸ. ਗੁਰਦੀਪ ਸਿੰਘ ਜੀ (ਵੀ. ਸੀ. ਗੁਰੂ ਨਾਨਕ ਦੇਵ ਯੂਨੀਵਰਸਿਟੀ) ਮਿਲੇ। ਸ. ਖੁਸ਼ਵੰਤ ਸਿੰਘ ਜੀ ਦੀ ਸ਼ਰਤ ਮੰਨ ਲਈ ਗਈ ਕਿ ਸਾਰੀ ਕਿਤਾਬ ਦੀ ਰਾਇਲਟੀ ਪਹਿਲਾਂ ਦਿੱਤੀ ਜਾਵੇਗੀ।

"ਸੀਸੁ ਦੀਆ ਪਰੁ ਸਿਰਰੁ ਨਾ ਦੀਆ" ਵਿਚ ਆਏ ਸਿਰਰੁ ਅਰਥ 'ਤੇ ਮਤ-ਭੇਦ ਹੋ ਗਿਆ। ਸ. ਗੁਰਦੀਪ ਸਿੰਘ ਜੀ ਪੰਜਾਬੀ ਸ਼ਬਦ ਸਿਰੜ ਦਾ ਵਿਗੜਿਆ ਰੂਪ ਮੰਨਦੇ ਸਨ ਪਰ ਸ. ਖੁਸ਼ਵੰਤ ਸਿੰਘ ਜੀ ਕਰਾਮਾਤ ਅਰਥ ਕਰਦੇ ਸਨ। ਗੁਪਤ ਭੇਤ, ਰੱਬ ਦੀ ਦਿੱਤੀ ਪੈਗ਼ੰਬਰੀ ਨਿਸ਼ਾਨੀ ਕਰਾਮਾਤ। ਜਿਸ ਪ੍ਰਸੰਗ ਵਿਚ ਇਸ ਸ਼ਬਦ ਦੀ ਵਰਤੋਂ ਹੋਈ ਸੀ ਉਹ ਠੀਕ ਸੀ, 'ਦੀਆ' ਨੇ ਅਰਥ ਨੂੰ ਨਿਸ਼ਚਿਤ ਕਰ ਦਿੱਤਾ ਸੀ।

ਕੌਮਾਂਤਰੀ ਪੱਧਰ 'ਤੇ ਪੜ੍ਹੀ ਜਾਣ ਵਾਲੀ ਸਿੱਖਾਂ ਦੀ ਇਤਿਹਾਸਿਕ ਪੁਸਤਕ ਨਾ ਲਿਖੀ ਗਈ ਅਤੇ ਨਾ ਛਪੀ। ਕੇਵਲ ਇਕ ਸ਼ਬਦ ਦੇ ਅਰਥ ਭੇਦ ਕਰਕੇ।

ਸ. ਕਰਨੈਲ ਸਿੰਘ ਜੀ ਦੀ ਕੋਠੀ ਵਿਚ ਮੀਟਿੰਗ ਸੀ। ਸ. ਹੁਕਮ ਸਿੰਘ ਗਵਰਨਰ ਰਾਜਸਥਾਨ ਅਤੇ ਸ. ਬ. ਉੱਜਲ ਸਿੰਘ ਗਵਰਨਰ ਤਾਮਿਲਨਾਡੂ, ਸ. ਮਹਿਤਾਬ ਸਿੰਘ ਜੀ ਤੇ ਹੋਰ ਮੈਂਬਰ ਸੱਜਣ ਸ਼ਾਮਲ ਸਨ। ਸ. ਹੁਕਮ ਸਿੰਘ ਜੀ ਨੇ ਭੀ ਅਤੇ ਸ. ਬ. ਉਜਲ ਸਿੰਘ ਜੀ ਨੇ ਕਿਹਾ, "ਸੋਚ ਜੀ ਨੇ ਜੋ ਕੁਝ ਜੈਪੁਰ ਅਤੇ ਮਦਰਾਸ ਆ ਕੇ ਸਾਨੂੰ ਕਿਹਾ ਸੀ, ਉਹ ਕਰ ਕੇ ਵਿਖਾ ਦਿੱਤਾ ਹੈ। ਸੰਤ ਚੰਨਣ ਸਿੰਘ ਜੀ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਿੱਠੀ ਆ ਗਈ ਹੈ। ਤੁਸੀਂ ਅੱਗੇ ਲੱਗੋ ਅਸੀਂ ਤੁਹਾਡੇ ਨਾਲ ਹਾਂ।

ਉੱਥੇ ਸ. ਖੁਸ਼ਵੰਤ ਸਿੰਘ ਜੀ ਦੀ ਲਿਖੀ ਪੁਸਤਕ ਗੁਰੂ ਨਾਨਕ ਦੇਵ ਉੱਪਰ ਇਤਨੀ ਨੁਕਤਾਚੀਨੀ ਨਹੀਂ ਸੀ ਹੋ ਰਹੀ, ਜਿਤਨੀ ਸ. ਬ. ਉਜਲ ਸਿੰਘ ਜੀ ਉੱਪਰ ਕਿ ਉਨ੍ਹਾਂ ਨੇ ਬਿਨਾ ਪੜ੍ਹੇ ਹੀ ਆਪਣੇ ਭਤੀਜੇ ਦੀ ਕਿਤਾਬ ਦੀ ਭੂਮਿਕਾ ਲਿਖ ਦਿੱਤੀ ਹੈ।

ਜਦੋਂ ਠੰਢ ਵਰਤੀ ਤਾਂ ਮੈਂ ਕਿਹਾ "ਜੇ ਤਾਂ ਤੁਸੀਂ ਚਾਹੁੰਦੇ ਹੋ ਕਿ ਗੁਰੂ ਨਾਨਕ ਦੇਵ ਜੀ ਦਾ ਜੀਵਨ ਵਿਦੇਸ਼ੀ ਭੀ ਖਰੀਦ ਕੇ ਪੜ੍ਹਨ ਤਾਂ ਇਸ ਨੂੰ ਜ਼ਰੂਰ ਛਾਪੋ।" ਸ. ਹੁਕਮ ਸਿੰਘ ਜੀ ਕਹਿਣ ਲੱਗੇ, "ਤੁਹਾਡੀ ਗੱਲ ਠੀਕ ਹੈ, ਪਰ ਅਸੀਂ ਉਨ੍ਹਾਂ ਲੋਕਾਂ ਤੋਂ ਡਰਦੇ ਨਹੀਂ ਛਾਪਦੇ, ਜਿਹੜੇ ਆਪ ਤੇ ਕੁਝ ਕਰ ਨਹੀਂ ਸਕਦੇ ਪਰ ਕੰਮ ਕਰਨ ਵਾਲਿਆਂ ਦੀਆਂ ਲੱਤਾਂ ਖਿੱਚਣ ਦੇ ਕਸਬ ਵਿਚ ਉਸਤਾਦ ਹਨ। ਠੀਕ ਹੁੰਦਿਆਂ ਵੀ ਨਹੀਂ ਛਾਪ ਸਕਦੇ।

ਕੇਂਦਰੀ ਸਰਕਾਰ ਨੇ ਅਜ਼ਾਦੀ ਲਈ ਹੋਏ ਸ਼ਹੀਦਾਂ ਦੇ ਜੀਵਨ ਲਿਖਣ ਦਾ ਫੈਸਲਾ ਕੀਤਾ, ਇਸ ਕੰਮ ਲਈ ਤਿੰਨ ਮੈਂਬਰੀ ਕਮੇਟੀ ਬਣਾਈ ਗਈ, ਜਿਸ ਵਿਚ ਵਿੱਦਿਆ ਮੰਤਰੀ, ਰੱਖਿਆ ਮੰਤਰੀ ਅਤੇ ਇਕ ਡਾ. ਸਾਹਿਬ ਨੂੰ (ਮੈਨੂੰ ਇਸ ਵੇਲੇ

ਨਾਮ ਨਹੀਂ ਯਾਦ) ਜੋ ਐਡੀਟਰ ਸਨ, ਇਸ ਲਈ ਇਕ ਪ੍ਰਫਾਰਮਾ ਬਣਾਇਆ ਗਿਆ। ਹਰ ਸੂਬੇ ਦੇ ਲੋਕ ਸਭਾ ਦੇ ਮੈਂਬਰਾਂ ਨੂੰ ਇਹ ਪ੍ਰਫਾਰਮਾ ਦਿੱਤਾ ਗਿਆ।

ਮੈਂ ਐਡੀਟਰ ਨੂੰ ਚਿੱਠੀ ਲਿਖੀ ਕਿ ਇਸ ਪ੍ਰਫਾਰਮੇ ਵਿਚ ਜਿਹੜਾ ਵਿੱਦਿਆ ਸੰਬੰਧੀ ਖਾਨਾ ਹੈ, ਉਹ ਠੀਕ ਨਹੀਂ।

ਭਾਵੇਂ ਐਡੀਟਰ ਲੰਗੜਾ ਕੇ ਤੁਰਦਾ ਸੀ ਪਰ ਉਹ ਬੜਾ ਫੁਰਤੀਲਾ ਨਿਕਲਿਆ ਅਤੇ ਸਿੱਧਾ ਸ਼੍ਰੋਮਣੀ ਗੁ:ਪ੍ਰ: ਕਮੇਟੀ ਦੇ ਦਫ਼ਤਰ ਪਹੁੰਚਾ ਤੇ ਮੇਰਾ ਪਤਾ ਪੁੱਛ ਕੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਆ ਗਿਆ।

ਮੈਂ ਉਸ ਅੱਗੇ ਪੰਜਾਬ ਦੇ ਸ਼ਹੀਦਾਂ ਦੀਆਂ ਲਿਸਟਾਂ ਰੱਖ ਦਿੱਤੀਆਂ ਅਤੇ ਕਿਹਾ, "ਕੋਈ ਲਿਸਟ ਚੁੱਕ ਲਵੋ, ਕਿਸੇ ਨਾਮ 'ਤੇ ਉਂਗਲ ਰੱਖ ਦਿਉ, ਸਾਰੇ ਸ਼ਹੀਦ ਧਾਰਮਿਕ ਆਦਮੀ ਸਨ। ਕੋਈ ਪਾਠ ਕਰਨ ਵਾਲਾ ਸੀ, ਕੋਈ ਪਾਠ ਸੁਣਨ ਵਾਲਾ ਸੀ। ਕੋਈ ਸ਼ਬਦ ਪੜ੍ਹਨ ਵਾਲਾ ਸੀ, ਕੋਈ ਦੀਵਾਨ ਸੁਣਨ ਵਾਲਾ ਸੀ। ਕੋਈ ਲੰਗਰ ਲਈ ਉਗਰਾਹੀ ਕਰਨ ਵਿਚ ਵੱਧ-ਚੜ੍ਹ ਕੇ ਹਿੱਸਾ ਲੈਣ ਵਾਲਾ ਸੀ। ਕੋਈ ਜੋੜਿਆਂ ਦੀ ਸੇਵਾ ਕਰਨ ਵਾਲਾ ਸੀ, ਕੋਈ ਨੇਮ ਨਾਲ ਜਨਮ ਸਾਖੀ ਪੜ੍ਹਨ ਵਾਲਾ, ਕੋਈ ਸੁਣਨ ਵਾਲਾ ਸੀ। ਕੋਈ ਢੋਲਕੀ ਵਜਾਉਣ ਵਾਲਾ, ਕੋਈ ਛੈਣੇ ਅਤੇ ਚਿਮਟਾ ਵਜਾਉਣ ਵਾਲਾ ਸੀ।

ਇਨ੍ਹਾਂ ਸ਼ਹੀਦਾਂ ਨੂੰ ਸ਼ਹੀਦ ਹੋਣ ਦੀ ਕੁਰਬਾਨੀ ਕਰਨ ਦੀ ਪ੍ਰੇਰਣਾ ਬਾਣੀ ਨੇ ਦਿੱਤੀ ਹੈ। ਇਹ ਬਾਣੀ ਪੜ੍ਹਦੇ ਜਾਂ ਸੁਣਦੇ ਰਹੇ ਹਨ। ਵਿੱਦਿਆ ਦੇ ਖਾਨੇ ਵਿਚ ਬਾਣੀ ਦੀ ਵਿੱਦਿਆ ਪੜ੍ਹੀ ਸੀ, ਲਿਖਿਆ ਜਾਵੇ।

ਡਾਕਟਰ ਸਾਹਿਬ ਕਹਿਣ ਲੱਗੇ, "ਇਸ ਤਰ੍ਹਾਂ ਮੁਸਲਮਾਨ ਕਹਿਣਗੇ, ਵਿੱਦਿਆ ਦੇ ਖਾਨੇ ਵਿਚ ਕੁਰਾਨ ਲਿਖੋ, ਹਿੰਦੂ ਕਹਿਣਗੇ ਵੇਦ ਲਿਖੋ, ਫਿਰ ਸੈਕੁਲਰ ਵਾਲੀ ਆਤਮਾ ਤਾਂ ਵਿੱਚੋਂ ਨਿਕਲ ਜਾਵੇਗੀ।

ਮੈਂ ਉਨ੍ਹਾਂ ਨੂੰ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਤਾਂ ਹਿੰਦੂ, ਮੁਸਲਮਾਨ ਅਤੇ ਚਾਰੇ ਵਰਨ ਇਕੱਠੇ ਹਨ। ਇਹ ਤਾਂ ਸੈਕੁਲਰ ਹੋਣ ਦੀ ਚਾਰ ਸੌ ਸਾਲਾ ਪੁਰਾਣੀ ਅਤੇ ਦਰਗਾਹੀ ਦਸਤਾਵੇਜ਼ ਹੈ।

ਡਾ. ਐਡੀਟਰ ਨੇ ਤੱਥ ਵੇਖ ਕੇ ਅਤੇ ਬਹੁਤ ਸ਼ਹੀਦ ਸਿੱਖ ਵੇਖ ਕੇ ਮੇਰੀ ਗੱਲ ਨੂੰ ਠੀਕ ਮੰਨ ਲਿਆ ਤੇ ਕਿਹਾ, "ਮੈਂ ਸਾਰੇ ਤੱਥ ਕਮੇਟੀ ਵਿਚ ਰੱਖਾਂਗਾ। ਖਾਨੇ ਵਿਚ ਬਾਣੀ ਪੜ੍ਹਿਆ' ਲਿਖਣ ਵਿਚ ਕਿਸੇ ਨੂੰ ਭੀ ਕੋਈ ਇਤਰਾਜ਼ ਨਹੀਂ ਹੋਵੇਗਾ।"

■

# ਅਸੀਂ ਪੱਤ ਨਾਲ ਕਿਸ ਤਰ੍ਹਾਂ ਜ਼ਿੰਦੇ ਰਹਿ ਸਕਦੇ ਹਾਂ?

*-ਗਿ. ਦਿੱਤ ਸਿੰਘ**

ਜਿਤਨੇ ਪ੍ਰਾਣਧਾਰੀ ਜੀਵ ਹਨ ਭਾਵੇਂ ਕਿਸੇ ਪ੍ਰਕਾਰ ਦੀ ਸੰਗਜਾ ਵਿਚ ਕਿਉਂ ਨਾ ਹੋਨ ਉਹ ਸਾਰੇ ਅਪਨੇ ਜੀਵਨ ਦੀ ਇੱਛਾ ਕਰਦੇ ਹਨ ਅਤੇ ਯਥਾ ਸ਼ਕਤ ਅਪਨੇ ਜੀਵਨ ਦੇ ਉਪਾਇ ਭੀ ਸੋਚ ਰਹੇ ਹਨ।

ਜਦ ਅਸੀਂ ਪੰਖੀਆਂ ਵੱਲ ਧਿਆਨ ਕਰਦੇ ਹਾਂ ਤਦ ਨਿਰਬਲ ਪੰਖੀ ਅਪਨੇ ਤੇ ਸਮਰੱਥਾ ਵਾਲੇ ਪੰਖੀ ਦੇ ਹੱਥੋਂ ਬਚ ਕੇ ਅਪਨੇ ਪ੍ਰਾਣਾਂ ਦੀ ਰੱਖਜਾ ਚਾਹੁੰਦਾ ਹੈ, ਇਸੀ ਪ੍ਰਕਾਰ ਬਲਵਾਨ ਪੰਖੀ ਭੀ ਉਸ ਨਿਰਬਲ ਨੂੰ ਮਾਰ ਕੇ ਅਪਨਾ ਪੇਟ ਭਰਨ ਨੂੰ ਅਪਨਾ ਜੀਵਨ ਸਮਝਦਾ ਹੈ, ਇਸ ਤੇ ਬਿਨਾ ਉਹ ਦੋਨੋਂ ਪੰਖੀ ਜੈਸਾ ਕਿ ਬਾਜ਼ ਅਤੇ ਤਿੱਤ੍ਰ ਇਕ ਮਨੁੱਖ ਤੇ ਡਰ ਕੇ ਨੱਸ ਜਾਂਦੇ ਹਨ ਅਰ ਉਸ ਦੇ ਕੋਲੋਂ ਅਪਨੇ ਪ੍ਰਾਣਾਂ ਦੀ ਰੱਖਜਾ ਕਰਦੇ ਹਨ, ਇਸੀ ਪ੍ਰਕਾਰ ਇਹ ਰੀਤੀ ਪਸ਼ੂਆਂ ਵਿਚ ਭੀ ਅਸੀਂ ਪਾਉਂਦੇ ਹਾਂ ਜੋ ਨਿਰਬਲ ਮ੍ਰਿਗ ਅਪਨੇ ਜੀਵਨ ਦੀ ਇੱਛਾ ਕਰਕੇ ਆਪ ਤੇ ਬਲੀ ਸ਼ੇਰ, ਚਿਤ੍ਰਾ ਅਤੇ ਬਘਿਆੜ ਆਦਿਕ ਤੇ ਅਪਨੇ ਤਾਈਂ ਬਚਾਉਂਦੇ ਰਹਿੰਦੇ ਹਨ ਅਰ ਇਧਰ ਇਹ ਭੀ ਉਨ੍ਹਾਂ ਨੂੰ ਮਾਰ ਕੇ ਅਪਨਾ ਪੇਟ ਭਰਨਾ ਹੀ ਅਪਨਾ ਜੀਵਨ ਸਮਝਦੇ ਹਨ ਅਰ ਇਹ ਦੋਨੋਂ ਪਸ਼ੂ ਮਨੁੱਖ ਆਦਿਕ ਨੂੰ ਦੇਖ ਕੇ ਉਸੀ ਤਰ੍ਹਾਂ ਬਚਨਾ ਚਾਹੁੰਦੇ ਹਨ, ਜਿਸ ਤਰ੍ਹਾਂ ਪ੍ਰਾਣ ਬਚਾਉਨ ਵਾਲੇ ਨੂੰ ਚਾਹੀਦਾ ਹੈ। ਫੇਰ ਜਦੋਂ ਅਸੀਂ ਮਨੁੱਖਾਂ ਦੀ ਹਾਲਤ ਵੱਲ ਦੇਖਦੇ ਹਾਂ ਤਦ ਕਿਆ ਖਜਾਲ ਕਰਦੇ ਹਾਂ ਕਿ ਇਸ ਜ਼ਾਤੀ ਨੇ ਤਾਂ ਅਪਨੇ ਪ੍ਰਾਣਾਂ ਦੀ ਰੱਖਜਾ ਲਈ ਅਜਿਹੇ ਯਤਨ ਕੀਤੇ ਹਨ ਜੋ ਹੋਰਨਾਂ ਜੀਵਾਂ ਦੇ ਵਾਸਤੇ ਕਰਨੇ ਅਤਜੰਤਾ ਭਾਵ ਹਨ, ਜੈਸਾ ਕਿ ਵੱਡੇ ਸੁੰਦਰ ਮਕਾਨਾਂ ਦਾ ਬਨਾਉਣਾ, ਖੇਤੀ ਵਨਜ, ਬਿਓਪਾਰ ਦਾ ਚਲਾਉਣਾ, ਕਿਲ੍ਹੇ ਕੋਟ ਉਸਾਰਨੇ ਅਰ ਕਈ ਪ੍ਰਕਾਰ ਦੇ ਸ਼ਸਤ੍ਰ ਅਸਤ੍ਰ ਧਾਰਨੇ ਅਤੇ ਕਈ ਪ੍ਰਕਾਰ ਦੀ ਵਿੱਦਯਾ ਦਾ ਪ੍ਰਚਾਰ ਕਰਨਾ ਇਹ ਸਾਰਾ ਅਪਨੇ ਪ੍ਰਾਣਾਂ ਦੀ ਰੱਖਯਾ ਦਾ ਸਾਧਨ ਹੈ ਅਤੇ ਓਸੇ ਯਤਨ ਨੂੰ ਕੀਤਾ ਜਾਂਦਾ ਹੈ ਜੋ ਪ੍ਰਾਣਾਂ ਲਈ ਸੁਖਦਾਈ ਹੈ।

ਇਸ ਉਪਰਲੇ ਲੇਖ ਤੇ ਇਹ ਬਾਤ ਤਾਂ ਸਿੱਧ ਹੋ ਗਈ ਹੈ ਕਿ ਸਾਰੇ ਜੀਵ ਆਪਨੇ ਜੀਵਨ ਲਈ ਬਹੁਤ ਸਾਰੇ ਯਤਨ ਕਰਦੇ ਹਨ, ਪਰੰਤੂ ਇਸ ਦੇ ਅੱਗੇ ਮਨੁੱਖ ਜ਼ਾਤੀ ਵਿਚ ਅਸੀਂ ਇਹ ਭੀ ਸੁਭਾਵ ਦੇਖਦੇ ਹਾਂ ਕਿ ਉਹ ਜੀਵਨ ਦੇ ਨਾਲ ਇੱਜ਼ਤ ਅਰਥਾਤ ਪਤ ਦੀ ਭੀ ਇੱਛਾ ਰੱਖਦਾ ਹੈ, ਜੈਸਾ ਕਿ ਨਗਰ ਦਾ ਹਰ ਇਕ ਆਦਮੀ ਚਾਹੁੰਦਾ ਹੈ ਕਿ ਮੈਂ ਜ਼ਿੰਦਾ ਭੀ ਰਹਾਂ ਅਰ ਨਾਲੇ ਕਮੀਣ ਨਾ ਹੋਵਾਂ, ਕਿੰਤੂ ਪੈਂਚ ਭੀ ਬਨਿਆ ਰਹਾਂ।

---

**ਗੁਰਪੁਰਵਾਸੀ*

ਇਸੀ ਤਰ੍ਹਾਂ ਸਿਪਾਹੀ ਭੀ ਏਹੋ ਆਖਦਾ ਹੈ ਕਿ ਮੈਂ ਅਪਨੀ ਜ਼ਿੰਦਗੀ ਭੀ ਅੱਛੇ ਓਹੁਦੇ (ਅਹੁਦੇ) ਨਾਲ ਧਾਰਨ ਕਰਾਂ। ਇਸੀ ਪ੍ਰਕਾਰ ਹਰ ਇਕ ਪ੍ਰਾਣੀ ਅਪਨੇ ਜੀਵਨ ਦੇ ਨਾਲ ਅਪਨੀ ਪਤ ਭੀ ਚਾਹੁੰਦਾ ਹੈ ਜੋ ਜੀਵਨ ਦਾ ਭੂਖਨ ਹੈ, ਕਿਉਂਕਿ ਜਦ ਅਸੀਂ ਨੰਬ੍ਰਦਾਰ ਦੇ ਜੀਵਨ ਦਾ ਇਕ ਭੰਗੀ ਦੇ ਜੀਵਨ ਨਾਲ ਮੁਕਾਬਲਾ ਕਰਾਂਗੇ ਤਦ ਪ੍ਰਾਣ ਰੱਖਯਾ ਵਿਚ ਤਾਂ ਜ਼ਰੂਰ ਦੋਨਾਂ ਨੂੰ ਬਰਾਬਰ ਪਾਵਾਂਗੇ, ਪਰੰਤੂ ਪਤ ਦੇ ਮੁਕਾਬਲੇ ਵਿਚ ਉਨ੍ਹਾਂ ਦਾ ਜਿਮੀਂ ਅਸਮਾਨ ਜਿਤਨਾ ਫਰਕ ਦੇਖੋਗੇ, ਇਸੀ ਪ੍ਰਕਾਰ ਇਕ ਰਾਜਾ ਅਤੇ ਘਸਿਆਰੇ ਦੀ ਜ਼ਿੰਦਗੀ ਦਾ ਜਦੋਂ ਵਿਚਾਰ ਕਰਾਂਗੇ ਤਦ ਭੀ ਉਨ੍ਹਾਂ ਦੇ ਪ੍ਰਾਣ ਧਾਰਨ ਕਰਨੇ ਤਾਂ ਜ਼ਰੂਰ ਇੱਕੋ ਜਿਹੇ ਹਨ, ਪਰੰਤੂ ਉਨ੍ਹਾਂ ਦੇ ਰੁਤਬੇ ਯਾ ਇੱਜ਼ਤ ਦਾ ਲੱਖਾਂ ਕੋਹਾਂ ਦਾ ਭੇਦ ਪਾਵਾਂਗੇ, ਇਸ ਤੇ ਸਾਫ ਸਿੱਧ ਹੁੰਦਾ ਹੈ ਕਿ ਜਿਨ੍ਹਾਂ ਮਨੁੱਖਾਂ ਤਾਈਂ ਨਿਰਾ ਜੀਵਨ ਹੀ ਸੁਖਦਾਈ ਨਹੀਂ ਹੈ ਕਿੰਤੂ ਇਸ ਦੇ ਨਾਲ ਦੂਸਰੀ ਇੱਜ਼ਤ ਯਾ ਪਤ ਹੈ ਜੋ ਜੀਵਨ ਦਾ ਸਾਰ ਹੈ।

ਇਨ੍ਹਾਂ ਛੋਟੇ ਦ੍ਰਿਸ਼ਟਾਂਤਾਂ ਉੱਤੇ ਜਦ ਅਸੀਂ ਨਜ਼ਰ ਕਰਦੇ ਹਾਂ ਤਦ ਵੱਡਾ ਜੀਵਨ ਕੌਮੀ ਜੀਵਨ ਸਮਝਦੇ ਹਾਂ, ਜਿਸ ਤੇ ਅਸੀਂ ਇਹੋ ਖਯਾਲ ਕਰਦੇ ਹਾਂ ਕਿ ਕੌਮੀ ਜੀਵਨ ਯਾ ਕੌਮ ਦੀ ਜ਼ਿੰਦਗੀ ਏਹੋ ਜ਼ਿੰਦਗੀ ਨਹੀਂ ਹੈ ਜੋ ਇਕ ਕੌਮ ਹੋ ਕੇ ਜਗਤ ਵਿਚ ਹੋਰਨਾਂ ਕੌਮਾਂ ਨਾਲ ਗਿਨੀ ਜਾਏ, ਕਿੰਤੂ ਇਸ ਤੇ ਬਿਨਾ ਅਸੀਂ ਕੌਮੀ ਜ਼ਿੰਦਗੀ ਯਾ ਜੀਵਨ ਉਹ ਸਮਝਦੇ ਹਾਂ ਜੋ ਇਹ ਕੌਮ ਦੁਨੀਆਂ ਦੀਆਂ ਸਾਰੀਆਂ ਕੌਮਾਂ ਵਿਚ ਇੱਜ਼ਤ ਦੇ ਨਾਲ ਜੀਉਂਦੀ ਰਹੇ।

ਇਸ ਜੀਵਨ ਦੇ ਵਾਸਤੇ ਕੇਵਲ ਤਿੰਨ ਪਦਾਰਥ ਹਨ ਜਿਨ੍ਹਾਂ ਵਿੱਚੋਂ ਪਹਿਲਾ ਸ਼ਰੀਰਕ ਬਲ, ਦੂਜਾ ਧਨ ਅਤੇ ਤੀਜੀ ਵਿੱਦਯਾ, ਸੋ ਜਿਸ ਕੌਮ ਪਾਸ ਇਹ ਤਿੰਨੇ ਹਨ ਸੋਈ ਕੌਮ ਇਸ ਦੁਨੀਆਂ ਪਰ ਕੌਮ ਹੋ ਕੇ ਇੱਜ਼ਤ ਨਾਲ ਰਹਿ ਸਕਦੀ ਹੈ ਇਸ ਤੇ ਬਿਨਾਂ ਇਕ ਨਿਰਬਲ ਅਤੇ ਕਮੀਨ ਹੋ ਕੇ ਰਹਨਾ ਅਰ ਪਤ ਤੇ ਬਿਨਾ ਹੋਣਾ ਕੋਈ ਸੱਚਾ ਜੀਵਨ ਨਹੀਂ ਹੈ।

ਇਸ ਵਾਸਤੇ ਅਸੀਂ ਖਾਲਸਾ ਕੌਮ ਅੱਗੇ ਭੀ ਪ੍ਰਾਰਥਨਾ ਕਰਦੇ ਹਾਂ ਕਿ ਜੇ ਕਰਕੇ ਓਹ ਸੰਸਾਰ ਪਰ ਅਪਨੀ ਜ਼ਿੰਦਗੀ ਇੱਜ਼ਤ ਅਰਥਾਤ ਪਤ ਨਾਲ ਰਖਕੇ, ਇਕ ਕੌਮ ਕਹਾਉਣ ਦੀ ਇੱਛਾ ਰੱਖਦੀ ਹੈ ਤਾਂ ਜ਼ਰੂਰ ਹੈ ਜੋ ਉਹ ਧਨ, ਬਲ ਅਤੇ ਵਿੱਦਯਾ ਨੂੰ ਆਪਨੀ ਕੌਮ ਵਿਚ ਵਧਾਏ, ਜਿਸਤੇ ਹੋਰਨਾਂ ਕੌਮਾਂ ਵਿਚ ਸ਼ੋਭਾ ਪਾਏ।

*ਗਿ. ਦਿੱਤ ਸਿੰਘ ਅਤੇ ਸਿੱਖ ਮਸਲੇ,* ਸੰਪਾਦਤ ਡਾ. ਇੰਦਰਜੀਤ ਸਿੰਘ ਗੋਗੋਆਣੀ, ਵਿੱਚੋਂ ਧੰਨਵਾਦ ਸਹਿਤ।

■

# ਉਹ ਸੱਚਮੁੱਚ ਰੰਗ ਵਿਚ ਸਨ

*-ਡਾ. ਜਸਵੰਤ ਸਿੰਘ ਨੇਕੀ**

ਤਦ ਮੈਂ ਮੈਡੀਕਲ ਕਾਲਜ ਅੰਮ੍ਰਿਤਸਰ ਪੜ੍ਹਾਉਂਦਾ ਸਾਂ। ਡਾਕਟਰ ਸੇਵਾ ਸਿੰਘ ਵੀ ਉੱਥੇ ਅਧਿਆਪਕ ਸਨ ਤੇ ਮੇਰੇ ਬੜੇ ਸਨੇਹੀ ਸਨ। ਇਕ ਦਿਨ ਮੈਨੂੰ ਕਹਿਣ ਲੱਗੇ, "ਚੱਲ ਯਾਰ ਭਾਈ ਵੀਰ ਸਿੰਘ ਹੋਰਾਂ ਨੂੰ ਮਿਲ ਆਈਏ।"

ਅਸੀਂ ਦੋਵੇਂ ਪੈਦਲ ਉਨ੍ਹਾਂ ਦੀ ਕੋਠੀ ਵੱਲ ਤੁਰ ਪਏ। ਰਸਤੇ ਵਿਚ ਇਕ ਮਾਈ ਮਿਲੀ। ਉਸ ਦੇ ਚਿਹਰੇ 'ਤੇ ਬੜੀ ਸ਼ਾਂਤੀ ਸੀ। ਕਿਸੇ ਰੰਗ ਵਿਚ ਰੰਗੀ ਜਾਪਦੀ ਸੀ। ਉਹ ਡਾਕਟਰ ਸੇਵਾ ਸਿੰਘ ਹੋਰਾਂ ਨੂੰ ਜਾਣਦੀ ਸੀ। ਪੁੱਛਣ ਲੱਗੀ, "ਭਾਈ ਸਾਹਿਬ ਵੱਲ ਜਾ ਰਹੇ ਹੋ?" ਡਾਕਟਰ ਸੇਵਾ ਸਿੰਘ ਜੀ ਨੇ 'ਹਾਂ' ਵਿਚ ਸਿਰ ਹਿਲਾਇਆ। ਆਖਣ ਲੱਗੀ, "ਜਾਓ, ਅੱਜ ਉਹ ਬੜੇ ਰੰਗ ਵਿਚ ਹਨ।" ਫਿਰ ਮੁਸਕ੍ਰਾਈ ਤੇ ਵਿਦਾ ਹੋ ਗਈ।

ਅਸੀਂ ਜਦ ਭਾਈ ਸਾਹਿਬ ਦੀ ਕੋਠੀ ਪਹੁੰਚੇ ਤਾਂ ਉਹ ਆਪਣੇ ਬਾਗ ਵਿਚ ਟਹਿਲ ਰਹੇ ਸਨ। ਅਸੀਂ ਆਏ ਤਾਂ ਉਹ ਕਹਿਣ ਲੱਗੇ, "ਸੇਵਾ ਸਿੰਘ ਜੀ ਇਹ ਕੌਣ ਆਤਮਾ ਆਪ ਜੀ ਦੇ ਨਾਲ ਆਈ ਹੈ?" ਸੇਵਾ ਸਿੰਘ ਜੀ ਨੇ ਮੇਰਾ ਪਰਿਚਯ ਕਰਾਉਂਦਿਆਂ ਕਿਹਾ, "ਇਹ ਡਾਕਟਰ ਜਸਵੰਤ ਸਿੰਘ ਹਨ। ਕਵਿਤਾ ਵੀ ਲਿਖਦੇ ਹਨ। ਨੇਕੀ ਇਨ੍ਹਾਂ ਦਾ ਤਖ਼ੱਲੁਸ ਹੈ। ਮੇਰੇ ਬੜੇ ਸਨੇਹੀ ਹਨ। ਅੱਜ ਮੇਰੇ ਨਾਲ ਆਪ ਜੀ ਨੂੰ ਮਿਲਣ ਲਈ ਚਲੇ ਆਏ ਹਨ।" ਭਾਈ ਸਾਹਿਬ ਨੇ ਮੇਰੇ ਮੋਢੇ 'ਤੇ ਹਲਕੀ ਜਿਹੀ ਥਾਪੀ ਦੇਂਦਿਆਂ 'ਜੀਓ ਆਇਆਂ' ਆਖਿਆ। ਫਿਰ ਅਸੀਂ ਦੋਵੇਂ ਉਨ੍ਹਾਂ ਦੀ ਚਹਿਲਕਦਮੀ ਵਿਚ ਸ਼ਾਮਲ ਹੋ ਗਏ।

ਤਦ ਇਕ ਬੜੀ ਸੁੰਦਰ ਤਿਤਲੀ ਉਡਦੀ ਉਡਦੀ ਇਕ ਸੁਹਣੇ ਖਿੜੇ ਫੁੱਲ ਉੱਪਰ ਆਣ ਉਤਰੀ। ਅਸੀਂ ਤਿੰਨੇ ਉੱਥੇ ਖਲੋ ਗਏ। ਝੱਟ ਨੂੰ ਉਹ ਤਿਤਲੀ ਉਡ ਗਈ।

ਭਾਈ ਸਾਹਿਬ ਨੇ ਸੇਵਾ ਸਿੰਘ ਹੋਰਾਂ ਨੂੰ ਮੁਖਾਤਬ ਕਰ ਕੇ ਕਿਹਾ, "ਗੁਰੂ ਪਿਆਰਿਓ ਕੀ ਵੇਖਿਆ ਜੇ?" ਸੇਵਾ ਸਿੰਘ ਜੀ ਕਹਿਣ ਲੱਗੇ, "ਇਕ ਤਿਤਲੀ ਆਈ, ਫੁੱਲ 'ਤੇ ਬੈਠੀ ਤੇ ਫਿਰ ਉਡ ਗਈ।" ਫਿਰ ਭਾਈ ਸਾਹਿਬ ਨੇ ਮੇਰੇ ਵੱਲ ਆਪਣੀ ਸਵਾਲੀਆ ਨਜ਼ਰ ਫੇਰੀ, ਮੈਂ ਕਿਹਾ, "ਇਕ ਸੁੰਦਰਤਾ ਨੇ ਦੂਜੀ ਸੁੰਦਰਤਾ ਨੂੰ ਚੁੰਮਿਆ, ਰਸ ਲਿਆ ਤੇ ਚਲੀ ਗਈ।" ਭਾਈ ਸਾਹਿਬ ਮੁਸਕ੍ਰਾਏ ਤੇ ਕਹਿਣ ਲੱਗੇ, 'ਬੜੀ ਸੁੰਦਰ ਦ੍ਰਿਸ਼ਟੀ ਹੈ ਤੁਹਾਡੀ, ਪਰ, ਅਜੇ ਦ੍ਵੈਤ  ਵਿਚ ਹੈ।' ਤਦ ਅਸਾਂ ਦੋਹਾਂ, ਜਿਵੇਂ, ਇਕ ਆਵਾਜ਼ ਹੋ ਕੇ ਪੁੱਛਿਆ, 'ਭਾਈ ਸਾਹਿਬ ਜੀ ਤੁਸਾਂ ਕੀ ਵੇਖਿਆ?" ਮੁਸਕ੍ਰਾ ਕੇ ਆਖਣ ਲੱਗੇ *ਆਪੇ ਰਸੀਆ ਆਪ ਰਸ ਆਪੇ ਰਾਵਣਹਾਰ* ਉਹ ਸੱਚਮੁੱਚ ਰੰਗ ਵਿਚ ਸਨ!

ਪੁਸਤਕ *ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ* ਵਿੱਚੋਂ ਧੰਨਵਾਦ ਸਹਿਤ ■

---

**ਗੁਰਪੁਰਵਾਸੀ*

# ਭਾਈ ਵੀਰ ਸਿੰਘ ਜੀ ਦੀ ਕਵਿਤਾ ਵਿਚ ਰੂਹਾਨੀਅਤ ਝਲਕਾਰਾ

*-ਸਤਵਿੰਦਰ ਸਿੰਘ ਫੂਲਪੁਰ**

ਭਾਈ ਵੀਰ ਸਿੰਘ ਦਾ ਜਨਮ ਧਾਰਮਿਕ ਘਰਾਣੇ ਵਿਚ ਹੋਣ ਕਾਰਨ ਆਪ ਬਚਪਨ ਤੋਂ ਹੀ ਗੁਰਮਤਿ ਦੇ ਐਸੇ ਰੰਗ ਵਿਚ ਰੰਗੇ ਗਏ ਕਿ ਆਪਣਾ ਸਾਰਾ ਜੀਵਨ ਕਵਿਤਾ ਰਾਹੀਂ ਗੁਰਮਤਿ ਵਿਚਾਰਧਾਰਾ ਦੇ ਪ੍ਰਚਾਰ ਲਈ ਸਮਰਪਿਤ ਕਰ ਦਿੱਤਾ। ਭਾਈ ਸਾਹਿਬ ਦੀ ਕਵਿਤਾ ਕਪੋਲ ਕਾਵਿਕ ਕਲਪਨਾ ਜਾਂ ਸਧਾਰਨ ਤੁੱਕਬੰਦੀ ਨਹੀਂ ਸਗੋਂ ਉਨ੍ਹਾਂ ਦੇ ਨਾਮਰਸ ਵਿਚ ਰੰਗੇ ਆਪੇ ਵਿੱਚੋਂ ਫੁੱਟੀ ਹਿਰਦੇ ਦੀ ਵੇਦਨਾ ਹੈ। ਇਸੇ ਲਈ ਉਨ੍ਹਾਂ ਕਵਿਤਾ ਨੂੰ ਰਹੱਸਮੰਡਲ ਦੀ ਗੂੰਜ ਕਿਹਾ ਹੈ। ਵਿਦਵਾਨਾਂ ਨੇ ਇਸੇ ਕਰਕੇ ਆਪ ਜੀ ਨੂੰ ਸੰਤ ਕਵੀ, ਰਹੱਸਵਾਦੀ ਕਵੀ, ਕੁਦਰਤ ਦਾ ਕਵੀ, ਅਧਿਆਤਮਕ ਧਾਰਾ ਦਾ ਮਹਾਨ ਕਵੀ ਅਤੇ ਆਧੁਨਿਕ ਯੁੱਗ ਦੇ ਭਾਈ ਗੁਰਦਾਸ ਕਹਿ ਕੇ ਸਤਿਕਾਰਿਆ ਹੈ। ਭਾਈ ਸਾਹਿਬ ਦਾ ਆਧਾਰ ਗੁਰਮਤਿ ਦਰਸ਼ਨ ਹੋਣ ਕਾਰਨ ਉਨ੍ਹਾਂ ਦੇ ਮਹਾਂਕਾਵਾਂ ਤੋਂ ਲੈ ਕੇ ਛੋਟੀਆਂ ਕਵਿਤਾਵਾਂ ਤਕ ਸਮੁੱਚੀ ਕਵਿਤਾ ਦਾ ਵਿਸ਼ਾ ਅਧਿਆਤਮਕ ਹੈ। ਹਰੇਕ ਕਵਿਤਾ ਦਾ ਇਕ-ਇਕ ਸ਼ਬਦ ਨਾਮ ਦੀ ਸੁਗੰਧੀ ਨਾਲ ਭਰਪੂਰ ਰੂਹਾਨੀਅਤ ਦਾ ਖੇੜਾ ਪੈਦਾ ਕਰਨ ਵਾਲਾ ਹੈ। ਇਸ ਲਈ ਹੱਥਲੇ ਲੇਖ ਦੀ ਉਲਝਣ ਇਹ ਹੈ ਕਿ ਭਾਈ ਸਾਹਿਬ ਦੀਆਂ ਕਵਿਤਾਵਾਂ ਦੇ ਅਥਾਹ ਸਮੁੰਦਰ ਵਿੱਚੋਂ ਕਿਹੜੀ-ਕਿਹੜੀ ਕਵਿਤਾ ਨੂੰ ਵਿਸ਼ੇ ਦਾ ਆਧਾਰ ਬਣਾਇਆ ਜਾਵੇ। ਇਸ ਲਈ ਲੇਖ ਦੀ ਸੀਮਾ ਨੂੰ ਧਿਆਨ ਵਿਚ ਰੱਖਦੇ ਹੋਏ ਅਸੀਂ ਇੱਥੇ ਕੁਝ ਕੁ ਕਵਿਤਾਵਾਂ ਨੂੰ ਆਧਾਰ ਬਣਾਵਾਂਗੇ।

'ਮੇਰੇ ਸਾਈਆਂ ਜੀਉ' ਕਾਵਿ ਸੰਗ੍ਰਹਿ ਨੂੰ ਤਾਂ ਅਧਿਆਤਮਕਤਾ ਤੇ ਰਹੱਸਵਾਦ ਦੀ ਸਿਖਰ ਕਿਹਾ ਜਾ ਸਕਦਾ ਹੈ। ਜਿਸ ਤਰ੍ਹਾਂ 'ਕੰਤ ਮਹੇਲੀ ਦਾ ਬਾਰਾਂਮਾਂਹ' ਵਿਚ ਅਧਿਆਤਮਕ ਪੰਧ ਤੇ ਬਿਰਹਨ ਜੀਵ ਇਸਤਰੀ ਦੇ ਮਨ ਵਿਚ ਪ੍ਰਭੂ-ਪ੍ਰੀਤਮ ਦੇ ਮਿਲਾਪ ਲਈ ਤਾਂਘ ਉੱਠਦੀ ਹੈ, ਉਸੇ ਤਰ੍ਹਾਂ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਭਾਈ ਸਾਹਿਬ ਦੇ ਹਿਰਦੇ ਅੰਦਰ ਉੱਠੀ ਪਿਆਰੇ ਦੇ ਦਰਸ਼ਨਾਂ ਦੀ ਤਾਂਘ ਅਤੇ ਉਸ ਦੇ ਮਿਲਾਪ ਤੇ ਹਜ਼ੂਰੀ ਦੀ ਅਵਸਥਾ ਦਾ ਅਨੁਭਵਮਈ ਵਰਣਨ ਮਿਲਦਾ ਹੈ। ਬਚਪਨ ਵਿਚ ਹੀ ਭਾਈ ਸਾਹਿਬ ਦੇ ਕੋਮਲ ਹਿਰਦੇ ਅੰਦਰ ਪਰਮੇਸ਼ਰ ਦੇ ਨਾਮ ਦੀ ਛਾਪ ਲੱਗ ਗਈ ਸੀ। 'ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ' ਵਾਲੀ ਅਵਸਥਾ ਕਾਰਨ ਆਪ ਮੁਹਾਰੇ ਹੀ ਉਨ੍ਹਾਂ ਦੇ ਹਿਰਦੇ ਵਿੱਚੋਂ ਸਾਈਆਂ ਮੇਰੇ ਸਾਈਆਂ ਦੀਆਂ ਸੰਗੀਤਕ ਤਰੰਗਾਂ ਫੁੱਟਦੀਆਂ ਰਹਿੰਦੀਆਂ:

*ਸੁੱਤੀ ਪਈ ਘੂਕ ਸਾਂ ਮੈਂ ਬਚਪਨੇ ਦੀ ਨੀਂਦ ਵਿਚ,*
*ਕੋਲ ਸੀ ਨਾ ਕੋਈ ਮੇਰੇ ਦਾਈ, ਮਾਈ, ਬਾਪ।...*

---

**ਸੰਪਾਦਕ; ਗੁਰਮਤਿ ਪ੍ਰਕਾਸ਼ ਅਤੇ ਗੁਰਮਤਿ ਗਿਆਨ। ਮੋ: +੯੧੯੯੧੪੪-੧੯੪੮੪*

*ਆਏ ਤੁਸੀਂ ਛੋਪਲੇ ਤੇ ਹੋਰ ਛੋਪਲੇ,*
*ਚੁੰਮ ਲਿਆ ਮੱਥਾ ਵਿਚ ਚਾਂਦਨੀ ਚਮਕ।...*
*ਸਾਈਆਂ ਮੇਰੇ ਸਾਈਆਂ ਏ ਲਿਖਤ ਉਕਰੀ,*
*ਕੰਨਾਂ ਵਿਚ ਝਰਨ ਝਰਨ ਸਦ ਗੂੰਜਦੀ...*
*ਸਾਈਆਂ ਮੇਰੇ ਸਾਈਆਂ ਦਾ ਗੀਤ ਹੋ ਰਿਹਾ।*
*ਲੱਗ ਗਈ ਲੱਲ ਮੈਂ ਅਜਾਣ ਬਾਲਿ ਨੂੰ।* *(ਲੱਗ ਗਈ ਸੀ ਬਾਲੀ ਉਮਰੇ)*

ਨਾਮ ਵਿਚ ਰੱਤੀ ਰੂਹ ਦੇ ਅੰਦਰ ਬਿਰਾਜਮਾਨ ਪ੍ਰਭੂ ਜੀ ਜਦ ਆਪ ਪਿਆਰ ਦੀਆਂ ਤਰਬਾਂ ਛੇੜ ਕੇ ਮਿਲਾਪ ਦੀਆਂ ਤਰੰਗਾਂ ਪੈਦਾ ਕਰਦੇ ਹਨ ਤਾਂ ਭਾਈ ਸਾਹਿਬ ਜੀ ਕਹਿ ਉੱਠਦੇ:

*ਮੇਰੇ ਅੰਦਰ, ਧੁਰ ਅੰਦਰ, ਧੁਰ ਅੰਦਰ ਦੇ ਕਿਸੇ ਉਹਲੇ ਲੁਕੇ ਮੇਰੇ ਪ੍ਰੀਤਮ।*
*ਹਾਂ, ਟੁੰਬਦੇ ਓ ਤਰਬਾਂ ਤਾਰਾਂ ਅੰਦਰਲੇ ਦੀਆਂ,*
*ਗਾਉਂਦੀਆਂ ਹਨ ਉਹ ਗੀਤ, ਤੁਸਾਂ ਜੀ ਦੇ ਮਿਲਨ ਦੇ ਤਰਾਨੇ।*
*(ਸਦਕੇ ਤੇਰੀ ਜਾਦੂਗਰੀ ਦੇ)*

*ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ॥* ਨਾਮ ਬਾਣੀ ਦੇ ਰਸੀਏ ਭਾਈ ਸਾਹਿਬ ਜਦੋਂ ਸੁਰਤਿ ਸ਼ਬਦ ਦਾ ਸੁਮੇਲ ਰਚਾਉਂਦੇ ਤਾਂ *ਝਿਮ ਝਿਮ ਵਰਸੈ ਅੰਮ੍ਰਿਤਧਾਰਾ* ਵਾਲੀ ਅਵਸਥਾ ਹੋ ਨਿਬੜਦੀ ਭਾਈ ਸਾਹਿਬ ਦਾ ਰੋਮ-ਰੋਮ ਨਾਮ ਅੰਮ੍ਰਿਤ ਦੇ ਦਾਤੇ ਪ੍ਰਭੂ ਦੀ ਹੋਂਦ ਦਾ ਰਸ ਮਾਣਦਾ ਅਤੇ ਉਹ ਆਪਣੀ ਕਲਮ ਫੜ ਕੇ ਇਸ ਰਹੱਸਵਾਦ ਨੂੰ ਇਸ ਤਰ੍ਹਾਂ ਬਿਆਨ ਕਰਦੇ:

*ਤੇਰੀਆਂ ਝਰਨ ਝਰਨ ਪੈ ਰਹੀਆਂ ਅੰਮ੍ਰਿਤ ਬੂੰਦਾਂ*
*ਜੋ ਪਪੀਹੇ ਵੱਤ ਕੂਕਦਿਆਂ ਦੇ ਮੂੰਹ ਆ ਪੈਂਦੀਆਂ।*
*ਕਿਸੇ ਸੁਆਂਤੀ ਨਛੱਤਰੇ*
*ਦੱਸਦੀਆਂ ਹਨ ਤੇਰੀ ਹੋਂਦ ਦਾ ਸਵਾਦ।* *(ਸਾਈਆਂ ਜੀ ਦੀ ਸਿਆਣ)*

ਅਣਚੇਤੀ ਦਾ ਝਲਕਾਰਾ ਕਵਿਤਾ ਵਿਚ ਭਾਈ ਸਾਹਿਬ ਪ੍ਰਭੂ ਪ੍ਰੀਤਮ ਦੇ ਮਿਲਾਪ ਸਮੇਂ ਦੇ ਵਿਸਮਾਦਮਈ ਪਲਾਂ ਦਾ ਵਰਣਨ ਕਰਦੇ ਹੋਏ ਕਹਿੰਦੇ ਹਨ ਕਿ ਜਦੋਂ ਮੈਨੂੰ ਅਚਨਚੇਤ ਪ੍ਰਭੂ ਪ੍ਰੀਤਮ ਦਾ ਝਲਕਾਰਾ ਮਿਲਿਆ ਤਾਂ ਇਕਦਮ ਮੇਰੇ ਗਿਆਨ ਇੰਦਰੇ ਅਤੇ ਕਰਮ ਇੰਦਰੇ ਖਲੋ ਗਏ। ਉਸ ਦਾ ਝਲਕਾਰਾ ਐਸਾ ਸੀ ਕਿ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਮੈਂ ਉਸਦੇ ਦਰਸ਼ਨਾਂ ਨੂੰ ਮਾਣਾਂ ਜਾਂ ਦਰਸ਼ਨਾਂ ਦੇ ਵਿਚ ਹੀ ਸਮਾ ਜਾਵਾਂ:

*ਤਿਲਕ ਗਈ ਮੇਰੇ ਹੱਥ ਦੀ ਪੂਣੀ, ਚੁੱਪ ਹੋ ਗਈ ਘੁਕੇਂਦੜੀ ਚਰਖੀ,*
*ਅਰਸ਼ਾਂ ਦਾ ਚੰਦ ਜਿਮੀਂ ਆਂ ਖਲੋਤਾ, ਸੂਰਤ ਗਈ ਮੈਥੋਂ ਨਿਰਖੀ ਨਾ ਪਰਖੀ,*
*ਦਰਸ ਸਮਾਵਾਂ ਦੇ ਦਰਸ਼ਨ ਮਾਣਾ? ਲਹਿਰ ਚੜ੍ਹੇ ਇਕ ਲਹਿਰ ਏ ਹਰਖੀ।*
*(ਅਣਚੇਤੀ ਦਾ ਝਲਕਾ)*

ਅਣਚੇਤੀ ਦਾ ਝਲਕਾਰਾ ਪੈਣ 'ਤੇ ਭਾਈ ਸਾਹਿਬ ਦਾ ਹਿਰਦਾ ਜਦੋਂ ਸੱਚੇ ਨਾਮ ਦੇ ਵਿਚ ਰੰਗਿਆ ਗਿਆ ਤਾਂ ਉਨ੍ਹਾਂ ਨੂੰ ਹਿਰਦੇ ਰੂਪੀ ਘਰ ਵਿਚ ਪਰਮਾਤਮਾ ਦੀ ਹੋਂਦ

ਦੇ ਅਹਿਸਾਸ ਨੇ ਉਨ੍ਹਾਂ ਅੰਦਰ *ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ* ਵਾਲੀ ਅਵਸਥਾ ਦਾ ਅਜਿਹਾ ਰੂਹਾਨੀ ਰਸ, ਸਵਾਦ, ਉਮਾਹ ਤੇ ਨਾਮ ਦੀ ਸੁਗੰਧੀ ਪੈਦਾ ਕੀਤੀ ਕਿ ਉਹ ਵਿਸਮਾਦ ਦੀ ਅਵਸਥਾ ਵਿਚ ਆ ਕੇ ਕਹਿ ਉੱਠੇ:

*ਵਾਹ ਦਾਤਾ! ਇਹ ਰਸ, ਸੁਆਦ, ਠੰਡ, ਉਮਾਹ, ਪਿਆਰ, ਭਿੰਨੀ ਭਿੰਨੀ ਸੁਗੰਧਿ,*
*ਇਹ ਅਨੋਖਾ ਰਸ, ਤੁਸਾ ਦੇ ਏਥੋਂ ਫੇਰਾ ਪਾ ਜਾਣ ਦੀ ਪ੍ਰਭਾ ਹੈ।*
*ਤੁਸਾਡੇ ਸਪਰਸ਼ ਤੋਂ ਪੌਣ ਨੇ, ਅਕਾਸ਼ ਨੇ ਮੇਰੇ ਮਨ ਮੰਡਲ ਨੇ,*
*ਇਹ ਸੁਆਉ ਲਿਆ ਹੈ, ਵਿਸਮੈ ਵਿਸਮ ਹੋ ਰਹੀ ਹਾਂ। (ਫੇਰਾ ਪਾ ਜਾਣ ਦੀ ਪ੍ਰਭਾ)*

ਕੰਬਦੀ ਕਲਾਈ ਕਾਵਿ ਸੰਗ੍ਰਹਿ ਵਿਚ ਭਾਈ ਸਾਹਿਬ ਨੇ ਬਹੁਤ ਸਾਰੇ ਇਤਿਹਾਸਿਕ ਪ੍ਰਸੰਗਾਂ ਅਤੇ ਜੀਵਨ ਦੇ ਕਈ ਮਸਲਿਆਂ ਨੂੰ ਲੈ ਕੇ ਅਧਿਆਤਮਕ ਰੰਗਣ ਚਾੜ੍ਹੀ ਹੈ। ਭਾਈ ਸਾਹਿਬ ਦੀ ਪਰਮਾਤਮਾ ਨਾਲ ਐਸੀ ਲਿਵ ਜੁੜੀ ਉਹ *ਅਲਪ ਅਹਾਰ ਸੁਲਪ ਸੀ ਨਿਦ੍ਰਾ* ਅਨੁਸਾਰ ਰਾਤ ਨੂੰ ਘੱਟ ਹੀ ਸੌਂਦੇ। ਬਸ ਦਿਨੇ ਰਾਤ ਪ੍ਰੀਤਮ ਨੂੰ ਮਿਲਣ ਦੀ ਤਾਂਘ ਲੱਗੀ ਰਹਿੰਦੀ ਜਦੋਂ ਰਾਤ ਨੂੰ ਸਾਰੀ ਲੋਕਾਈ ਸੌ ਜਾਂਦੀ ਸਾਰਾ ਵਾਤਾਵਰਣ ਸ਼ਾਂਤ ਹੋ ਜਾਂਦਾ ਤਾਂ 'ਨਿਹੁੰ ਵਾਲੇ ਨੈਣਾਂ ਕੀ ਨੀਂਦਰ ਉਹ ਦਿਨੇ ਰਾਤ ਪਏ ਵਹਿੰਦੇ' ਸਤਰਾਂ ਦੇ ਰਚੇਤਾ ਭਾਈ ਸਾਹਿਬ ਪ੍ਰਭੂ ਦੀ ਪ੍ਰੇਮਾ ਭਗਤੀ ਵਿਚ ਮਗਨ ਹੋ ਜਾਂਦੇ ਉਸ ਸਮੇਂ ਸਿਰਫ ਭਾਈ ਸਾਹਿਬ ਅਤੇ ਉਨ੍ਹਾਂ ਦਾ ਪਿਆਰਾ ਬਾਬਾ ਨਾਨਕ ਹੀ ਆਪਸੀ ਮਿਲਣੀ ਦਾ ਨਿੱਘ ਮਾਣਦੇ:

*ਜੋ ਆਲਸ ਹੱਥ ਵਿਕੇਂਦੇ ਨੇ, ਉਹ ਨੀਂਦ ਵਿਖੇ ਗੁੱਟ ਰਹਿੰਦੇ ਨੇ,*
*ਜਿਨ ਪ੍ਰੇਮ ਪਿਆਲੇ ਪੀਤੇ ਨੀ, ਚਖ ਪਿਰਮ ਰਸਾਂ ਰਤ ਲੀਤੇ ਨੀ,*
*ਤਿਨ ਸੁਹਣੀ ਰਾਤ ਜਗਾਈ ਹੈ, ਜਦ ਸੁੱਤੀ ਹੋਰ ਲੁਕਾਈ ਹੇ।*
*ਤਿਨ ਉਹ ਕੁਝ ਰਾਤੀ ਦੇਖਾ ਹੈ, ਜਿਦਾ ਡਾਢਾ ਡੂੰਘਾ ਲੇਖਾ ਹੈ।*
*ਤਿਨ ਸਤਿਗੁਰ ਨਾਨਕ ਪਾਯਾ ਹੈ, ਚਿਤ ਚਰਨਾਂ ਵਿਚ ਸਮਾਇਆ ਹੈ।*

ਇਸ ਤਰ੍ਹਾਂ ਜਦੋਂ ਭਾਈ ਸਾਹਿਬ ਦੀ 'ਮੁਕਤੀ ਦਾਤੇ' 'ਪ੍ਰਤੱਖ ਹਰਿ' ਬਾਬੇ ਨਾਨਕ ਦੇ ਚਰਨਾਂ ਨਾਲ ਲਿਵ ਜੁੜਦੀ ਤਾਂ ਉਨ੍ਹਾਂ ਦੇ ਹਿਰਦੇ ਅੰਦਰ ਅਜੱਪਾ ਜਾਪ ਚੱਲ ਪੈਂਦਾ, ਉਹ ਅਰਜੋਈ ਕਰਦੇ, ਹੇ ਮੁਕਤੀ ਦਾਤੇ! ਹੁਣ ਮੇਰੀ ਦੇਹ ਭਾਵੇਂ ਸੌਂ ਜਾਵੇ ਪਰ ਮਨ ਤੇਰੇ ਨਾਮ ਵਿਚ ਜਾਗਦਾ ਰਹੇ। ਮੇਰੀ ਇਹ ਦੇਹੀ *ਹਰਿ ਕਾ ਮੰਦਰ ਆਖੀਐ ਕਾਇਆ ਕੋਟਗੜੁ* ਹਰਿ ਦਾ ਮੰਦਰ ਬਣ ਜਾਵੇ। ਮੇਰਾ ਮਨ ਤੇ ਬੁੱਧੀ ਤੇਰੇ ਬਿਰਾਜਣ ਲਈ ਤਖ਼ਤ ਬਣ ਜਾਵੇ ਜਿਸ ਉੱਪਰ ਤੂੰ ਸਦਾ ਬਿਰਾਜਮਾਨ ਰਹੇਂ ਅਤੇ ਮੇਰੀ *ਸਾਸ ਸਾਸ ਸਿਮਰਉ ਗੋਬਿੰਦ* ਵਾਲੀ ਅਵਸਥਾ ਬਣ ਜਾਵੇ:

*ਹੇ ਮੁਕਤੀ ਦਾਤੇ ਰਖ ਸਦਾ, ਵਿਚ ਆਪਣੀ ਗੋਦੀ ਚਕ ਸਦਾ।*
*ਦੇਹ ਸੁਤੀ ਸੁਤਾ ਜਗ ਰਹੇ, ਪਰ ਮਨ ਜਾਗੇ ਚਿਤ ਲਗ ਰਹੇ।*
*ਹਰਿਮੰਦਰ ਮੇਰੀ ਦੇਹ ਬਣੇ, ਮਨ ਤਖ਼ਤ ਬਣੇ ਮੈਂ ਬੁਧਿ ਸਣੇ।*
*ਤੂ ਉੱਤੇ ਬੈਠਾ ਸਦਾ ਰਹੇ, ਮੈਂ ਖਿੜਾਂ ਤੇ ਜਪਦਿਆਂ ਸ੍ਵਾਸ ਵਹੇ।*
*(ਰਾਤ, ਮੈਂ ਤੇ ਗੁਰੂ ਨਾਨਕ)*

ਭਾਈ ਸਾਹਿਬ ਦੇ ਹਿਰਦੇ ਅੰਦਰ ਪ੍ਰਭੂ ਦੇ ਮਿਲਾਪ ਲਈ ਐਸੀ ਤਾਂਘ ਸੀ ਕਿ ਉਨ੍ਹਾਂ ਨੂੰ ਸੁਪਨਿਆਂ ਵਿਚ ਵੀ ਪਰਮਾਤਮਾ ਦਾ ਝਲਕਾਰਾ ਪੈਂਦਾ, ਉਹ ਉਸ ਦੇ ਮਗਰ ਦੌੜ ਕੇ ਉਸ ਨੂੰ ਗਲਵਕੜੀ ਵਿਚ ਲੈਣ ਦੀ ਕੋਸ਼ਿਸ਼ ਕਰਦੇ ਪਰ ਉਹ ਨਿਰੰਕਾਰ, ਨਿਰਾਨੂਰ, ਸਰੀਰਕ ਸਪਰਸ਼ ਵਿਚ ਨਾ ਆਉਂਦਾ ਅਤੇ ਭਾਈ ਸਾਹਿਬ ਦੀ ਕਲਾਈ ਕੰਬਦੀ ਰਹਿ ਜਾਂਦੀ, ਪਰ ਨਿਰਾਨੂਰ ਦੀ ਨੂਰਾਨੀ ਛੂਹ ਨਾਲ ਭਾਈ ਸਾਹਿਬ ਦਾ ਮਿੱਟੀ ਰੂਪ ਸਰੀਰ ਚਮਕ ਪਿਆ ਅਤੇ ਉਨ੍ਹਾਂ ਦੇ ਰਗੋ-ਰੇਸ਼ੇ ਨੇ ਉਸ ਦੀ ਹੋਂਦ ਦੇ ਅਹਿਸਾਸ ਨੂੰ ਮਾਣਿਆ ਅਤੇ ਭਾਈ ਸਾਹਿਬ ਵਿਸਮਾਦ ਦੀ ਅਵਸਥਾ ਵਿਚ ਆ ਗਏ:

*ਸੁਪਨੇ ਵਿਚ ਤੁਸੀ ਮਿਲੇ ਅਸਾਨੂੰ, ਅਸਾਂ ਧਾ ਗਲਵਕੜੀ ਪਾਈ;*
*ਨਿਰਾਨੂਰ ਤੁਸੀਂ ਹੱਥ ਨਾ ਆਏ, ਸਾਡੀ ਕੰਬਦੀ ਰਹੀ ਕਲਾਈ।*

. . .    . . .    . . .    . . .

*ਫਿਰ ਲੜ ਫੜਨੇ ਨੂੰ ਉੱਠ ਦੌੜੇ, ਹਾਇ ਲੜ ਓ ਬਿਜਲੀ ਲਹਿਰਾਂ,*
*ਉਡਦਾ ਜਾਂਦਾ ਪਰ ਉਹ ਆਪਣੀ ਇਕ ਛੂਹ ਸਾਨੂੰ ਗਿਆ ਲਾਈ:*
*ਮਿੱਟੀ ਚਮਕ ਪਈ ਇਹ ਮੋਈ ਤੇ ਤੁਸੀਂ ਲੂਆਂ ਵਿਚ ਲਿਸ਼ਕੇ,*
*ਬਿਜਲੀ ਕੂੰਦ ਗਈ ਥਰਰਾਂਦੀ, ਹੁਣ ਚਕਾਚੂੰਧ ਹੈ ਛਾਈ।* *(ਕੰਬਦੀ ਕਲਾਈ)*

ਦਸਮੇਸ਼ ਪਿਤਾ ਦੇ ਪਿਆਰ ਵਿਚ ਰੰਗੇ ਹੋਏ ਭਾਈ ਸਾਹਿਬ ਹਵਾ ਨੂੰ ਕਹਿੰਦੇ ਹਨ ਚਮਕੌਰ ਜਾ ਤੇ ਉੱਥੋਂ ਦੀ ਧੂੜੀ ਦੇ ਗ਼ਲ ਲੱਗ ਕੇ ਆ ਨਾਲੇ ਉੱਥੋਂ ਕਲਗੀਆਂ ਵਾਲੇ ਦੀ ਮਹਿਕ ਲੈ ਕੇ ਆ, ਕਿਉਂਕਿ ਇਹ ਪੂਰੇ ਬ੍ਰਹਿਮੰਡ ਵਿਚ ਧਰਤੀ ਦਾ ਉਹ ਟੁੱਕੜਾ ਹੈ ਜਿੱਥੇ ਇਕ ਪਿਤਾ ਨੇ ਆਪਣੇ ਪੁੱਤਰਾਂ ਨੂੰ ਆਪਣੇ ਹੱਥੀਂ ਖ਼ੂਨ ਦੀਆਂ ਹੋਲੀਆਂ ਖੇਡਣ ਲਈ ਤੋਰਿਆ ਸੀ। ਉੱਥੋਂ ਕਲਗੀਆਂ ਵਾਲੇ ਦੀ ਮਹਿਕ ਲਿਆ ਕਿ ਵੈਰ- ਗਲਫਤ ਵਿਚ ਪਿਆਂ ਨੂੰ ਸੁੰਘਾ ਕੇ ਪ੍ਰੇਮ ਦਾ ਰੰਗ ਲਗਾ ਦੇ:

*ਐ ਸਬਾ! ਚਮਕੌਰ ਜਾ, ਧੂੜੀ ਦੇ ਗਲ ਲਗ ਕੇ ਆ,*
*ਮਹਿਕ ਕਲਗੀ ਵਾਲੜੇ ਦੀ, ਓਸ ਥਾਂ ਤੋਂ ਲੈ ਕੇ ਆ,*
*ਹੋਲੀਆਂ ਜਿਸ ਥਾਂ ਤੇ ਸੋਹਣੇ ਨਾਲ ਜਿੰਦਾ ਖੇਡੀਆਂ,*
*ਅਤਰ ਤੇ ਅੰਬੀਰ ਜਿਸ ਥਾਂ ਹੈ ਅਜੇ ਤੱਕ ਫੈਲਿਆ।*
*ਪੁੱਤਰਾਂ ਦੇ 'ਗੁਲ ਸ਼ਗੂਫੇ' ਖ਼ੂਨ ਹੋ ਜਿਸ ਥਾਂ ਖਿੜੇ*
*ਮਿਤਰਾਂ ਦਾ 'ਗੁਲੇ ਲਾਲਹਿ' ਰਤ ਹੋ ਸੀ ਟਹਿਕਿਆ।...*
*ਮਹਿਕ ਕਲਗੀ ਵਾਲੜੇ ਦੀ ਲਿਆ ਸਬਾ ਚਮਕੌਰ ਤੋਂ,*
*ਵੈਰ ਗਲਫਤ ਵਿਚ ਪਿਆਂ ਨੂੰ ਦੇ ਸੁੰਘਾ ਤੇ ਹੋਸ਼ ਲਯਾ।*
*ਕਰ ਮਸਤ ਸਭ ਨੂੰ ਪ੍ਰੇਮ ਵਿਚ, ਦੇ ਝੂਮ ਆਪਾ ਵਾਰਦੀ,*
*ਰਸ ਰੰਗ ਲਾਦੇ ਪ੍ਰੇਮ ਦਾ, ਪਿਆਰੇ ਦੀ ਗੋਦੀ ਵਿਚ ਬਿਠਾ।*

*(ਮਹਿਕ ਕਲਗੀ ਵਾਲੜੇ ਦੀ)*

ਕੁਦਰਤ ਵਿਚ ਕਾਦਰ ਦੇ ਜਲਵੇ ਨੂੰ ਪ੍ਰਤੱਖ ਵੇਖਣ ਵਾਲੇ ਭਾਈ ਸਾਹਿਬ ਨੇ ਪੌਣ, ਕਲੀਆਂ, ਫੁੱਲ, ਤ੍ਰੇਲ, ਕੋਇਲਾਂ ਆਦਿ ਦੇ ਚੇਤੰਨ ਚਿਤਰਣ ਰਾਹੀਂ ਆਪਣੀ ਕਵਿਤਾ ਵਿਚ

ਬਹੁਤ ਖ਼ੂਬਸੂਰਤ ਰੰਗ ਭਰੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਦੀ ਜੋ ਬਿਹਬਲਤਾ ਭਾਈ ਸਾਹਿਬ ਦੇ ਹਿਰਦੇ ਵਿਚ ਉੱਠਦੀ ਉਨ੍ਹਾਂ ਨੂੰ ਉਹੀ ਸਾਰੀ ਕਾਇਨਾਤ ਵਿਚ ਨਜ਼ਰ ਆਉਂਦੀ। ਕਿਸੇ ਬਗੀਚੇ ਦੇ ਵਿਚ ਸ੍ਰੀ ਗੁਰੂ ਨਾਨਕ ਜੀ ਦੇ ਆਉਣ ਸੰਬੰਧੀ ਖਬਰ ਸੁਣ ਕੇ ਅੰਮ੍ਰਿਤ ਵੇਲੇ ਦੀ ਸਵੱਛ ਪੌਣ ਅਤੇ ਕਲੀਆਂ ਵਿਚਕਾਰ ਹੋ ਰਹੀ ਵਾਰਤਾਲਾਪ ਨੂੰ ਭਾਈ ਸਾਹਿਬ ਬਹੁਤ ਖ਼ੂਬਸੂਰਤ ਰੁਬਾਈਆਂ ਰਾਹੀਂ ਇਸ ਤਰ੍ਹਾਂ ਬਿਆਨ ਕਰਦੇ ਹਨ:

*ਅੱਜ ਨਸੀਮ ਜਦੋਂ ਕਲੀਆਂ ਨੂੰ ਆ ਕੇ ਗਲ ਸੁਣਾਈ:*
*ਗੁਰੂ ਨਾਨਕ ਪ੍ਰੀਤਮ ਕਲ ਆਸਣ, ਪੱਕੀ ਇਹ ਅਵਾਈ।*
*ਸੁਣ ਕਲੀਆਂ ਭਰ ਚਾਉ ਆਖਿਆ: ਸਹੀਓ ਅੱਜ ਨ ਖਿੜਨਾ,*
*ਕਲ ਪ੍ਰੀਤਮ ਦੇ ਆਯਾਂ ਕੱਠੀ ਦੇਈਏ ਮੁਸ਼ਕ ਲੁਟਾਈ।*

*(ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਕਲੀਆਂ ਦੀ ਸੁਗੰਧ ਸਦਕੜੇ)*

ਪੌਣ ਵਿਚ ਲੁਕਿਆ ਪਾਣੀ, ਪੌਣ ਅਤੇ ਕਲੀਆਂ ਦੀ ਗੱਲ ਸੁਣ ਲੈਂਦਾ ਹੈ। ਉਹ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ-ਛੋਹ ਪ੍ਰਾਪਤ ਕਰਨ ਲਈ ਰਾਤ ਨੂੰ ਪੌਣ ਦੇ ਕੁੱਛੜੋਂ ਤਿਲਕ ਕੇ ਤ੍ਰੇਲ ਬਣ ਧਰਤੀ ਉੱਪਰ ਵਿਛ ਜਾਂਦਾ ਹੈ:

*ਪੌਣ ਲੁਕੇ ਪਾਣੀ ਨੇ ਸਹੀਓ! ਜਾਂ ਇਹ ਗਲ ਸੁਣ ਪਾਈ:*
*ਗੁਰੂ ਨਾਨਕ ਪ੍ਰੀਤ ਕਲ ਆਸਣ ਪਯਾਰ ਛਹਿਬਰਾਂ ਲਾਈ'*
*ਪੌਣ ਕੁਛੜੋਂ ਤਿਲਕ ਰਾਤ ਨੂੰ, ਸ਼ਬਨਮ ਰੂਪ ਬਣਾ ਕੇ,*
*ਵਿਛ ਗਯਾ ਸਾਰਾ ਧਰਤੀ ਉੱਤੇ: ਚਰਨ ਧੂੜ ਮੁੱਖ ਲਾਈ।*

*(ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਨਿਛਾਵਰ ਤ੍ਰੇਲ)*

ਜਦੋਂ ਚੰਦ ਨੇ ਅਸਮਾਨ 'ਤੇ ਚੜ੍ਹ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਉਣ ਦੀ ਦੁਹਾਈ ਪਾਈ ਤਾਂ ਬੁਲਬੁਲਾਂ ਨੇ ਸੁਣ ਕੇ ਜੋ ਆਪਸੀ ਵਾਰਤਾਲਾਪ ਕੀਤਾ ਉਸ ਬਾਰੇ ਭਾਈ ਸਾਹਿਬ ਲਿਖਦੇ ਹਨ:

*ਚੜ ਅਸਮਾਨੀ ਚੰਦ ਕੂਕਿਆ: ਗੁਰ ਨਾਨਕ ਕਲ ਆਸਣ।*
*ਝੁਰਮਟ ਘੱਤ ਬੁਲਬਲਾਂ ਧਾਈਆਂ ਕਰਦੀਆਂ ਵਾਕ ਬਿਲਾਸਨ:*
*ਗੁਰ ਨਾਨਕ ਕੀਰਤਨ ਦੇ ਪਯਾਰੇ ਕੀਰਤਨ ਚਲੋ ਸੁਣਾਈਏ,*
*ਤਰੁੱਠ ਪਏ ਤਾਂ ਨਾਲ ਆਪਣੇ ਅਰਸ਼ਾਂ ਨੂੰ ਲੈ ਜਾਸਣ।*

*(ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬੁਲਬੁਲਾਂ ਦੀ ਅਭਿਲਾਖਾ)*

'ਲਹਿਰਾਂ ਦੇ ਹਾਰ' ਕਾਵਿ ਸੰਗ੍ਰਹਿ ਵਿਚਲੀਆਂ ਬਹੁਤ ਸਾਰੀਆਂ ਕਵਿਤਾਵਾਂ ਗੁਰਮਤਿ ਸਿਧਾਂਤਾਂ ਦੀ ਛੋਹ ਲਾਉਂਦੀਆਂ ਹਨ। 'ਵਿਛੋੜਾ ਵਸਲ' ਕਵਿਤਾ ਵਿਚ ਜੀਵ ਆਤਮਾ ਦੇ ਪਰਮਾਤਮਾ ਨਾਲੋਂ ਵਿਛੜ ਜਾਣ ਤੇ ਜਨਮਾਂ-ਜਨਮਾਂਤਰਾਂ ਦੀ ਮੈਲ ਕਾਰਨ ਕਾਲਾ ਸਿਆਹ ਹੋ ਚੁੱਕੇ ਮਨ ਨੂੰ ਨਾਮ ਦੇ ਰੰਗ ਵਿਚ ਸੁਰਖਰੂ ਕਰਨ ਦੀ ਜੁਗਤੀ ਦੱਸੀ ਹੈ ਜੋ ਨਾਮ ਤੋਂ ਬਿਨਾ ਪਖੰਡ ਦੇ ਹੋਰ ਸਾਧਨਾਂ ਰਾਹੀਂ ਸੰਭਵ ਨਹੀਂ ਹੁੰਦਾ। ਭਾਈ ਸਾਹਿਬ ਨੇ ਕੋਲੇ ਤੇ ਅੱਗ ਦਾ ਦ੍ਰਿਸ਼ਟਾਂਤ ਦੇ ਕੇ ਸਮਝਾਇਆ ਹੈ:

*ਸਾਬਣ ਲਾ ਲਾ ਧੋਤਾ ਕੋਲਾ, ਦੁੱਧ ਦਹੀਂ ਵਿਚ ਪਾਇਆ।*

*ਖੁੰਬ ਚਾੜ੍ਹ, ਰੰਗਣ ਥੀਂ ਧਰਿਆ, ਰੰਗ ਨ ਏਸ ਵਟਾਇਆ।*
*ਵਿਛੜ ਕੇ ਕਾਲਖ ਸੀ ਆਈ ਬਿਨ ਮਿਲਿਆਂ ਨਹੀਂ ਲਹਿੰਦੀ:*
*ਅੰਗ ਅੱਗ ਦੇ ਲਾ ਕੇ ਦੇਖੋ ਚੜਦਾ ਰੂਪ ਸਵਾਇਆ। (ਵਿਛੋੜਾ ਵਸਲ)*

ਗੁਰਮਤਿ ਵਿਚ ਹਠ ਯੋਗ ਨੂੰ ਕੁਦਰਤ ਵਿਰੋਧੀ ਕਰਮ ਦੱਸ ਕੇ ਭੰਡਿਆ ਗਿਆ ਹੈ ਅਤੇ ਸਹਿਜ ਯੋਗ ਨੂੰ ਹੀ ਪ੍ਰਭੂ ਮਿਲਾਪ ਦਾ ਰਸਤਾ ਮੰਨਿਆ ਹੈ। ਭਾਈ ਸਾਹਿਬ ਵੀ ਲਹਿਰਾਂ ਦੇ ਹਾਰ ਵਿਚ ਸਿੰਙੀ (ਸ੍ਰਿੰਙੀ) ਰਿਸ਼ੀ ਦੇ ਹਠ ਯੋਗ ਨੂੰ ਕੁਦਰਤ ਨਾਲੋਂ ਰੁਸਣਾ ਦੱਸਦੇ ਹੋਏ ਉਸਨੂੰ ਹਠ ਤੋਂ ਉੱਪਰ ਉੱਠ ਕੇ ਪਰਮਾਤਮਾ ਦੇ ਰੰਗ ਵਿਚ ਰੰਗੇ ਜਾਣ ਦਾ ਉਪਦੇਸ਼ ਕਰਦੇ ਲਿਖਦੇ ਹਨ:

*ਨਾ ਕਰ ਤਪ ਸਿੰਙੀ ਰਿਖਿ ਹਠੀਏ! ਰੁਸ ਨ ਕੁਦਰਤ ਨਾਲੋਂ।*
*ਲੁਕਵੇਂ ਤੇਜ ਵਸਣ ਇਸ ਅੰਦਰ, ਸੂਖਮ ਹਨ ਜੋ ਵਾਲੋਂ,*
*ਹਠ ਤੋਂ ਟੱਪ, ਰੰਗੀਜ ਰੰਗ ਵਿਚ, ਰਸੀਆ ਹੋ ਰਸ ਜਿੱਤੀਂ,*
*ਇਕ ਝਲਕਾਰੇ ਵਿਚ ਨਹੀਂ ਏ, ਗੁਆ ਦੇਸਣ ਇਸ ਹਾਲੋਂ। (ਹਠ ਰਸ)*

ਇਕ ਜਗ੍ਹਾ ਭਾਈ ਸਾਹਿਬ ਮੁਰਸ਼ਿਦ (ਗੁਰੂ ਰੂਪ ਪੰਜ ਪਿਆਰਿਆਂ) ਦੁਆਰਾ ਅੰਮ੍ਰਿਤ ਰੂਪੀ ਬੇਖ਼ੁਦੀਆਂ ਦੀ ਬੂਟੀ ਪਿਲਾਏ ਜਾਣ ਤੇ ਹਿਰਦੇ ਅੰਦਰ ਪੈਦਾ ਹੋਏ ਰੂਹਾਨੀਅਤ ਦੇ ਖੇੜੇ ਨੂੰ ਬਰਕਰਾਰ ਰੱਖਣ ਲਈ ਇਸ ਤਰ੍ਹਾਂ ਅਰਜੋਈ ਕਰਦੇ ਹਨ:

*ਬੇਖ਼ੁਦੀਆਂ ਦੀ ਬੂਟੀ ਇਕ ਦਿਨ, ਮੁਰਸ਼ਦ ਘੋਲ ਪਿਲਾਈ,*
*ਝੂਟਾ ਇਕ ਅਰਸ਼ ਦਾ ਆਇਆ, ਐਸੀ ਪੀਂਘ ਘੁਕਾਈ,*
*ਘੂਕੀ ਚੜ੍ਹੇ ਚੜ੍ਹੇ ਤੇ ਘੂਕੇ ਢਿੱਲੀ ਕਦੀ ਨ ਹੋਵੇ:*
*ਚਾਟ ਲਗਾਵਣ ਵਾਲਿਆ ਸਾਈਆਂ! ਲਾਈ ਤੋੜ ਚੜ੍ਹਾਈਂ। (ਬੇ ਖ਼ੁਦੀ)*

ਇਹ ਬੇਖ਼ੁਦੀਆਂ ਦੀ ਬੂਟੀ ਅਣਡਿੱਠੇ ਪਿਆਲੇ ਨਾਲ ਜਦੋਂ ਜੀਵ ਦੇ ਬੁੱਲ ਲੱਗਦੇ ਹਨ ਤਾਂ ਉਸ ਦੀ ਆਤਮਾ ਬੁੱਧੀ ਮੰਡਲ ਦੀ ਕੈਦ ਤੋਂ ਮੁਕਤ ਹੋ ਵਲਵਲੇ ਦੇ ਦੇਸ਼ ਬੇਗਮਪੁਰੇ ਵਿਚ ਵਿਚਰਦੀ ਹੋਈ ਨਾਮ ਦੇ ਰਸ ਵਿਚ ਝੂਮ ਉਠਦੀ ਹੈ:

*ਪਯਾਲੇ ਅਣਡਿੱਠੇ ਨਾਲ ਬੁਲ ਲਗ ਜਾਣ ਓਥੇ,*
*ਰਸ ਤੇ ਸਰੂਰ ਚੜੇ ਝੂਮਾ ਆਉਣ ਪਯਾਰੀਆਂ,...*
*ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ*
*ਵਲਵਲੇ ਦੇ ਦੇਸ਼ ਸਾਡੀਆਂ ਲੱਗ ਗਈਆਂ ਯਾਰੀਆਂ। (ਵਲਵਲਾ)*

ਅਜਿਹੀ ਅਵਸਥਾ ਵਿਚ ਮਨ ਦੇ ਸਾਰੇ ਫੁਰਨੇ ਟਿਕਾ ਵਿਚ ਆ ਜਾਂਦੇ ਹਨ ਅਤੇ ਨਾਮ ਦੀ ਐਸੀ ਮਸਤੀ ਚੜ੍ਹਦੀ ਹੈ ਜਿਸ ਤੋਂ ਸੈਂਕੜੇ ਹੋਸ਼ਾਂ ਕੁਰਬਾਨ ਕਰਨ ਨੂੰ ਜੀ ਕਰਦਾ ਹੈ:

*ਭਟਕਣ ਛਡ, ਲਟਕ ਲਾ ਇਕੋ, ਖੀਵੀ ਹੋ ਸੁਖ ਮਾਣੀ,*
*ਹੋਸ਼ਾਂ ਨਾਲੋਂ ਮਸਤੀ ਚੰਗੀ ਰਖਦੀ ਸਦਾ ਟਿਕਾਣੇ। (ਹੋਸ਼ ਮਸਤੀ)*

*ਹਰ ਜਪਦਿਆਂ ਖਿਨ ਢਿਲ ਨ ਕੀਚਈ* ਦੇ ਵਿਸ਼ਵਾਸੀ ਭਾਈ ਸਾਹਿਬ ਹਮੇਸ਼ਾਂ ਨਾਮ ਰੂਪੀ ਅੰਮ੍ਰਿਤ ਦੇ ਪਿਆਲੇ ਨੂੰ ਪੀਣ ਲਈ ਤਤਪਰ ਰਹਿੰਦੇ ਉਹ ਆਪਣੇ ਮਨ

ਅਤੇ ਹੋਰਾਂ ਨੂੰ ਵੀ ਸਵਾਸ-ਸਵਾਸ ਨਾਮ ਸਿਮਰਨ ਕਰਨ ਅਤੇ ਨਾਮ ਦੀ ਮਸਤੀ ਵਿਚ ਨਿਮਰਤਾ ਧਾਰਨ ਕਰ ਕੇ ਜੀਵਨ ਗੁਜਾਰਨ ਦੀ ਪ੍ਰੇਰਣਾ ਕਰਦੇ। ਕਿਉਂਕਿ ਇਸ ਸਰੀਰ ਰੂਪੀ ਠੀਕਰੇ ਨੇ ਤਾਂ ਪਤਾ ਨਹੀਂ ਕਦੋਂ ਕਾਲ ਦੀ ਠੋਕਰ ਨਾਲ ਭੱਜ ਕੇ ਖਾਕ ਹੋ ਜਾਣਾ ਹੈ:

*ਅਜ ਪੀ, ਤੇ ਹੁਣ ਹੀ ਪੀ- ਤੇ ਪੀਂਦਾ ਪੀਂਦਾ ਜਾਂਈਂ,*
*ਪਿਰਮ ਰਸਾ ਦੇ ਪਿਆਲੇ ਨਾਲੋਂ ਲਾਏ ਬੁੱਲ ਨ ਚਾਂਈ,*
*ਹਰਦਮ ਪੀ ਤੇ ਖੀਵਾ ਹੋ ਰਹੁ ਇਹ ਮਸਤੀ ਨਾ ਉਤਰੇ,*
*ਕਲ ਨੂੰ ਖਬਰੇ ਕਾਲ ਆਇਕੇ ਦੇਵੇ ਖਾਕ ਰਲਾਈ।* *(ਅਜੋ)*

ਭਾਈ ਸਾਹਿਬ ਇਤਨੇ ਗੁਰਬਾਣੀ ਕੀਰਤਨ ਦੇ ਰਸੀਏ ਤੇ ਨਾਮ ਅਭਿਆਸੀ ਸਨ ਕਿ ਉਨ੍ਹਾਂ ਅੰਦਰ *ਜਤ ਦੇਖਾ ਤਤ ਸੋਈ* ਦੀ ਅਵਸਥਾ ਬਣ ਚੁੱਕੀ ਸੀ। *ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਿਮੰਡ* ਜਿਹੀ ਸਰਬ ਵਿਆਪਕ ਨਾਮ ਦੀ ਅਵਸਥਾ ਵਿਚ ਪਹੁੰਚੇ ਭਾਈ ਸਾਹਿਬ ਨੂੰ ਅੰਦਰ-ਬਾਹਰ ਹਰ ਪਾਸੇ ਆਪਣੇ ਪ੍ਰੀਤਮ ਦਾ ਝਲਕਾਰਾ ਨਜ਼ਰੀ ਆਉਂਦਾ:

*ਨੈਣ ਮੀਟਿਆਂ ਅੰਦਰ ਦਿਸਦਾ, ਖੁਲਿਆਂ ਬਾਹਰ ਦਿਸਾਵੇ,*
*ਜਿਤ ਵਲ ਨਜ਼ਰ ਉਤੇ ਵਲ ਦਿਸਦਾ, ਵਣ ਤਿਣ ਸਜਣ ਵਸਿਆ।*
*(ਜਿਤ ਵਲ ਨਜ਼ਰ ਉੱਤੇ ਵਲ ਸੱਜਣ)*

'ਮਟਕ ਹੁਲਾਰੇ' ਕਾਵਿ ਸੰਗ੍ਰਹਿ ਵਿਚ ਭਾਈ ਸਾਹਿਬ ਕੁਦਰਤ ਵਿੱਚੋਂ ਕਾਦਰ ਦੇ ਜਲਵੇ ਨੂੰ ਪ੍ਰਤੱਖ ਦੇਖਦੇ ਹਨ। *ਬਲਿਹਾਰੀ ਕੁਦਰਤਿ ਵਸਿਆ* ਦੀ ਧੁੰਨ ਵਿਚ ਮਗਨ ਕੁਦਰਤਿ ਤੋਂ ਬਲਿਹਾਰ ਜਾਣ ਵਾਲੇ ਭਾਈ ਸਾਹਿਬ ਜਦੋਂ 'ਵੈਰੀ ਨਾਗ' ਝਰਨੇ ਨੂੰ ਵੇਖਦੇ ਤਾਂ ਕਾਦਰ ਨੂੰ ਸਿਜਦਾ ਕਰਨ ਲਈ ਬੇਹਬਲ ਹੋ ਉੱਠਦੇ:

*ਵੈਰੀ ਨਾਗ! ਤੇਰਾ ਪਹਿਲਾ ਝਲਕਾ, ਜਦ ਅੱਖੀਆਂ ਵਿਚ ਵੱਜਦਾ।*
*ਕੁਦਰਤ ਦੇ 'ਕਾਦਰ' ਦਾ ਜਲਵਾ, ਲੈ ਲੈਂਦਾ ਇਕ ਸਿੱਜਦਾ।...*
*ਸਰਦ ਸਰਦ ਪਰ ਛੁਹਿਆਂ ਤੈਨੂੰ ਰੂਹ ਸਰੂਰ ਵਿਚ ਆਵੇ:*
*ਗਹਿਰ ਗੰਭੀਰ ਅਡੋਲ ਸੁਹਾਵੇਂ! ਤੈ ਕਿਹਾ ਜੋਗ ਕਮਾਇਆ!*
*(ਵੈਰੀ ਨਾਗ ਦਾ ਪਹਿਲਾ ਝਲਕਾ)*

ਇਕ ਪਾਸੇ 'ਇੱਛਾਬਲ' ਝਰਨਾ ਵਗ ਰਿਹਾ ਹੈ, ਦੁਨਿਆਵੀਂ ਲੋਕਾਂ ਨੂੰ ਭਾਵੇਂ ਉਸ ਝਰਨੇ ਵਿੱਚੋਂ ਸਿਰਫ ਪਾਣੀ ਦੇ ਵਗਣ ਦਾ ਖੜਾਕ ਸੁਣਦਾ ਹੋਵੇ। ਪਰ ਨਾਮ ਵਿਚ ਰੰਗੀ, ਕੁਦਰਤ ਪ੍ਰੇਮ ਵਿਚ ਭਿੱਜੀ ਰੂਹ ਭਾਈ ਸਾਹਿਬ ਨੂੰ ਉਸ ਝਰਨੇ ਦਾ ਨਾਦ ਕਿਸੇ ਇਲਾਹੀ ਤਰੰਨਮ ਵਿਚ ਪ੍ਰਭੂ ਦੇ ਗੀਤ ਗਾਉਂਦਾ ਸੁਣਦਾ ਹੈ, ਜਿਸ ਤਰ੍ਹਾਂ ਬਾਬੇ ਨਾਨਕ ਨੂੰ ਹਰਹਟ ਤੂੰ ਤੂੰ ਕਰਦੀ ਸੁਣਦੀ ਸੀ। ਝਰਨੇ ਦਾ ਨਾਦ ਸੁਣ ਕੇ ਭਾਈ ਸਾਹਿਬ ਦਾ ਕਵੀ ਹਿਰਦਾ ਦੈਵੀ ਸਰੂਰ ਨਾਲ ਭਰ ਜਾਂਦਾ ਹੈ ਅਤੇ ਉਹ ਕਹਿ ਉੱਠਦੇ ਹਨ:

*ਇਛਾਬਲ ਜਦ ਨਾਦ ਤਿਰਾ ਆ ਪਹਿਲਾਂ ਕੰਨੀ ਪੈਂਦਾ,*
*ਭਰ ਸਰੂਰ ਸਿਰ ਵਿਚ ਟਿਕ ਜਾਂਦਾ ਝੂਮ ਇਲਾਹੀ ਲੈਂਦਾ,*

*ਹੀਰੇ ਵਰਗੀ ਚਮਕ ਨੀਰ ਦੀ ਅੱਖਾਂ ਨੂੰ ਮਸਤਾਂਦੀ,*
*ਬੇਖੁਦੀਆਂ ਦਾ ਝੂਟਾ ਆਵੇ ਚੜ੍ਹਿਆ ਹੁਲਾਰਾ ਰਹਿੰਦਾ।* *(ਇਛਾਬਲ ਦਾ ਨਾਦ)*

ਗੁਰਮਤਿ ਜੀਵ ਨੂੰ ਹਰਖ ਸੋਗ ਤੋਂ ਨਿਆਰਾ ਰਹਿ ਕੇ ਚੜ੍ਹਦੀ ਕਲਾ ਵਿਚ ਵਿਚਰਨ ਦਾ ਉਪਦੇਸ਼ ਦਿੰਦੀ ਹੈ। ਇਸ ਲਈ ਗੁਰਸਿੱਖ ਨੇ ਆਪਣੀ ਸੁਰਤਿ ਨੂੰ 'ਆਪੇ ਕਰਤਾ ਆਪੇ ਸੁਰਤਾ' ਵਾਹਿਗੁਰੂ ਦੇ ਨਾਮ ਵਿਚ ਇਕਾਗਰ ਕਰਕੇ ਬਲਵਾਨ ਬਣਾਉਣਾ ਹੈ। ਭਾਈ ਸਾਹਿਬ ਨੇ ਆਪਣੀ ਕਵਿਤਾ ਵਿਚ ਸਿੱਖੀ ਦੀ ਪਰਿਭਾਸ਼ਾ ਗੁਰਮਤਿ ਆਸ਼ੇ ਅਨੁਸਾਰ ਇਸ ਤਰ੍ਹਾਂ ਕੀਤੀ ਹੈ:

*ਸਿੱਖੀ ਹੈ ਬਲਵਾਨ ਕਰਨਾ ਸੁਰਤਿ ਨੂੰ,*
*ਚੜ੍ਹਦੀ ਕਲਾ ਨਿਵਾਸ ਸਦ ਹੀ ਰਖਣਾ।*

ਕੁਝ ਲੋਕ ਅਗਿਆਨਤਾ ਵਸ ਇਹ ਸ਼ੰਕਾ ਜ਼ਾਹਿਰ ਕਰਦੇ ਹਨ ਕਿ ਜਿਸ ਸਮੇਂ ਸਮੁੱਚੇ ਭਾਰਤ ਵਿਚ ਅੰਗਰੇਜ਼ ਸਰਕਾਰ ਵਿਰੁੱਧ ਦੇਸ਼ ਦੀ ਅਜ਼ਾਦੀ ਲਈ ਘੋਲ ਚੱਲ ਰਿਹਾ ਸੀ ਤਾਂ ਭਾਈ ਸਾਹਿਬ ਨੇ ਆਪਣੀ ਕਲਮ ਰਾਹੀਂ ਇਸ ਵਿਰੁੱਧ ਕੋਈ ਅਵਾਜ਼ ਕਿਉਂ ਨਹੀਂ ਉਠਾਈ। ਸ਼ਾਇਦ ਅਜਿਹੇ ਲੋਕ ਇਸ ਗੱਲ ਤੋਂ ਅਣਜਾਣ ਹਨ ਕਿ ਸਰੀਰਕ ਗ਼ੁਲਾਮੀ ਨਾਲੋਂ ਮਾਨਸਿਕ ਗੁਲਾਮੀ ਕਿਤੇ ਜਿਆਦਾ ਖਤਰਨਾਕ ਹੋਇਆ ਕਰਦੀ ਹੈ। ਜਿਸ ਸੰਬੰਧੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁਗ਼ਲੀਆ ਹਕੂਮਤ ਸਮੇਂ ਭਾਰਤ ਦੀ ਗੁਲਾਮ ਮਾਨਸਿਕਤਾ ਦਾ ਆਸਾ ਦੀ ਵਾਰ ਵਿਚ *ਘਰ ਘਰ ਮੀਆਂ ਸਭਨਾ ਜੀਆਂ ਬੋਲੀ ਅਵਰ ਤੁਮਾਰੀ॥* ਅਤੇ *ਨੀਲ ਵਸਤਰ ਲੈ ਕਪੜੇ ਪਹਿਰੇ ਤੁਰਕ ਪਠਾਣੀ ਅਮਲ ਕੀਆ॥* ਰਾਹੀਂ ਬਾਖ਼ੂਬੀ ਵਰਣਨ ਕੀਤਾ ਹੈ।

ਗ਼ੁਲਾਮ ਪਰਜਾ ਪਹਿਲਾਂ ਹਾਕਮ ਜਮਾਤ ਦੀ ਜ਼ੁਬਾਨ ਕਬੂਲਦੀ ਹੈ ਫਿਰ ਹੌਲੀ-ਹੌਲੀ ਗ਼ੁਲਾਮੀ ਦੇ ਅਹਿਸਾਸ ਕਾਰਨ ਹੀਣ ਭਾਵਨਾ ਦਾ ਸ਼ਿਕਾਰ ਹੋ ਕੇ ਆਪਣਾ ਸੱਭਿਆਚਾਰ ਆਪਣੇ ਧਾਰਮਿਕ ਰਸਮੋਂ ਰਿਵਾਜ ਤਿਆਗ ਬੈਠਦੀ ਹੈ। ਭਾਈ ਸਾਹਿਬ ਜੀ ਦੇ ਸਮੇਂ ਇਕ ਪਾਸੇ ਵਰਡਜ਼ਵਰਥ, ਸਕਾਟ, ਟੈਨੀਸਨ, ਮਿਲਟਨ, ਕਾਲਿਰਜ ਅਤੇ ਸ਼ੈਕਸਪੀਅਰ ਆਦਿ ਕਵੀਆਂ ਦੀਆਂ ਕਵਿਤਾਵਾਂ ਵਿਦਿਆਰਥੀ ਵਰਗ ਵਿਚ ਪੱਛਮੀ ਸੱਭਿਆਚਾਰ ਦਾ ਪ੍ਰਸਾਰ ਕਰ ਰਹੀਆਂ ਸਨ ਅਤੇ ਦੂਸਰੇ ਪਾਸੇ ਸਨਾਤਨ ਧਰਮ ਵਾਲੇ ਪੰਜਾਬ ਵਿਚ ਆਪਣੇ ਧਰਮ ਦਾ ਪ੍ਰਚਾਰ ਕਰ ਰਹੇ ਸਨ। ਅਜਿਹੇ ਸਮੇਂ ਜਿੱਥੇ ਇਕ ਪਾਸੇ ਹਜ਼ਾਰਾਂ ਨਹੀਂ ਲੱਖਾਂ ਸੁਤੰਤਰਤਾ ਸੰਗਰਾਮੀ ਅਜ਼ਾਦੀ ਲਈ ਘੋਲ ਕਰ ਰਹੇ ਸਨ, ਉੱਥੇ ਜੇਕਰ ਕੋਈ ਇੱਕੋਂ ਕਲਮੀ ਸੂਰਮਾ ਆਪਣੀ ਕਲਮ ਰਾਹੀਂ ਪੱਛਮੀ ਅਤੇ ਸਨਾਤਨ ਵਿਚਾਰਧਾਰਾ ਦੇ ਵਹਿਣ ਨੂੰ ਠੱਲ ਪਾ ਕੇ ਉਸ ਦੇ ਮੁਹਾਣਾਂ ਨੂੰ ਮੋੜ ਦੇਵੇ ਤਾਂ ਅਜਿਹੀ ਸ਼ਖ਼ਸੀਅਤ ਨਿਰਸੰਕੋਚ ਹੀ ਵਿਸ਼ੇਸ ਸਨਮਾਨ ਦੀ ਅਧਿਕਾਰੀ ਹੈ। ਅਜਿਹਾ ਕੋਈ ਬਲਵਾਨ ਸੁਰਤਿ ਦੀ ਧਾਰਨੀ ਚੜ੍ਹਦੀ ਕਲਾ ਨਿਵਾਸ ਰੱਖਣ ਵਾਲੀ ਸ਼ਖ਼ਸੀਅਤ ਹੀ ਕਰ ਸਕਦੀ ਹੈ। ਭਾਈ ਸਾਹਿਬ ਨੇ ਆਪਣੀਆਂ ਕਵਿਤਾਵਾਂ ਰਾਹੀਂ ਸਮੇਂ ਦੀ ਮਾਰ ਝੱਲ ਰਹੀ ਪੰਜਾਬੀ ਮਾਂ ਬੋਲੀ ਨੂੰ ਉਸ ਦਾ ਬਣਦਾ ਮਾਣ-ਸਤਿਕਾਰ ਹਾਸਲ ਕਰਵਾ ਕੇ ਪੰਜਾਬੀ ਅਤੇ ਗੁਰਮਤਿ ਸਾਹਿਤ ਨੂੰ ਜੋ ਯੋਗਦਾਨ ਦਿੱਤਾ। ਸਿੱਖ ਪੰਥ ਸਦਾ ਉਸ ਦਾ ਰਿਣੀ ਰਹੇਗਾ। ■

# ਜਿਨ੍ਹਾਂ ਧਰਮ ਨਹੀਂ ਹਾਰਿਆ . . .

*-ਸ. ਗੁਰਮੀਤ ਸਿੰਘ**

ਸੰਘਰਸ਼ ਧਰਮ ਤੇ ਇਖਲਾਕ ਕੇਵਲ ਗਿਆਨ ਗੋਸ਼ਟੀ ਤੀਕ ਹੀ ਰਾਖਵੇਂ ਨਹੀਂ ਹਨ ਬਲਕਿ ਸਥਾਪਿਤ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਹਿੱਤ ਆਪਾ ਕੁਰਬਾਨ ਕਰ ਦੇਣ ਦਾ ਨਾਮ ਹੈ। ਗੁਰੂ ਨਾਨਕ ਸਾਹਿਬ ਨੂੰ ਜਦੋਂ ਸਿੱਧਾਂ ਨੇ ਉਦਾਸੀਆਂ ਦਾ ਮਕਸਦ ਪੁੱਛਿਆ ਤਾਂ ਪਾਤਸ਼ਾਹ ਦਾ ਜਵਾਬ ਸੀ *ਗੁਰਮੁਖਿ ਖੋਜਤ ਭਏ ਉਦਾਸੀ* ਇਹ ਤਲਖ ਹਕੀਕਤ ਹੈ ਤੇ ਸਿੱਖ ਧਰਮ ਦੀ ਵਿਲੱਖਣਤਾ ਵੀ ਕਿ ਸਿੱਖ ਗੁਰੂ ਸਾਹਿਬਾਨ ਦੁਆਰਾ ਘੜ੍ਹੀ ਸ਼ਬਦ ਦੀ ਸੱਚੀ ਟਕਸਾਲ ਦੀ ੨੩੦ ਸਾਲਾਂ ਦੀ ਘਾਲਣਾ ਨਾਲ ਜਦੋਂ ਗੁਰਮੁਖ/ਆਦਰਸ਼ਕ ਮਨੁੱਖ ਨੇ *ਸਤਿਗੁਰ ਆਗੈ ਸੀਸੁ ਭੇਟ ਦੇਉ* ਦੀ ਅਗੰਮੀ ਪ੍ਰੀਖਿਆ ਪਾਸ ਕਰ ਲਈ ਤਾਂ ਸੰਤ-ਸਿਪਾਹੀ ਦੇ ਰੂਪ ਵਿਚ ਖਾਲਸੇ ਦੀ ਪਦਵੀ ਨੂੰ ਪ੍ਰਾਪਤ ਹੋਏ। ਇਸੇ ਖਾਲਸੇ ਨੂੰ ਮਾਣ ਪ੍ਰਾਪਤ ਹੋਇਆ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ ਅਤੇ ਨਿਆਸਰਿਆਂ ਦਾ ਆਸਰਾ ਬਣਨ ਦਾ। ਲੇਕਿਨ ਇਸ ਮੁਕਾਮ ਤੀਕ ਪੁੱਜਣ ਲਈ ਖਾਲਸੇ ਨੂੰ ਅਸਹਿ ਤੇ ਅਕਹਿ ਤਸੀਹੇ ਸਹਾਰਦਿਆਂ ਸ਼ਹਾਦਤਾਂ ਵੀ ਦੇਣੀਆਂ ਪਈਆਂ ਤੇ ਉਸ ਨੇ ਹਰ ਕੁਰਬਾਨੀ ਨੂੰ ਖਿੜੇ ਮੱਥੇ ਸਹਾਰਿਆ ਵੀ। *ਤੇਰਾ ਭਾਣਾ ਮੀਠਾ ਲਾਗੇ* ਤੋਂ *ਤੇਰਾ ਕੀਆ ਮੀਠਾ ਲਾਗੇ* ਤੀਕ ਦਾ ਸਫਰ ਹੀ ਸਿੱਖ ਕੌਮ ਵਿਚ ਸ਼ਹਾਦਤ ਅਤੇ ਸੰਤ-ਸਿਪਾਹੀ ਦੇ ਜਾਹਿਰਾ ਮਾਰਗ ਦਾ ਮੁੱਢ ਬੰਨਦਾ ਹੈ । ਸੰਤ ਸਿਪਾਹੀ ਦੇ ਇਸ ਅਦੁੱਤੀ ਮਾਰਗ 'ਤੇ ਚੱਲਣ ਵਾਲੇ ਅਣਗਿਣਤ ਸਿੱਦਕਵਾਨ ਸਿੰਘ-ਸਿੰਘਣੀਆਂ ਤੇ ਭੁਝੰਗੀਆਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਅਸੀਂ ਨਿਤ ਪ੍ਰਤੀ ਦੀ ਅਰਦਾਸ ਵਿਚ *ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, . . . ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ' . . .* ਦਾ ਧਿਆਨ ਧਰ ਕੇ ਵਾਹਿਗੁਰੂ ਉਚਾਰਦੇ ਹਾਂ।

ਨਾਨਕ ਨਿਰਮਲ ਪੰਥ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਸਾਰ ਆਗਮਨ ੧੪੬੯ ਈ. ਤੋਂ ਲੈ ਕੇ ਦਸਮੇਸ਼ ਪਿਤਾ ਦੇ ਜੋਤੀ ਜੋਤ ਸਮਾਉਣ ੧੭੦੮ ਈ. ਤਕ ਅਤੇ ਇਸ ਤੋਂ ਬਾਅਦ ਦੇ ਸਿੱਖ ਸੰਘਰਸ਼, ਸਿੱਖ ਰਾਜ, ਦੇਸ਼ ਵੰਡ ਅਤੇ ਹੁਣ ਤੀਕ ਦਾ ਤਕਰੀਬਨ ਸਾਢੇ ਪੰਜ ਸੌ ਸਾਲਾਂ ਦਾ ਇਹ ਵਿਲੱਖਣ ਇਤਿਹਾਸ ਹੈ। ਜਿੱਥੇ ਸਿੱਖੀ ਦੀ ਅਮਰਵੇਲ ਨੂੰ ਚੰਬੜੇ ਗੰਗੂਆਂ ਤੇ ਚੰਦੂਆਂ ਅਤੇ ਇਨ੍ਹਾਂ ਦੀਆਂ ਸਲਾਹਾਂ 'ਤੇ ਬਾਬਰ, ਜਹਾਂਗੀਰ, ਔਰੰਗਜ਼ੇਬ ਅਤੇ ਇੰਦਰਾ ਵਰਗੇ ਜਾਬਰ ਸਿੱਖੀ ਦੇ ਬੂਟੇ ਨੂੰ

**ਇੰਚਾਰਜ, ਇਮਾਰਤੀ ਵਿਭਾਗ, ਸ਼੍ਰੋਮਣੀ ਗੁ:ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: +੯੧੯੫੯੨੫-੦੦੪੫੨*

ਮਸਲਣ ਦੀਆਂ ਕੋਸ਼ਿਸ਼ਾਂ ਕਰਦੇ ਰਹੇ। ਉੱਥੇ ਇਸ ਸਭ ਦੇ ਬਾਵਜੂਦ ਵੀ ਇਹ ਬੂਟਾ ਹਰਿਆ-ਭਰਿਆ ਰਿਹਾ ਹੈ ਕਿਉਂਕਿ ਸਮੁੱਚੀ ਮਨੁੱਖਤਾ ਨੂੰ ਇਕ ਆਦਰਸ਼ਕ ਇਨਸਾਨ ਬਣਨ ਦੀ ਪ੍ਰੇਰਨਾ ਦੇਣ ਵਾਲੇ ਇਸ ਦੇ ਪਾਲਣਹਾਰੇ ਗੁਰੂ ਸਾਹਿਬਾਨ ਨੇ ਜੀਵਨ ਦੇ ਉੱਚ ਆਦਰਸ਼ਾਂ ਖਾਤਰ ਖ਼ੁਦ ਨੂੰ ਕੁਰਬਾਨ ਕਰਨ ਤੋਂ ਗੁਰੇਜ਼ ਨਹੀ ਕੀਤਾ।

ਪੰਜਵੇਂ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਮੁਗ਼ਲਾਂ ਦੇ ਰਾਜਸੀ ਹੰਕਾਰ ਦੇ ਵਿਰੋਧ ਵਿਚ ਅਤੇ ਆਪਣੇ ਪੁਰਖਿਆਂ ਦੁਆਰਾ ਉਚਾਰੀ ਬਾਣੀ ਦੇ ਅਦਬ ਸਤਿਕਾਰ ਖਾਤਰ ਸ਼ਹਾਦਤ ਦੇਣ ਵਾਲੇ ਪਹਿਲੇ ਗੁਰੂ ਹਨ। ਅਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਅੰਤਮ ਸਮੇਂ ਗੁਰਸਿੱਖੀ ਮਾਰਗ ਦੀ ਜ਼ਿੰਮੇਵਾਰੀ ਪ੍ਰਤੀ ਬਚਨ ਕਹੇ ਸਨ 'ਬਾਬਾ ਬਕਾਲਾ' (ਭਾਵ ਅਗਲਾ ਗੁਰੂ ਬਾਬਾ ਬਕਾਲੇ ਵਿਖੇ ਹੈ)। ਬਾਬਾ ਬਕਾਲਾ ਵਿਖੇ ਅਕਾਲ ਪੁਰਖ ਵਾਹਿਗੁਰੂ ਦੀ ਬੰਦਗੀ ਵਿਚ ਲੀਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮਨੁੱਖੀ ਹੱਕਾਂ ਦੀ ਰਾਖੀ ਲਈ ਸੀਸ ਦੇ ਕੇ ਆਪਣੇ ਪੁਰਖਿਆਂ ਦੁਆਰਾ ਚਲਾਈ ਸ਼ਹਾਦਤ ਦੀ ਪਰੰਪਰਾ ਨੂੰ ਅੱਗੇ ਤੋਰਿਆ। ਸਨਾਤਨੀ ਮਤ ਅਨੁਸਾਰ ਪਹਿਨਾਏ ਜਾਣ ਵਾਲੇ ਜਨੇਊ ਨੂੰ ਨਾਂਹ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਛੋਟੀ ਉਮਰ ਵਿਚ ਹੀ ਕਰ ਦਿੱਤੀ ਸੀ, ਲੇਕਿਨ ਕਸ਼ਮੀਰੀ ਪੰਡਿਤਾਂ ਦਾ ਜਬਰੀ ਜਨੇਊ ਲਾਹੇ ਜਾਣ ਦੀ ਵਿਰੋਧਤਾ ਜਿਤਾਉਂਦਿਆਂ ਤੇ ਧਰਮ ਦੀ ਅਜ਼ਾਦੀ ਬਹਾਲ ਰੱਖਣ ਖਾਤਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਦਿੱਲੀ ਦੇ ਚਾਂਦਨੀ ਚੌਂਕ ਵਿਚ ਸੀਸ ਦਿੱਤਾ ਸੀ, ਜਿਨ੍ਹਾਂ ਦੇ ਦੋ ਪੋਤਰੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਧਰਮ ਖਾਤਰ ਚਮਕੌਰ ਦੇ ਮੈਦਾਨ ਵਿਚ ਦੁਸ਼ਮਣਾਂ ਨਾਲ ਲੜਦਿਆਂ ਸ਼ਹੀਦ ਹੋਏ ਅਤੇ ਦੋ ਪੋਤਰੇ ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਨੇ ਧਰਮ ਛੱਡਣ ਦੀ ਬਜਾਇ ਜਿਊਂਦੇ ਨੀਂਹਾਂ ਵਿਚ ਚਿਣੇ ਜਾਣਾ ਕਬੂਲ ਕੀਤਾ। ਸਿੱਖ ਇਤਿਹਾਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਚਾਰੇ ਪੋਤਰਿਆਂ ਨੂੰ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਵਜੋਂ ਪ੍ਰਵਾਨ ਕਰਦਿਆਂ ਸਤਿਕਾਰ ਕੀਤਾ ਜਾਂਦਾ ਹੈ। ਪਹਿਲਾਂ ਪਿਤਾ, ਫਿਰ ਪੁੱਤਰ, ਮਾਤਾ ਅਤੇ ਫਿਰ ਜਾਨ ਤੋਂ ਪਿਆਰੇ ਅਣਗਿਣਤ ਸਿੰਘਾਂ ਨੂੰ ਪੰਥ ਦੀ ਖਾਤਰ ਕੁਰਬਾਨ ਕਰਨ ਉਪਰੰਤ ਵੀ ਪਰਮ ਪੁਰਖ ਦੀ ਰਜ਼ਾ ਵਿਚ ਰਹਿਣ ਵਾਲੇ ਦਸਮੇਸ਼ ਪਿਤਾ ਦਾ *ਧਰਮ ਚਲਾਵਨ ਸੰਤ ਉਭਾਰਨ* ਦਾ ਮਿਸ਼ਨ ਜਾਰੀ ਰਹਿੰਦਾ ਹੈ।

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਥਾਪੜਾ ਹਾਸਲ ਕਰ ਪੰਜਾਬ 'ਚੋਂ ਮੁਗ਼ਲ ਰਾਜ ਦੀਆਂ ਜੜ੍ਹਾਂ ਉਖਾੜਨ ਅਤੇ ਖਾਲਸਾ ਰਾਜ ਦੀ ਸਥਾਪਨਾ ਕਰਨ ਵਾਲਾ ਬਾਬਾ ਬੰਦਾ ਸਿੰਘ ਬਹਾਦਰ, ਗੁਰੂ ਸਾਹਿਬਾਨ ਅਤੇ ਗੁਰੂ ਪਰਵਾਰ ਤੋਂ ਬਾਅਦ ਪਹਿਲਾ ਕੌਮੀ ਸੂਰਬੀਰ ਯੋਧਾ ਤੇ ਸਿੱਖ ਆਗੂ ਹੈ। ਸਿੱਖ ਕੌਮ ਦੀ ਅੱਡਰੀ, ਨਿਆਰੀ ਹਸਤੀ ਅਤੇ ਵਿੱਲਖਣ ਹੋਂਦ-ਹਸਤੀ ਬਰਕਰਾਰ ਰੱਖਣ, ਆਪਣੇ ਗੁਰਧਾਮਾਂ ਅਤੇ ਸ੍ਰੀ ਗੁਰੂ

ਗ੍ਰੰਥ ਸਾਹਿਬ ਜੀ ਦੀ ਮਾਣ-ਮਰਯਾਦਾ ਕਾਇਮ ਰੱਖਣ ਲਈ ਆਪਾ ਵਾਰਨ ਵਾਲੇ ਕੌਮ ਦੇ ਅਜਿਹੇ ਜਾਂਬਾਂਜ਼ ਸਿੱਖਾਂ ਦੀ ਫਰਿਸਤ ਕਾਫੀ ਲੰਮੀ ਹੈ। ਬੰਦ-ਬੰਦ ਕਟਵਾ ਕੇ ਸ਼ਹਾਦਤਾਂ ਦਾ ਜਾਮ ਪੀਣ ਵਾਲੇ ਭਾਈ ਮਨੀ ਸਿੰਘ ਜੀ, ਸ੍ਰੀ ਹਰਿਮੰਦਰ ਸਾਹਿਬ ਦੀ ਰਾਖੀ ਲਈ ਸੀਸ ਤਲੀ 'ਤੇ ਟਿਕਾ ਕੇ ਲੜਨ ਵਾਲੇ ੮੦-ਸਾਲਾ ਬਜ਼ੁਰਗ ਬਾਬਾ ਦੀਪ ਸਿੰਘ ਜੀ, ਖੋਪੜੀ ਲੁਹਾ ਕੇ ਸਿੱਖੀ ਕਾਇਮ ਰੱਖਣ ਵਾਲੇ ਭਾਈ ਤਾਰੂ ਸਿੰਘ ਜੀ, ਸਿੱਖੀ ਸਿਦਕ ਲਈ ਦੇਗ ਵਿਚ ਉਬਾਲੇ ਜਾਣ ਵਾਲੇ ਭਾਈ ਦਿਆਲਾ ਜੀ, ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਕਾਇਮ ਰੱਖਣ ਲਈ ਸ਼ਹਾਦਤਾਂ ਪਾਉਣ ਵਾਲੇ ਭਾਈ ਸੁੱਖਾ ਸਿੰਘ ਭਾਈ ਮਹਿਤਾਬ ਸਿੰਘ, ਬਾਬਾ ਨੌਧ ਸਿੰਘ, ਬਾਬਾ ਗੁਰਬਖਸ਼ ਸਿੰਘ, ਖਾਲਸੇ ਦੀ ਹੋਂਦ ਬਰਕਰਾਰ ਰੱਖਣ ਲਈ ਸ਼ਹਾਦਤ ਦਾ ਜਾਮ ਪੀਣ ਵਾਲੇ ਬਾਬਾ ਬੋਤਾ ਸਿੰਘ ਬਾਬਾ ਗਰਜਾ ਸਿੰਘ ਆਦਿ ਸਾਡੇ ਲਈ ਅਤਿ ਸਤਿਕਾਰ ਯੋਗ ਹਨ। ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਖਾਲਸਾ ਰਾਜ ਦੀ ਕੀਤੀ ਸਥਾਪਨਾ ਤੋਂ ਲੈ ਕੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਨੂੰ ਸਥਾਪਿਤ ਕਰਨ ਵਿਚ ਬਾਬਾ ਅਕਾਲੀ ਫੂਲਾ ਸਿੰਘ, ਸਰਦਾਰ ਹਰੀ ਸਿੰਘ ਨਲੂਆ, ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਅਤੇ ਬਾਬਾ ਬਘੇਲ ਸਿੰਘ ਕਰੋੜਸਿੰਘੀਆ ਜਿਹੇ ਫੌਲਾਦੀ ਮਰਦ ਅਤੇ ਵਡੇਰੀ ਉਮਰ ਦੇ ਯੋਧਿਆਂ ਵਰਤਮਾਨ ਦੌਰ ਦੇ ਸ਼ਹੀਦਾਂ ਦੀ ਦੇਣ ਨੂੰ ਕਦੇ ਅਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਸਿੱਖ ਸਿਧਾਂਤਾਂ, ਗੁਰਧਾਮਾਂ ਤੇ ਗੁਰੂ ਗ੍ਰੰਥ ਸਾਹਿਬ ਦੀ ਰਾਖੀ ਅਤੇ ਮਾਣ ਮਰਯਾਦਾ ਖਾਤਰ ਜੂਝਣ ਵਾਲੇ ਸਮੁੱਚੇ ਸਿੱਦਕੀ, ਸਿਰੜੀ ਕੌਮੀ ਸ਼ਹੀਦਾਂ ਦੀ ਲਾਸਾਨੀ ਦਾਸਤਾਂ ਅੱਜ ਵੀ ਸਾਡਾ ਮਾਰਗ-ਦਰਸ਼ਨ ਕਰਦੀ ਹੈ ਤੇ ਕਰਦੀ ਰਹੇਗੀ।

■

*ਦਾਦੀ ਸੇ ਬੋਲੇ ਅਪਨੇ ਸਿਪਾਹੀ ਕਿਧਰ ਗਏ*
*ਦਰਿਯਾ ਪ: ਹਮ ਕੋ ਛੋੜ ਕੇ ਰਾਹੀ ਕਿਧਰ ਗਏ*
*ਤੜਪਾ ਕੇ ਹਾਏ ਸੂਰਤਿ-ਮਾਹੀ ਕਿਧਰ ਗਏ*
*ਅੱਬਾ ਭਗਾ ਕੇ ਲਸ਼ਕਰਿ-ਸ਼ਾਹੀ ਕਿਧਰ ਗਏ*
*ਭਾਈ ਭੀ ਹਮ ਕੋ ਭੂਲ ਗਏ ਸ਼ੌਕਿ ਜੰਗ ਮੇਂ*
*ਅਪਨਾ ਖ਼ਯਾਲ ਤਕ ਨਹੀਂ ਸ਼ੌਕਿ ਤੁਫ਼ੰਗ ਮੇਂ*

*(ਸ਼ਹੀਦਾਨਿ-ਵਫ਼ਾ)*

# ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦੀ ਇਕ ਘਟਨਾ

*-ਸ. ਹਰਭਜਨ ਸਿੰਘ**

ਸਿੱਖ ਰਾਜ ਦਾ ਸਮਕਾਲੀ ਇਤਿਹਾਸਕਾਰ ਸੋਹਣ ਲਾਲ ਸੂਰੀ, ਆਪਣੀ ਕਿਤਾਬ ਉਮਦਤ-ਉਲ-ਤਵਾਰੀਖ ਦਫ਼ਤਰ ਤਿੰਨ ਵਿਚ ਇਕ ਬਹੁਤ ਹੀ ਰੋਚਕ ਪਰ ਰੌਂਗਟੇ ਖੜ੍ਹੇ ਕਰਨ ਵਾਲੀ ਘਟਨਾ ਦਰਜ ਕੀਤੀ ਹੈ, ਜਿਸ ਉੱਪਰ ਭਰੇ ਦਰਬਾਰ ਵਿਚ ਚਰਚਾ ਹੁੰਦੀ ਰਹੀ। ਇਸ ਚਰਚਾ ਦਾ ਨਤੀਜਾ ਇਹ ਨਿਕਲਿਆ ਕਿ ਹਥਿਆਰ ਉਹ ਜਿਹੜਾ ਮੌਕੇ ਉੱਪਰ ਕੰਮ ਆ ਜਾਵੇ ਅਤੇ ਆਦਮੀ ਉਹ ਜਿਹੜਾ ਮੁਸ਼ਕਲ ਸਮੇਂ ਮੌਤ ਵੇਖ ਕੇ ਵੀ ਨਾ ਘਬਰਾਵੇ। ਚਰਚਾ ਵਿਚ ਭਾਗ ਲੈਂਦੇ ਹੋਏ ਸਰਦਾਰ ਅਤਰ ਸਿੰਘ ਸੰਧਾਵਾਲੀਆ ਨੇ ਬਾਦਸ਼ਾਹ ਅਕਬਰ-ਬੀਰਬਲ ਦਾ ਕਿੱਸਾ ਸੁਣਾਇਆ ਜਦ ਕਿ ਖ਼ੁਦ ਮਹਾਰਾਜਾ ਨੇ ਸ਼ਾਹਜਹਾਨ ਦੇ ਪੁੱਤਰਾਂ ਦਾ ਕਿੱਸਾ ਬਿਆਨ ਕੀਤਾ ਕਿ ਕਿਵੇਂ ਬੇਕਾਬੂ ਹੋਏ ਹਾਥੀਆਂ ਨਾਲ ਮੁਕਾਬਲਾ ਕੀਤਾ ਗਿਆ ਸੀ। ਪਰ ਕਿਉਂਕਿ ਮਹਾਰਾਜਾ ਸਹੀ ਸਲਾਮਤ ਬਚ ਗਏ ਸਨ, ਇਸ ਲਈ ਸਭ ਦਰਬਾਰੀਆਂ ਤੇ ਸਰਦਾਰਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਨਜ਼ਰ ਪੇਸ਼ ਕੀਤੀ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਕਿ ਉਸ ਜਿਹੇ ਮਹਾਨ ਪ੍ਰਤਾਪੀ ਬਾਦਸ਼ਾਹ ਦੀ ਰੱਬ ਵੀ ਰਾਖੀ ਕਰਦਾ ਹੈ।

ਇਹ ਘਟਨਾ ੨੪ ਜੁਲਾਈ, (੧੧ ਸਾਵਣ) ੧੮੩੮ ਈ. ਦੀ ਹੈ ਜਦ ਮਹਾਰਾਜਾ ਰਣਜੀਤ ਸਿੰਘ ਆਪਣੀ ਵਿਸ਼ੇਸ਼ ਬੱਗੀ ਰਾਹੀਂ ਸ਼ਾਹ ਬਲਾਵਲ (ਬਲੋਲ) ਦੇ ਬਾਗ ਵਿਚ ਆਪਣਾ ਦਰਬਾਰ ਲਾਉਣ ਲਈ ਜਾ ਰਹੇ ਸੀ। ਇਹ ਜਗ੍ਹਾ ਦਰਿਆ ਰਾਵੀ ਦੀ ਮੁੱਖ ਧਾਰਾ ਦੇ ਪਾਸ ਹੀ ਸੀ, ਜਿੱਥੇ ਰਾਜਾ ਹੀਰਾ ਸਿੰਘ ਦੇ ਡੋਗਰਾ ਦੇ ਇਕ ਹਾਥੀ ਨੇ ਬੇਕਾਬੂ ਹੋ ਕੇ, ਆਪਣੇ ਉੱਪਰ ਸਵਾਰ ਚਾਲਕ ਨੂੰ ਦਰਿਆ ਵਿਚ ਸੁੱਟ ਦਿੱਤਾ ਅਤੇ ਦਹਾੜਦਾ ਹੋਇਆ ਮਹਾਰਾਜਾ ਵੱਲ ਵਧਿਆ। ਸੰਯੋਗ-ਵਸ ਵਜ਼ੀਰ ਧਿਆਨ ਸਿੰਘ ਵੀ ਉਸੇ ਸਮੇਂ ਆਪਣੇ ਹਾਥੀ ਉੱਪਰ ਸਵਾਰ ਉੱਧਰ ਆ ਰਿਹਾ ਸੀ, ਜਿਸ ਨੇ ਇਸ ਪਾਗਲ ਹਾਥੀ ਨੂੰ ਮਹਾਰਾਜਾ ਵੱਲ ਅੱਗੇ ਵੱਧਣ ਤੋਂ ਰੋਕਣ ਲਈ ਆਪਣਾ ਹਾਥੀ ਭਜਾਉਂਦੇ ਹੋਏ ਉਸ ਹਾਥੀ ਦੇ ਸਾਹਮਣੇ ਪਹੁੰਚ ਕੇ ਆਪਣਾ ਹਾਥੀ ਉਸ ਪਾਗਲ ਹਾਥੀ ਨਾਲ ਟਕਰਾ ਦਿੱਤਾ। ਵਜ਼ੀਰ ਧਿਆਨ ਸਿੰਘ ਨੇ ਆਪਣੀ ਜਾਨ ਖ਼ਤਰੇ 'ਚ ਪਾਉਂਦੇ ਹੋਏ, ਬੇਮਿਸਾਲ ਬਹਾਦਰੀ ਦਾ ਵਿਖਾਵਾ ਕੀਤਾ। ਦੋਵੇਂ ਹਾਥੀਆਂ ਨੇ ਆਪਣੇ ਸਿਰ ਕਈ ਵਾਰ ਟਕਰਾਏ ਜੋ ਜਬਰਦਸਤ ਭੇੜ ਸੀ ਤੇ ਮਹਾਰਾਜਾ ਵੀ ਵੇਖ ਰਹੇ ਸਨ, ਆਖਰ 'ਚ ਉਸ ਖਰਮਸਤ ਬੇਕਾਬੂ ਹੋਏ ਹਾਥੀ ਨੇ ਵਜੀਰ ਧਿਆਨ ਸਿੰਘ ਦੇ ਹਾਥੀ

*ਬੀ-੪੩੦, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ। ਮੋ: +੯੧੯੮੭੨੮-੧੦੮੨੦

ਨੂੰ ਖਦੇੜ ਦਿੱਤਾ ਅਤੇ ਮਹਾਰਾਜਾ ਵੱਲ ਦੌੜ ਪਿਆ। ਉਸ ਸਮੇਂ ਸਰਦਾਰ ਅਤਰ ਸਿੰਘ ਸੰਧਾਵਲੀਆ ਉਸ ਹਾਥੀ ਸਾਹਮਣੇ ਆ ਗਿਆ ਅਤੇ ਆਪਣੀ ਤਲਵਾਰ ਨਾਲ ਉਸ ਦੀ ਸੁੰਡ ਉੱਪਰ ਦੋ ਜਾਂ ਤਿੰਨ ਵਾਰ ਕੀਤੇ, ਪਰ ਗੰਭੀਰ ਜ਼ਖ਼ਮ ਖਾਣ ਤੋਂ ਬਾਅਦ ਵੀ ਉਹ ਹਾਥੀ ਪਿੱਛੇ ਨਾ ਹੋਇਆ ਅਤੇ ਸਿੱਧਾ ਮਹਾਰਾਜਾ ਵੱਲ ਵੱਧਿਆ। ਹਾਥੀ ਨੂੰ ਅੱਗੇ ਵਧਦੇ ਹੋਏ ਵੇਖ ਕੇ ਮਹਾਰਾਜਾ ਦੇ ਆਲੇ-ਦੁਆਲੇ ਸਭ ਸਿਪਾਹ-ਸਲਾਰ ਇੱਧਰ ਉੱਧਰ ਭੱਜਣ ਲੱਗੇ। ਪਰ ਮੀਹਾਂ ਸਿੰਘ ਜੋ ਅਰਦਲੀ ਦਸਤੇ ਦਾ ਜਮਾਂਦਾਰ ਸੀ, ਮਹਾਰਾਜੇ ਦੀ ਹਿਫ਼ਾਜ਼ਤ ਲਈ ਉੱਥੇ ਹੀ ਰੁਕਿਆ ਰਿਹਾ। ਇਸ ਸਿਰ ਉੱਪਰ ਆ ਰਹੀ ਮੌਤ ਦਾ ਸਾਹਮਣਾ ਕਰਨ ਲਈ ਮਹਾਰਾਜਾ ਰੱਤੀ ਭਰ ਵੀ ਨਾ ਘਬਰਾਏ ਅਤੇ ਅਡੋਲ ਮਨ ਨਾਲ ਬੱਗੀ ਵਿਚ ਬੈਠੇ ਰਹੇ। ਉਹ ਪਰਮਾਤਮਾ ਵੱਲੋਂ ਬਖਸ਼ੇ ਉੱਚੇ ਹੌਸਲੇ ਵਿਚ ਰਹਿੰਦਿਆਂ ਹਾਥੀ ਦੀ ਹਰਕਤ ਉੱਪਰ ਨਜ਼ਰ ਰੱਖ ਰਹੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਹੌਸਲੇ ਤੇ ਦਲੇਰੀ ਜਿਸ ਅੱਗੇ ਸਾਰਾ ਜ਼ਮਾਨਾ ਝੁਕਦਾ ਸੀ ਅਤੇ ਦੁਸ਼ਮਣ ਥਰ-ਥਰ ਕੰਬਦਾ ਸੀ, ਨੂੰ ਪਛਾਣਦਾ ਹੋਇਆ ਬੇਕਾਬੂ ਹੋਇਆ ਹਾਥੀ ਅਚਾਨਕ ਪਿੱਛੇ ਮੁੜ ਪਿਆ ਅਤੇ ਵਾਹੋਦਾਹੀ ਪੰਧ ਮੁਕਾਉਂਦਾ ਹੋਇਆ ਹਜ਼ੂਰੀ ਬਾਗ ਦੇ ਰੋਸ਼ਨੀ ਦਰਵਾਜ਼ੇ ਪਾਸ ਜਾ ਪਹੁੰਚਿਆ। ਇਹ ਦਰਵਾਜ਼ਾ ਲਾਹੌਰ ਕਿਲ੍ਹੇ ਦੇ ਬਾਹਰ ਹਜ਼ੂਰੀ ਬਾਗ ਦੀ ਚਾਰਦਵਾਰੀ ਵਿਚ ਸਥਿਤ ਹੈ, ਜਿਸ ਰਾਹੀਂ ਪ੍ਰਵੇਸ਼ ਹੋ ਕੇ ਅੱਗੇ ਹਜ਼ੂਰੀ ਬਾਗ ਅਤੇ ਲਾਹੌਰ ਕਿਲ੍ਹੇ ਅੰਦਰ ਪਹੁੰਚਿਆ ਜਾਂਦਾ ਸੀ। ਜਦ ਇੱਥੇ ਤਾਇਨਾਤ ਗਾਰਦਾਂ ਨੇ ਹਾਥੀ ਦੇ ਤੇਵਰ ਵੇਖੇ ਤਾਂ ਉਨ੍ਹਾਂ ਦਰਵਾਜ਼ਾ ਬੰਦ ਕਰ ਦਿੱਤਾ, ਪਰ ਉਸ ਬੇਕਾਬੂ ਹਾਥੀ ਨੇ ਦਰਵਾਜ਼ੇ ਦੇ ਤਖਤਿਆਂ ਨੂੰ ਟੱਕਰਾਂ ਮਾਰ ਕੇ ਤੋੜ ਦਿੱਤਾ ਅਤੇ ਦਹਿਲੀਜ਼ ਨੂੰ ਆਪਣੀ ਸੁੰਡ ਨਾਲ ਪੁੱਟ ਦਿੱਤਾ, ਜਿਸ ਕਾਰਨ ਸਾਰਾ ਦਰਵਾਜ਼ਾ ਧਰਤੀ 'ਤੇ ਆ ਡਿੱਗਾ। ਇਤਨੇ ਨੂੰ ਹਾਥੀਆਂ ਨੂੰ ਕਾਬੂ ਕਰਨ ਵਾਲੇ ਚਾਲਕ ਵੀ ਆ ਪਹੁੰਚੇ ਜੋ ਉਹ ਇਸ ਨੂੰ ਕਾਬੂ ਕਰਨ ਵਿਚ ਬਹੁਤ ਮੁਸ਼ਕਲ ਨਾਲ ਸਫਲ ਹੋ ਸਕੇ ਸਨ। ਉਹ ਇਸ ਹਾਥੀ ਨੂੰ ਆਪਣੇ ਕੈਂਪ ਲੈ ਗਏ।

ਇਤਨੇ ਨੂੰ ਮਹਾਰਾਜਾ ਵੀ ਵਾਪਸ ਕਿਲ੍ਹੇ ਅੰਦਰ ਪਹੁੰਚ ਗਏ ਅਤੇ ਦਰਬਾਰ ਵਿਚ ਦੱਸਿਆ ਕਿ ਇਹ ਪਾਗਲ ਹਾਥੀ ਸਿੱਧਾ ਉਸ ਵੱਲ ਹੀ ਆ ਰਿਹਾ ਸੀ। ਮਹਾਰਾਜਾ ਨੇ ਉਹ ਹਾਥੀ ਜੋ ਹੁਣ ਕਾਬੂ ਵਿਚ ਸੀ, ਉਨ੍ਹਾਂ ਦੇ ਸਾਹਮਣੇ ਪੇਸ਼ ਕਰਨ ਲਈ ਹੁਕਮ ਕੀਤਾ। ਜਦ ਇਹ ਹਾਥੀ ਪੇਸ਼ ਕੀਤਾ ਗਿਆ ਤਾਂ ਮਹਾਰਾਜਾ ਨੇ ਇਸ ਦੇ ਚਾਲਕ ਨੂੰ ਪੁੱਛਿਆ ਕਿ ਇਸ ਹਾਥੀ ਨੂੰ ਨਸ਼ਾ ਕਿਸ ਨੇ ਦਿੱਤਾ? ਤਾਂ ਚਾਲਕ ਨੇ ਕਿਹਾ ਕਿ ਇਹ ਹਾਥੀ ਨਸ਼ੇ ਵਿਚ ਨਹੀਂ ਸੀ, ਪਰ ਇਸ ਨੂੰ ਕਈ ਵਾਰ ਪਾਗਲਪਣ ਦੇ ਦੌਰੇ ਪੈਂਦੇ ਹਨ, ਪਰ ਫਿਰ ਸ਼ਾਂਤ ਵੀ ਹੋ ਜਾਂਦਾ ਹੈ। ਜਦ ਇਹ ਨਦੀ ਵਿਚ ਬੇਕਾਬੂ ਹੋ ਗਿਆ ਤਾਂ ਉਹ ਆਪਣੀ ਜਾਨ ਦੇ ਡਰ ਕਾਰਨ ਉੱਥੋਂ ਦੌੜ ਆਇਆ ਸੀ। ਮਹਾਰਾਜਾ ਨੇ ਹੁਕਮ ਕੀਤਾ ਕਿ ਅਜਿਹੀ ਦੁਖਦਾਈ ਘਟਨਾ ਫਿਰ ਨਹੀਂ ਵਾਪਰਨੀ ਚਾਹੀਦੀ। ਸਰਦਾਰ ਅਤਰ

ਸਿੰਘ ਤੇ ਰਾਜਕਲਾਂ (ਧਿਆਨ ਸਿੰਘ) ਨੇ ਅਰਜ਼ ਕੀਤੀ ਕਿ ਮਹਾਰਾਜਾ ਦੀ ਅਰਦਲ ਵਿਚ ਬਹੁਤ ਹੀ ਜਾਂਬਾਜ਼ ਨੌਜਵਾਨ, ਚੁਸਤ-ਫੁਰਤ ਸੋਹਣੇ ਅਰਦਲੀ ਹੋਣੇ ਚਾਹੀਦੇ ਹਨ, ਜਦ ਮਹਾਰਾਜਾ ਬਾਹਰ ਨਿਕਲਣ। ਅੱਜ ਇਸ ਸੰਕਟ ਸਮੇਂ ਪਰਮਾਤਮਾ ਨੇ ਹੀ ਆਪ ਦੀ ਰੱਖਿਆ ਕੀਤੀ ਹੈ, ਕਿਉਂਕਿ ਮਾਰਨ ਨਾਲੋਂ ਬਚਾਉਣ ਵਾਲਾ ਕਿਤੇ ਜ਼ਿਆਦਾ ਤਾਕਤਵਰ ਹੁੰਦਾ ਹੈ। ਇਸ ਲਈ ਜੇਕਰ ਕਿਤੇ ਇਹੋ ਜਿਹੇ ਬਹਾਦਰ ਜਾਂਬਾਜ਼ ਰਾਖੇ ਆਪ ਦੇ ਨਾਲ ਹੁੰਦੇ ਤਾਂ ਉਹ ਜ਼ਰੂਰ ਹਾਥੀ ਨਾਲ ਨਿਪਟਣ ਲਈ ਨਿਕਲ ਪੈਂਦੇ ਤੇ ਆਪ ਇਕੱਲੇ ਮਹਿਸੂਸ ਨਾ ਕਰਦੇ। ਇਹ ਬਹੁਤ ਹੀ ਨਾਜ਼ੁਕ ਮਸਲਾ ਹੈ ਕਿਉਂਕਿ ਆਪ ਜਿਹੇ ਕਰਮੀ ਮਹਾਰਾਜਾ ਦੀ ਹਿਫਾਜ਼ਤ ਬਹੁਤ ਜ਼ਰੂਰੀ ਹੈ, ਜਿਸ ਨਾਲ ਸਾਰਾ ਜਹਾਨ ਤੇ ਦੇਸ਼ ਚੱਲਦਾ ਹੈ। ਮਹਾਰਾਜਾ ਨੇ ਦਰਸਾਇਆ ਕਿ ਉਹ ਠੀਕ ਕਹਿੰਦੇ ਹਨ।

ਅਗਲੇ ਦਿਨ ਮਹਾਰਾਜਾ ਨੇ ਵਿਸ਼ੇਸ਼ ਦਰਬਾਰ ਬੁਲਾਇਆ ਅਤੇ ਆਪ ਬੀਤੀ ਦੱਸਦੇ ਹੋਏ ਰਾਜਾ ਧਿਆਨ ਸਿੰਘ ਵੱਲੋਂ ਦਰਸਾਈ ਗਈ ਬਹਾਦਰੀ ਬਿਆਨ ਕੀਤੀ। ਉਨ੍ਹਾਂ ਕਿਹਾ ਕਿ ਧਿਆਨ ਸਿੰਘ ਨੇ ਦੂਰ ਤੋਂ ਹੀ ਜਾਣ ਲਿਆ ਕਿ ਹਾਥੀ ਪਾਗਲ ਹੋ ਗਿਆ ਹੈ ਅਤੇ 'ਸਰਕਾਰ' ਪਾਸ ਪਹੁੰਚ ਕੇ ਉਸ ਹਾਥੀ ਨੂੰ ਰੋਕਣ ਲਈ ਆਪਣਾ ਹਾਥੀ ਉਸ ਨਾਲ ਦੋ ਜਾਂ ਤਿੰਨ ਵਾਰ ਜਾ ਟਕਰਾਇਆ ਜੋ ਬਹੁਤ ਹੀ ਬਹਾਦਰੀ ਤੇ ਹੌਂਸਲੇ ਵਾਲਾ ਕੰਮ ਸੀ। ਇਸੇ ਤਰ੍ਹਾਂ ਸਰਦਾਰ ਅਤਰ ਸਿੰਘ ਨੇ ਉਸ ਪਾਗਲ ਹਾਥੀ ਦੀ ਸੁੰਡ ਉੱਪਰ ਦੋ ਜਾਂ ਤਿੰਨ ਤਲਵਾਰ ਦੇ ਵਾਰ ਕੀਤੇ ਜੋ ਆਪਣੀ ਜਾਨ ਨੂੰ ਘੋਰ ਖ਼ਤਰੇ ਵਿਚ ਪਾਉਣਾ ਸੀ। ਉਨ੍ਹਾਂ ਹੋਰ ਦੱਸਿਆ ਕਿ ਉਸ ਹਫੜਾ-ਦਫੜੀ ਵਿਚ ਸਰਦਾਰ ਅਜੀਤ ਸਿੰਘ ਸੰਧਾਵਾਲੀਆ ਦਾ ਘੋੜਾ ਖਾਈ ਵਿਚ ਜਾ ਡਿੱਗਿਆ, ਪਰ ਉਹ ਖੜ੍ਹਾ ਹੋ ਗਿਆ ਤੇ ਸਿੱਧਾ 'ਸਰਕਾਰ' ਦੀ ਹਿਫਾਜ਼ਤ ਲਈ ਬੱਗੀ ਵੱਲ ਦੌੜਿਆ, ਜਦ ਕਿ ਉਹ ਹਾਥੀ ਬਹੁਤ ਨਜ਼ਦੀਕ ਆ ਚੁੱਕਾ ਸੀ। ਇਸ ਉਪਰੰਤ ਸਭ ਦਰਬਾਰੀਆਂ ਤੇ ਸਰਦਾਰਾਂ ਨੇ ਇਸ ਮੁਸੀਬਤ ਦੀ ਘੜੀ ਰੱਬ ਵੱਲੋਂ ਇਹ ਬਿਪਤਾ ਟਾਲਣ ਉੱਪਰ ਸ਼ੁਕਰਾਨਾ ਕੀਤਾ।

ਸਰੋਤ: ਸੋਹਨ ਲਾਲ ਸੂਰੀ, *ਉਮਦਤ-ਉਲ-ਤਵਾਰੀਖ਼* ■

*ਜਬ ਰਨ ਅਜੀਤ ਜੀਤ ਕੇ ਤਸ਼ਰੀਫ਼ ਲਾਏਂਗੇ*
*ਅੱਬਾ ਕੇ ਸਾਥ ਜਿਸ ਘੜੀ ਜੌਝਾਰ ਆਏਂਗੇ*
*ਕਰਕੇ ਗਿਲਾ ਹਰ ਏਕ ਸੇ ਹਮ ਰੂਠ ਜਾਏਂਗੇ*
*ਮਾਤ ਕਭੀ, ਪਿਤਾ ਕਭੀ ਭਾਈ ਮਾਨਏਂਗੇ*
*ਹਮ ਕੋ ਗਲੇ ਲਗਾ ਕੇ ਕਹੇਂਗੇ ਵੁਹ ਬਾਰ ਬਾਰ*
*ਮਾਨ ਜਾਓ ਲੇਕਿਨ ਹਮ ਨਹੀਂ ਮਾਨੇਂਗੇ ਜ਼ੀਨਹਾਰ (ਸ਼ਹੀਦਾਨਿ-ਵਫ਼ਾ)*

*ਗਾਗਰ 'ਚ ਸਾਗਰ-- ੬੯*

# ਪੋਖਿ ਮਹੀਨੇ ਰਾਹੀਂ ਗੁਰ ਉਪਦੇਸ਼

*-ਡਾ. ਇੰਦਰਜੀਤ ਸਿੰਘ ਗੋਗੋਆਣੀ**

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥*
*ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥ (ਪੰਨਾ ੧੩੫)*

ਪੋਖਿ ਦਾ ਮਹੀਨਾ ਬਾਰ੍ਹਾਂ ਮਹੀਨਿਆਂ ਅਨੁਸਾਰ ਦਸਵਾਂ ਮਹੀਨਾ ਹੈ। ਭਾਰਤੀ ਛੇ ਰੁੱਤਾਂ ਦੀ ਵੰਡ ਅਨੁਸਾਰ ਮੱਘਰ ਤੇ ਪੋਹ ਅੱਤ ਸਰਦ ਰੁੱਤ ਦੇ ਮਹੀਨੇ ਹਨ। 'ਸ੍ਰੀ ਗੁਰੂ ਗ੍ਰੰਥ ਕੋਸ਼' ਅਨੁਸਾਰ "ਪੋਹਿ: ਸੰਸਕ੍ਰਿਤ-ਪੌਖ। ਪ੍ਰਾਕ੍ਰਿਤ-ਪੋਸ। ਪੰਜਾਬੀ- ਪੋਹ। ਡਾਢੇ ਸਿਆਲੇ ਦਾ ਮਹੀਨਾ।" 'ਸਮ ਅਰਥ ਕੋਸ਼' ਵਿਚ ਪੋਹ ਦੇ ਸਮਾਨ ਅਰਥੀ ਸ਼ਬਦ-ਸਹਸਯ, ਪੂਸ, ਪੂਖ, ਪੋਸ, ਪੋਖ, ਤੈਖ ਤੇ ਪੌਖ ਆਦਿ ਹਨ। 'ਮਹਾਨ ਕੋਸ਼' ਅਨੁਸਾਰ ਪੋਖ-ਪੁਸ਼ਯ ਨਛਤ੍ਰ ਵਾਲੀ ਪੂਰਨਮਾਸੀ ਜਿਸ ਮਹੀਨੇ ਵਿਚ ਹੋਵੇ ਅਤੇ 'ਸੰਖਿਆ ਕੋਸ਼' ਅਨੁਸਾਰ "੨੭ ਨਛੱਤ੍ਰਾਂ ਵਿੱਚੋਂ ਨਛੱਤ੍ਰ 'ਪੁਸ਼ਯ' ਹੈ ਅਤੇ ਪੁਸ਼ਯ ਨਛੱਤ੍ਰ ਤੋਂ ਇਸ ਮਹੀਨੇ ਦਾ ਨਾਮ ਪੋਖਿ, ਪੋਸ, ਜਾਂ ਪੋਹ ਪ੍ਰਚੱਲਿਤ ਹੋਇਆ।"

ਸ੍ਰੀ ਗੁਰੂ ਨਾਨਕ ਦੇਵ ਜੀ ਬਾਰਹ ਮਾਹਾ ਤੁਖਾਰੀ ਵਿਚ ਪੋਹ ਮਹੀਨੇ ਪ੍ਰਥਾਇ ਇਉਂ ਉਪਦੇਸ਼ ਦ੍ਰਿੜ੍ਹਾਇਆ ਹੈ:

*ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ॥*
*ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ॥ (ਪੰਨਾ ੧੧੦੯)*

ਭਾਵ ਪੋਹ ਦੇ ਮਹੀਨੇ ਕੋਰਾ ਕੱਕਰ ਪੈ ਕੇ ਸਮੂਹ ਬਨਸਪਤੀ ਦੇ ਰਸ ਨੂੰ ਸੁਕਾਅ ਦਿੰਦਾ ਹੈ। ਇਸ ਸਮੇਂ ਬੇਨਤੀ ਹੈ ਕਿ ਹੇ ਪ੍ਰਭੂ! ਤੂੰ ਮੇਰੇ ਸਮੁੱਚੇ ਵਜੂਦ ਵਿਚ ਕਿਉਂ ਨਹੀਂ ਆ ਵੱਸਦਾ।

*ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ॥*
*ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥ (ਪੰਨਾ ੧੧੦੯)*

ਹੇ ਜਗਤ ਨੂੰ ਜੀਵਨ ਦੇਣ ਵਾਲੇ ਪ੍ਰਭੂ! ਤੂੰ ਹਰੇਕ ਦੇ ਤਨ ਮਨ ਵਿਚ ਵਿਆਪਕ ਹੈਂ ਅਤੇ ਚਾਰਾਂ ਖਾਣੀਆਂ ਦੇ ਹਰੇਕ ਜੀਵ ਵਿਚ ਤੇਰੀ ਹੀ ਜੋਤ ਸਮਾਈ ਹੋਈ ਹੈ।

*ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ॥*
*ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ॥ (ਪੰਨਾ ੧੧੦੯)*

ਹੇ ਦਇਆ ਦੇ ਪੁੰਜ ਦਾਤੇ ਪ੍ਰਭੂ! ਮੈਨੂੰ ਆਪਣਾ ਦਰਸ਼ਨ ਬਖ਼ਸ਼ੋ ਅਤੇ ਅਜਿਹੀ ਸੁਮੱਤ ਦਿਓ ਕਿ ਮੈਂ ਉੱਚੀ ਆਤਮਿਕ ਅਵਸਥਾ ਵਾਲਾ ਹੋ ਜਾਵਾਂ। ਅੰਤ ਗੁਰੂ ਜੀ ਫੁਰਮਾਉਂਦੇ ਹਨ ਕਿ ਪ੍ਰਭੂ ਪ੍ਰੇਮ ਵਾਲਾ ਉਹਦੇ ਪ੍ਰੇਮ ਰੰਗ ਵਿਚ ਰਸੀਆ ਬਣ ਕੇ ਪ੍ਰਭੂ ਮਿਲਾਪ ਦਾ ਅਨੰਦ ਮਾਣਦਾ ਹੈ।

ਪੋਹ ਦਾ ਮਹੀਨਾ ਅੱਤ ਦਾ ਠੰਡਾ ਹੋਣ ਕਰਕੇ ਲੋਕ-ਅਖਾਣ ਹੈ, 'ਪੋਹ ਪਾਲੇ ਦਾ ਰੋਹ' ਭਾਵ ਪੋਹ ਵਿਚ ਪਾਲਾ ਆਪਣੇ ਜੋਬਨ 'ਤੇ ਹੁੰਦਾ ਹੈ। ਇਹ ਦਿਨ ਬਹੁਤ ਛੋਟੇ ਹੁੰਦੇ ਹਨ ਤਾਂ ਲੋਕ ਸਿਆਣਪਾਂ 'ਚੋਂ ਅਖਾਣ ਬਣਿਆ, 'ਪੋਹ ਮਾਂਹ ਦੀ ਦਿਹਾੜੀ- ਚੁੱਲ੍ਹਾ ਚੌਕਾ ਤੇ ਬੁਹਾਰੀ' ਭਾਵ

**ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ। ਮੋ: +੯੧੯੮੧੫੯-੮੫੫੫੯*

ਇਸ ਮਹੀਨੇ ਦੇ ਦਿਨ ਰੋਟੀ ਟੁੱਕ ਤੇ ਬੁਹਾਰੀ ਕਰਦਿਆਂ ਹੀ ਬੀਤ ਜਾਂਦੇ ਹਨ। ਭਾਰਤੀ ਰੁੱਤਾਂ ਅਨੁਸਾਰ ਜੇ ਕਰ ਕੋਈ ਸੁਸਤ ਜਾਂ ਢਿੱਲੜ ਬੰਦਾ ਚਾਹੇ ਕਿ ਇਸ ਮਹੀਨੇ ਕੋਈ ਫਸਲ ਬੀਜੀ ਜਾ ਸਕਦੀ ਹੈ ਤਾਂ ਉਹਦੇ ਲਈ ਚੇਤਨਾ ਹੈ ਕਿ 'ਪੋਹ ਦੀ ਖੇਤੀ ਭੁੱਖ ਤੇ ਕਾਲ' ਭਾਵ ਇਸ ਮਹੀਨੇ ਬੀਜੀ ਫਸਲ ਦਾ ਕੋਈ ਫਾਇਦਾ ਨਹੀਂ ਅਤੇ ਇਹ ਅਖਾਣ ਵੀ ਹੈ, 'ਪੋਹ ਦੀ ਬਿਆਈ, ਜਿਹੀ ਘਰ ਆਈ ਜਿਹੀ ਨਾ ਆਈ।' ਇਹ ਲੋਕ ਸਿਆਣਪਾਂ ਵੀ ਸਮਾਜ ਲਈ ਜਾਗਰਤੀ ਦਾ ਰੂਪ ਹਨ।

'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਅਨੁਸਾਰ ਇਸ ਮਹੀਨੇ ਹਿੰਦੂ ਲੋਕ ਵਿਆਹ-ਸ਼ਾਦੀ ਜਾਂ ਕੋਈ ਹੋਰ ਮੰਗਲ ਕਾਰਜ ਨਹੀਂ ਕਰਦੇ। ਕੁਝ ਲੋਕਾਂ ਵਿਚ ਇਸ ਮਹੀਨੇ ਹਨ੍ਹੇਰੇ ਪੱਖ ਦੀ ਇਕਾਦਸ਼ੀ ਨੂੰ ਵਰਤ ਰੱਖਣ ਦੀ ਧਾਰਨਾ ਹੈ ਕਿ ਜੋ ਇਨਸਾਨ ਇਹ ਵਰਤ ਰੱਖੇਗਾ, ਉਸ ਦਾ ਇਹ ਜੀਵਨ ਅਤੇ ਅਗਲੇਰਾ ਜੀਵਨ ਸਫਲ ਹੋਵੇਗਾ। ਦੂਜੇ ਪਾਸੇ ਸਿੱਖ ਸੱਭਿਆਚਾਰ ਵਿਚ ਅਜਿਹੀਆਂ ਮੰਨਤਾਂ ਮਨਾਉਤਾਂ ਨੂੰ ਕੋਈ ਮਾਨਤਾ ਨਹੀਂ ਹੈ। ਪੋਹ ਦੇ ਮਹੀਨੇ ਪ੍ਰਤੀ ਗੁਰਮਤਿ ਵਿਚ ਸਾਨੂੰ ਕੀ ਉਪਦੇਸ਼ ਹੈ; ਇਹ ਵਿਚਾਰ ਕਰਦੇ ਹਾਂ। ਇਸ ਲੇਖ ਦੇ ਅਰੰਭ ਵਿਚ ਦਰਜ ਪੰਕਤੀਆਂ ਤੋਂ ਭਾਵ ਹੈ ਕਿ:

ਪੋਹ ਦੇ ਮਹੀਨੇ ਉਨ੍ਹਾਂ ਜੀਵਨ ਇਸਤਰੀਆਂ ਨੂੰ ਪਾਲਾ ਕੱਕਰ ਪ੍ਰਭਾਵਿਤ ਨਹੀਂ ਕਰਦਾ, ਜਿਨ੍ਹਾਂ ਨੂੰ ਪ੍ਰਭੂ ਪਤੀ ਗ਼ਲ ਲੱਗ ਕੇ ਆ ਮਿਲਿਆ ਹੋਵੇ। ਜਿਸ ਜੀਵ ਦਾ ਮਨ ਪ੍ਰਭੂ ਚਰਨ ਕਮਲਾਂ ਦੀ ਪ੍ਰੀਤ ਵਿਚ ਵਿੰਨ੍ਹਿਆ ਗਿਆ ਹੋਵੇ, ਉਸ ਦਾ ਇੱਕ-ਇੱਕ ਸਾਹ ਦਰਸ਼ਨਾਂ ਦੀ ਤਾਂਘ ਵਿਚ ਲੱਗਾ ਰਹਿੰਦਾ ਹੈ।

*ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥*
*ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥* *(ਪੰਨਾ ੧੩੫)*

ਅਜਿਹੇ ਜੀਵ ਸ੍ਰਿਸ਼ਟੀ ਦੇ ਪਾਲਕ ਪ੍ਰਭੂ ਦੀ ਟੇਕ ਉੱਤੇ ਜੀਵਨ ਬਤੀਤ ਕਰਦੇ ਹਨ ਅਤੇ ਮਾਲਕ ਦੀ ਸੇਵਾ, ਸਿਮਰਨ ਨੂੰ ਹੀ ਜੀਵਨ ਦਾ ਲਾਹਾ ਸਮਝਦੇ ਹਨ। ਜਦ ਉਹ ਰੱਬੀ ਗੁਣ ਗਾਇਨ ਕਰਦੇ ਹਨ ਤਾਂ ਸੰਸਾਰੀ ਰਸ-ਕਸ ਉਨ੍ਹਾਂ ਉੱਪਰ ਅਸਰ ਨਹੀਂ ਪਾ ਸਕਦੇ।

*ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥*
*ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ॥* *(ਪੰਨਾ ੧੩੫)*


ਐਸੇ ਜੀਵਾਂ ਦੀ ਆਤਮਾ ਜਿਸ ਜੋਤ ਵਿੱਚੋਂ ਉਪਜੀ ਸੀ, ਉੱਥੇ ਮਿਲੀ ਰਹਿੰਦੀ ਹੈ ਤੇ ਸੱਚੀ ਪ੍ਰੀਤ ਸਦਕਾ ਮਨ ਵਿਚ ਖੇੜਾ ਬਣਿਆ ਰਹਿੰਦਾ ਹੈ। ਪ੍ਰਭੂ ਨੇ ਜੋ ਜੀਵ ਇਸਤਰੀ ਦਇਆ ਕਰ ਕੇ ਅਪਣਾ ਲਈ, ਉਹ ਕਦੀ ਫਿਰ ਉਸ ਤੋਂ ਵਿਛੜਦੀ ਨਹੀਂ।

*ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥*
*ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥*
*ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ॥* *(ਪੰਨਾ ੧੩੫)*

ਅੱਗੇ ਸਤਿਗੁਰੂ ਫੁਰਮਾਉਂਦੇ ਹਨ ਕਿ ਮੈਂ ਉਸ ਅਗਮ-ਅਗਾਹ ਪ੍ਰਭੂ ਤੋਂ ਲੱਖਾਂ ਵਾਰੀ ਸਦਕੇ ਜਾਂਦੀ ਹਾਂ, ਜਿਸ ਨੇ ਮੇਰੀ ਦਰ ਢੱਠੀ ਦੀ ਲਾਜ ਰੱਖ ਲਈ। ਇਸ ਤਰ੍ਹਾਂ ਪੋਹ ਦਾ ਮਹੀਨਾ ਉਸ ਲਈ ਸੁਹਾਵਣਾ ਤੇ ਸਾਰੇ ਸੁੱਖਾਂ ਦੀ ਬਖ਼ਸ਼ਿਸ਼ ਵਾਲਾ ਹੋ ਜਾਂਦਾ ਹੈ, ਜਿਸ ਉੱਤੇ ਪ੍ਰਭੂ ਆਪਣੀ ਮਿਹਰ ਕਰ ਦੇਵੇ। ■

*ਗੁਰਮਤਿ ਸਾਹਿਤ ਦੇ ਰੂ-ਬਰੂ-- ੮*

# ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ




*-ਡਾ. ਅਮਰਜੀਤ ਕੌਰ**

ਪੁਸਤਕ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਭਿਨੰਦਨ' ਦੇ ਸੰਪਾਦਕ ਦੇਵਿੰਦਰ ਸਿੰਘ ਵਿਦਿਆਰਥੀ ਹਨ। ਇਸ ਪੁਸਤਕ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਵੱਲੋਂ ਪਹਿਲੀ ਵਾਰ ਸੰਨ ੧੯੯੩ ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ ਸੀ। ਜਿਸ ਦੀ ਕੀਮਤ ੫੨ ਰੁਪਏ (ਡੀਲਕਸ ਐਡੀਸ਼ਨ) ਅਤੇ ੪੫ ਰੁਪਏ (ਸਾਧਾਰਨ ਪੇਪਰ) ਹੈ। ਇਸ ਪੁਸਤਕ ਦੇ ਕੁੱਲ ੫੦੮ ਪੰਨੇ ਹਨ।

ਡਾ. ਦੇਵਿੰਦਰ ਸਿੰਘ ਵਿਦਿਆਰਥੀ (੧੬ ਅਕਤੂਬਰ, ੧੯੧੭ ਈ.- ੧੩ ਸਤੰਬਰ, ੧੯੯੭ ਈ.) ਵਰਗੀ ਪ੍ਰਤਿਭਾਵਾਨ, ਬੇਬਾਕ ਅਤੇ ਸੁਲਝੀ ਹੋਈ ਸਖਸ਼ੀਅਤ ਕਿਸੇ ਤੁਅੱਰਫ ਦੀ ਮੁਥਾਜ ਨਹੀਂ ਹੈ। ਆਪ ਦਾ ਸਮੁੱਚਾ ਜੀਵਨ ਸਿੱਖ ਚਿੰਤਨ ਨੂੰ ਸਮਰਪਿਤ ਰਿਹਾ ਹੈ। ਆਪ ਨੇ ਪੰਜਾਬੀ ਅਤੇ ਹਿੰਦੀ ਦੋਵੇਂ ਭਾਸ਼ਾਵਾਂ ਵਿਚ ਹੀ ਵਾਰਤਕ, ਅਲੋਚਨਾ ਅਤੇ ਅਨੁਵਾਦ ਆਦਿ ਦੇ ਕਾਰਜ ਕੀਤੇ। 'ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ' ਪੁਸਤਕ ਆਪ ਦਾ ਵਡਮੁੱਲਾ ਕਾਰਜ ਹੈ। ਇਹ ਪੁਸਤਕ ੧੦੧ ਕਵੀਆਂ ਦੇ ਜੀਵਨ ਵੇਰਵੇ ਅਤੇ ਉਨ੍ਹਾਂ ਦੁਆਰਾ ਕੀਤੀ ਗਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਿਮਾ ਨਾਲ ਸੰਬੰਧਿਤ ਹੈ। ਇਨ੍ਹਾਂ ੧੦੧ ਕਵੀਆਂ ਵਿਚ ਗੁਰੂ ਜੀ ਦੇ ਹਜ਼ੂਰੀ ਕਵੀ, ਸਮਕਾਲੀ ਅਤੇ ਨਿਕਟ ਸਮਕਾਲੀ ਕਵੀ ਹਨ। ਇਹ ਰਚਨਾਵਾਂ ਸਤਾਰ੍ਹਵੀਂ ਸਦੀ ਦੇ ਅੰਤਲੇ ਚਰਨ ਤੋਂ ਵੀਹਵੀਂ ਸਦੀ ਦੇ ਪਹਿਲੇ ਚਰਨ ਤਕ ਦੀ ਰਚਨਾ ਵਿੱਚੋਂ ਸ਼ਾਮਲ ਕੀਤੀਆਂ ਗਈਆਂ ਹਨ।

ਵਿਚਾਰ ਅਧੀਨ ਪੁਸਤਕ ਦੇ ਪਹਿਲੇ ਅਧਿਆਇ ਵਿਚ ਗੁਰੂ ਸਾਹਿਬ ਦੇ ਦਰਬਾਰੀ ਕਵੀਆਂ ਵਿੱਚੋਂ ਹੰਸਰਾਮ ਕੁੰਵਰੇਸ਼, ਮੰਗਲ ਰਾਇ, ਅੰਮ੍ਰਿਤ ਰਾਇ, ਚੰਦ, ਹੀਰ, ਅਣੀਰਾਇ ਅਤੇ ਸੈਨਾਪਤਿ ਦੀਆਂ ਰਚਨਾਵਾਂ ਵਿੱਚੋਂ ੩੯ ਛੰਦ ਲਏ ਗਏ ਹਨ। ਦੂਸਰੇ ਅਧਿਆਇ ਵਿਚ ਗੁਰੂ ਸਾਹਿਬ ਦੇ ਸਮਕਾਲੀ ਕਵੀਆਂ ਕੰਕਣ ਕਵਿ, ਕਵਿ ਰਾਜ ਮਹਾਪਾਤ, ਰਾਮ ਕਵਿ, ਕਾਸੀ ਰਾਮ, ਸੋਹਨ ਕਵਿ, ਕਵਿ ਕੋਇਰ ਸਿੰਘ ਕਲਾਲ, ਤੋਲਾ ਸਿੰਘ ਭੱਲਾ, ਸਰੂਪ ਦਾਸ ਭੱਲਾ, ਗੁਲਾਬ ਸਿੰਘ ਸੰਤ, ਜਗਨ ਨਾਥ ਸਰਸ੍ਵਤੀ, ਸੀਤਲ ਕਵਿ, ਸੁੱਖਾ ਸਿੰਘ, ਸੂਰਤ ਸਿੰਘ ਦੀਵਾਨ, ਕੁਬੇਰ ਕਵਿ, ਸੁਰਤ ਰਾਮ ਕਵੀਆਂ ਦੇ ਜੀਵਨ ਅਤੇ ਰਚਨਾ ਅੰਸ਼ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਵਿੱਚੋਂ ਕੁਝ ਕਵੀਆਂ ਦੀ ਹਜ਼ੂਰੀ ਕਵੀ ਹੋਣ ਦੀ ਸੰਭਾਵਨਾ ਵੀ ਸੰਪਾਦਕ ਨੇ ਪ੍ਰਗਟ ਕੀਤੀ ਹੈ।

---

**ਰਿਸਰਚ ਸਕਾਲਰ, ਸਿੱਖ ਇਤਿਹਾਸ ਰਿਸਰਚ ਬੋਰਡ, ਸ੍ਰੀ ਅੰਮ੍ਰਿਤਸਰ। ਮੋ: +੯੧੯੮੫੫੫-੧੯੭੧੯*

ਤੀਸਰੇ ਅਧਿਆਇ ਵਿਚ ਰਾਮ ਦਾਸ ਬਾਵਾ, ਵੀਰ ਸਿੰਘ ਬੱਲ, ਗਣੇਸ਼ ਕਵਿ, ਦਲ ਸਿੰਘ ਪੱਤ੍ਰ ਪੰਡਰੀਕ, ਜੈ ਸਿੰਘ ਸੈਣੀ, ਸ਼ਿਵ ਦਿਆਲ, ਬੁੱਧ ਸਿੰਘ, ਸੰਤੋਖ ਸਿੰਘ ਭਾਈ, ਰਾਮ ਸੁਖ ਦਾਸ ਰਾਇ ਆਦਿ ੨੨ ਕਵੀਆਂ ਬਾਰੇ ਵੇਰਵੇ ਦਿੱਤੇ ਗਏ ਹਨ। ਇਨ੍ਹਾਂ ਕਵੀਆਂ ਵਿੱਚੋਂ ਵਧੇਰੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਪਟਿਆਲਾ, ਨਾਭਾ, ਜੀਂਦ, ਕਪੂਰਥਲਾ ਦੇ ਦਰਬਾਰੀ ਕਵੀ ਹਨ। ਚੌਥੇ ਅਧਿਆਇ ਵਿਚ ਬੁੱਧ ਸਿੰਘ ਸਸ਼ਿਜ ਮ੍ਰਿਗਿੰਦ, ਟਹਲ ਸਿੰਘ, ਦੇਵਾ ਸਿੰਘ, ਸਾਧੂ ਸਿੰਘ ਭੱਲਾ, ਗੰਡਾ ਸਿੰਘ ਸੋਢੀ, ਦੀਵਾਨ ਸਿੰਘ ਸੋਢੀ, ਬਿਸ਼ਨ ਸਿੰਘ, ਗਿਆਨੀ ਜੋਧ ਸਿੰਘ, ਲਾਹੌਰਾ ਸਿੰਘ, ਤਾਰਾ ਸਿੰਘ, ਮੋਤਾ ਸਿੰਘ ਬੰਨੋਆਣੀਆਂ, ਹਾਕਮ ਕਵੀ, ਪ੍ਰਤਾਪ ਸਿੰਘ, ਨਿਹਾਲ ਸਿੰਘ, ਦਿੱਤ ਸਿੰਘ ਗਿਆਨੀ, ਭਗਵਾਨ ਹਰਿ ਆਦਿ ੨੯ ਕਵੀ ਸ਼ਾਮਲ ਹਨ। ਇਹ ਕਵੀ ਕਿਸੇ ਸਿੱਖ ਰਿਆਸਤ ਦੇ ਦਰਬਾਰ ਨਾਲ ਸੰਬੰਧਿਤ ਨਹੀਂ ਹਨ। ਪੰਜਵੇਂ ਅਧਿਆਇ ਵਿਚ ਦੁਰਗਾ ਦਾਸ ਪੰਡਿਤ, ਹਰਨਾਮ ਸਿੰਘ, ਪ੍ਰੇਮ ਸਿੰਘ ਭਾਈ, ਪ੍ਰੇਮ ਸਿੰਘ ਸੰਤ ਰੇਣ, ਹਰਭਜਨ ਸਿੰਘ ਸੰਤ, ਦੇਵਿੰਦ੍ਰ ਸਿੰਘ ਬੇਦੀ, ਰਿਪੁਦਮਨ ਸਿੰਘ, ਮਹਾਰਾਜਾ ਮੰਗਲ ਸਿੰਘ, ਭਾਈ ਮੁਣਸ਼ਾ ਸਿੰਘ, ਮੈਥਿਲੀ ਸ਼ਰਨ ਗੁਪਤ ਆਦਿ ੨੩ ਕਵੀਆਂ ਦੇ ਵੇਰਵੇ ਅੰਕਿਤ ਕੀਤੇ ਗਏ ਹਨ। ਛੇ ਛੰਦ ਅੰਤਲੇ ਅਧਿਆਇ ਵਿਚ ਸ਼ਾਮਲ ਕੀਤੇ ਗਏ ਹਨ, ਇਨ੍ਹਾਂ ਦੇ ਕਵੀਆਂ ਦੇ ਨਾਮ ਮਾਲੂਮ ਨਹੀਂ ਹਨ।

ਇਨ੍ਹਾਂ ਕਵੀਆਂ ਨੇ ਗੁਰੂ ਨਗਰੀ ਅਨੰਦਪੁਰ ਸਾਹਿਬ ਦੀ ਸੁੰਦਰਤਾ, ਗੁਰੂ ਸਾਹਿਬ ਦੇ ਸਰੂਪ, ਰਾਜਸੀ ਠਾਠ-ਬਾਠ ਅਤੇ ਉਨ੍ਹਾਂ ਦੀ ਅਧਿਆਤਮਕ ਸ਼ਖ਼ਸੀਅਤ ਆਦਿ ਵਿਸ਼ਿਆਂ ਨੂੰ ਛੋਹਿਆ ਹੈ। ਇਨ੍ਹਾਂ ਨੇ ਗੁਰੂ ਸਾਹਿਬ ਦੇ ਸ਼ਸਤਰਾਂ ਅਤੇ ਉਨ੍ਹਾਂ ਦੁਆਰਾ ਕੀਤੇ ਕਾਰਜਾਂ ਦੀ ਉਸਤਤੀ ਵੀ ਕੀਤੀ ਹੈ। ਕੁਝ ਕਵੀਆਂ ਨੇ ਗੁਰੂ ਸਾਹਿਬ ਦੀ ਸ਼ਰਨ ਸੂਰ, ਜਗਪੁਰ, ਭੂਰਿ ਮੁਖਿ, ਖਲਜਨ ਖੰਡਿਤ, ਧਨੁਖਧਾਰੀ ਆਦਿ ਉਪਮਾਨਾਂ ਨਾਲ ਵੀ ਉਸਤਤ ਕੀਤੀ ਹੈ। ਇਨ੍ਹਾਂ ਰਚਨਾਵਾਂ ਵਿਚ ਬ੍ਰਿਜ ਭਾਸ਼ਾ ਦੀ ਪ੍ਰਮੁੱਖਤਾ ਹੈ, ਪਰ ਉਸ ਨਾਲ ਹਿੰਦੀ ਦੀਆਂ ਲੱਗਭਗ ਸਾਰੀਆਂ ਉਪਬੋਲੀਆਂ ਦੀ ਵਰਤੋਂ ਵੀ ਕੀਤੀ ਗਈ ਹੈ। ਸਮੁੱਚੇ ਰੂਪ ਵਿਚ ਇਹ ਪੁਸਤਕ ਖੋਜਾਰਥੀਆਂ ਅਤੇ ਪੁਰਾਤਨ ਗ੍ਰੰਥਾਂ ਸੰਬੰਧੀ ਜਗਿਆਸਾ ਰੱਖਣ ਵਾਲੇ ਪਾਠਕਾਂ ਲਈ ਬਹੁਤ ਲਾਹੇਵੰਦ ਹੈ। ■

*ਇਕਰਾਰ ਲੇਂਗੇ ਸਬ ਸੇ ਭੁਲਾਨਾ ਨ: ਫਿਰ ਕਭੀ*
*ਬਾਰਿ-ਦਿਗਰ ਬਿਛੜ ਕੇ ਸਤਾਨਾ ਨ: ਫਿਰ ਕਭੀ*
*ਹਮ ਕੋ ਅਕੇਲੇ ਛੋੜ ਕੇ ਜਾਨਾ ਨ: ਫਿਰ ਕਭੀ*
*ਕਹ ਦੇਤੇ ਹੈਂ ਯੋਂ ਹਮ ਕੋ ਰੁਲਾਨਾ ਨ: ਫਿਰ ਕਭੀ*
*ਬੱਚੋਂ ਕੀ ਗੁਫ਼ਤਗੁ ਜੋ ਸੁਨੀ ਦਾਦੀ ਜਾਨ ਨੇ*
*ਬੇਇਖ਼ਤਿਯਾਰ ਰੋ ਦਿਯਾ ਇਸ ਵਾਲਾ-ਸ਼ਾਨ ਨੇ*

*(ਸ਼ਹੀਦਾਨਿ-ਵਫ਼ਾ)*

# ਅੰਤਰਰਾਸ਼ਟਰੀ ਸਿੱਖ ਬਿਰਤਾਂਤ

ਕੈਨੇਡਾ ਦੇ ਸ਼ਹਿਰ ਸਰੀ ਵਿਖੇ ਪਿਛਲੇ ਸਮੇਂ ਲੋਕ ਅਰਪਣ ਕੀਤੇ ਗਏ 'ਪੰਜਾਬ ਭਵਨ' ਵਿਚ ਪ੍ਰਸਿੱਧ ਸੰਤ-ਕਵੀ ਅਤੇ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਭਾਈ ਵੀਰ ਸਿੰਘ ਜੀ ਅਤੇ ਪੰਜਾਬੀ ਦੇ ਪ੍ਰਸਿੱਧ ਸਿੱਖ ਸਾਹਿਤਕਾਰ ਤੇ ਇਤਿਹਾਸਕਾਰਾਂ ਜਿਵੇਂਕਿ ਭਾਈ ਸੰਤੋਖ ਸਿੰਘ ਜੀ, ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ, ਪ੍ਰਿੰ. ਜੋਧ ਸਿੰਘ, ਡਾ. ਗੰਡਾ ਸਿੰਘ, ਪ੍ਰੋ. ਗੁਰਮੁਖ ਸਿੰਘ ਤੋਂ ਇਲਾਵਾ ਪੰਜਾਬੀ ਦੇ ਹੋਰ ਸਾਹਿਤਕਾਰਾਂ ਦੀਆਂ ਤਸਵੀਰਾਂ ਵੀ ਸਥਾਪਿਤ ਕੀਤੀਆਂ ਗਈਆਂ। ਇੱਥੇ ਇਹ ਜ਼ਿਕਰਯੋਗ ਹੈ ਕਿ ਸਰੀ ਦੇ ਫਰੇਜ਼ਰ ਹਾਈਵੇ ਸਥਿਤ ਪੰਜਾਬ ਭਵਨ ਨੂੰ ਪੰਜਾਬੀਆਂ ਦੀ ਸਾਹਿਤਕ, ਸੱਭਿਆਚਾਰਕ ਤੇ ਹੋਰ ਸਰਗਰਮੀਆਂ ਲਈ ਇਕ ਪ੍ਰਮੁੱਖ ਕੇਂਦਰ ਵਜੋਂ ਵਿਕਸਿਤ ਕੀਤਾ ਜਾਵੇਗਾ। (*ਸਪਤਾਹਿਕ ਖਾਲਸਾ ਸਮਾਚਾਰ,* ੬-੧੨ ਅਕਤੂਬਰ, ੨੦੧੬)

ਵਿਦੇਸ਼ਾਂ ਵਿਚ ਸਿੱਖਾਂ (ਅਤੇ ਹੋਰ ਪਰਵਾਸੀਆਂ) ਨਾਲ ਜੋ ਨਸਲੀ ਹਮਲੇ ਹੁੰਦੇ ਹਨ, ਉਨ੍ਹਾਂ ਨੂੰ ਠੱਲ ਪਾਉਣ ਲਈ ਕੈਲੇਫੋਰਨੀਆ ਦੇ ਗਵਰਨਰ ਜੈਰੀ ਬਰਾਊਨ ਨੇ ਏ ਬੀ ੨੮੪੫ ਐਕਟ ਉੱਤੇ ਸਹੀ ਪਾ ਦਿੱਤੀ ਹੈ। "ਇਸ ਐਕਟ ਦਾ ਮਕਸਦ ਦੱਖਣੀ ਏਸ਼ੀਅਨ, ਮੁਸਲਿਮ ਤੇ ਸਿੱਖ ਵਿਦਿਆਰਥੀਆਂ ਅਤੇ ਇਨ੍ਹਾਂ ਦੇ ਭੁਲੇਖੇ ਵਿਚ ਨਫ਼ਰਤੀ ਹਮਲਿਆਂ ਦਾ ਸ਼ਿਕਾਰ ਹੋਣ ਵਾਲੇ ਹੋਰਨਾਂ ਬੱਚਿਆਂ ਨੂੰ ਸੁਰੱਖਿਆ ਮੁਹੱਈਆ ਕਰਵਾਉਣਾ ਹੈ।" ਪ੍ਰਾਪਤ ਖ਼ਬਰ ਤੋਂ ਇਹ ਪਤਾ ਚੱਲਦਾ ਹੈ ਕਿ "ਏ ਬੀ ੨੮੪੫ ਐਕਟ ਜਨਤਕ ਸਕੂਲਾਂ ਵਿਚ ਇਹ ਯਕੀਨੀ ਬਣਾਉਂਦਾ ਹੈ ਕਿ ਕੋਈ ਵੀ ਵਿਦਿਆਰਥੀ ਕਿਸੇ ਵੀ ਧਰਮ ਦਾ ਪਾਲਣਾ ਕਰ ਸਕਦਾ ਹੈ।" (*ਪੰਜਾਬੀ ਟ੍ਰਿਬਿਊਨ,* ੫ ਅਕਤੂਬਰ, ੨੦੧੬)

ਇਸ ਤੋਂ ਅਗਲੀ ਖ਼ਬਰ ਵੀ ਸਿੱਖਾਂ ਲਈ ਬੇਹੱਦ ਫਖ਼ਰ ਯੋਗ ਹੈ ਜਿਸ ਵਿਚ ਇਹ ਦੱਸਿਆ ਗਿਆ ਹੈ ਕਿ ਸਿੱਖ ਭਾਈਚਾਰੇ ਦੀ ਚਿਰੋਕਣੀ ਮੰਗ ਮੰਨਦੇ ਹੋਏ "ਅਮਰੀਕਾ ਨੇ ਸਿੱਖਾਂ ਨੂੰ ਦੇਸ਼ ਦੀਆਂ ਹਥਿਆਰਬੰਦ ਸੈਨਾਵਾਂ ਵਿਚ ਦਸਤਾਰ ਅਤੇ ਦਾੜ੍ਹੀ ਤੋਂ ਇਲਾਵਾ ਸਿੱਖ ਧਰਮ ਦੇ ਕਕਾਰਾਂ ਸਮੇਤ (ਸਿੱਖੀ ਸਰੂਪ ਵਿਚ) ਸੇਵਾ ਨਿਭਾਉਣ ਦੀ ਇਜਾਜ਼ਤ ਦੇ ਦਿੱਤੀ ਹੈ।" (*ਅਜੀਤ,* ੯ ਅਕਤੂਬਰ, ੨੦੧੬)

"ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਹਾਂਗਕਾਂਗ ਦੀਆਂ ਸੰਗਤਾਂ ਵੱਲੋਂ ਗੁਰਦੁਆਰਾ ਖਾਲਸਾ ਦੀਵਾਨ ਤੋਂ ਸ਼ਿੰਗ-ਯੀ ਤਕ ਸਜਾਇਆ ਗਿਆ।" ਇਸ ਸਬੰਧ ਵਿਚ ਹਾਂਗਕਾਂਗ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਵੀ ਕਰਵਾਏ ਗਏ। (*ਅਜੀਤ,* ੧੬ ਅਕਤੂਬਰ, ੨੦੧੬)

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਸਿੰਘ ਸਭਾ ਕਾਸਤਲਗੌਮਬੈਰਤੋ (ਵਿਚੈਸਾ) ਇਟਲੀ ਵਿਚ ਵਿਸ਼ੇਸ਼ ਸਮਾਗਮ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਈਆਂ। ਭਾਰਤ ਤੋਂ ਵਿਸ਼ੇਸ਼ ਤੌਰ 'ਤੇ ਕਵੀਸ਼ਰੀ ਜਥੇ ਵੀ ਪਹੁੰਚੇ।

ਇਸੇ ਤਰ੍ਹਾਂ "ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ ਕੈਲਗਰੀ (ਅਮਰੀਕਾ)

ਵਿਖੇ ਵੀ ਸੰਗਤਾਂ ਵੱਲੋਂ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ ਗਿਆ। ਜਿਸ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਮਤਿ ਦੀਵਾਨ ਸਜਾਇਆ ਗਿਆ। (*ਅਜੀਤ*, ੧੧,੧੮ ਅਕਤੂਬਰ, ੨੦੧੬)

ਸਿੱਖ ਇਕ ਵੱਖਰੀ ਤੇ ਨਿਆਰੀ ਕੌਮ ਹੈ ਜੋਕਿ ਪੂਰੀ ਦੁਨੀਆ ਵਿਚ ਆਪਣੀ ਬਹਾਦਰੀ ਤੇ ਸਪਿਰਟ ਕਰਕੇ ਜਾਣੀ ਜਾਂਦੀ ਹੈ, ਜਿਸ ਕਾਰਨ ਇਸ ਕੌਮ ਦਾ ਲੋਹਾ ਪੂਰੀ ਦੁਨੀਆ ਮੰਨਦੀ ਹੈ। ਆਪਣੀ ਇਸੇ ਸਪਿਰਟ ਅਤੇ ਬਹਾਦਰੀ ਦਾ ਸਬੂਤ ਦਿੰਦੇ ਹੋਏ ਕੌਮ ਦੇ ਇਕ ਸਿੱਖ ਨੌਜਵਾਨ ਸ. ਸਤਵੰਤ ਸਿੰਘ ਸਿਆਣ ਨੇ "ਆਕਲੈਂਡ ਤੋਂ ੩੦੦ ਕਿਲੋਮੀਟਰ ਦੂਰ ਸਕਾਈ ਟਾਪੋ ਤੋਂ ਸਕਾਈਡਾਈਵਰ ਰਾਹੀਂ ਅਸਮਾਨ ਤੋਂ ੧੫੦੦੦ ਫੁੱਟ ਤੋਂ (ਦਸਤਾਰ ਸਮੇਤ) ਛਾਲ ਮਾਰਨ ਦਾ ਰਿਕਾਰਡ ਬਣਾਇਆ ਹੈ। ਸ. ਸਤਵੰਤ ਸਿੰਘ ਦਾ ਕਹਿਣਾ ਹੈ ਕਿ ਇਹ ਸਭ ਕੁਝ ਉਸ ਨੇ ਨੌਜਵਾਨਾਂ ਵਿਚ ਦਸਤਾਰ ਪ੍ਰਤੀ ਉਤਸ਼ਾਹ ਪੈਦਾ ਕਰਨ ਲਈ ਕੀਤਾ ਹੈ। ਛਾਲ ਮਾਰਨ ਤੋਂ ਪਹਿਲਾਂ ਸਕਾਈਡਾਈਵਰ ਦੇ ਵਰਕਰਾਂ ਵੱਲੋਂ ਉਸ ਨੂੰ ਰੱਖਿਆ (ਸੁਰੱਖਿਆ ਕਾਰਨਾਂ ਕਰਕੇ) ਪੱਗ ਉਤਾਰਨ ਲਈ ਕਿਹਾ ਗਿਆ ਸੀ ਪਰ ਉਸ ਨੇ (ਸ. ਸਤਵੰਤ ਸਿੰਘ) ਨੇ ਕਿਹਾ ਕਿ ਉਹ ਇਹ ਸਭ ਕੁਝ ਦਸਤਾਰ ਦੀ ਖਾਤਰ ਹੀ ਕਰ ਰਿਹਾ ਹੈ।" ਇੱਥੇ ਇਹ ਵੀ ਜ਼ਿਕਰਯੋਗ ਹੈ ਕਿ "ਇਸ ਤੋਂ ਪਹਿਲਾਂ ਆਸਟ੍ਰੇਲੀਆ ਵਿਚ ਵੀ ਇਕ ਸਿੱਖ ਨੌਜਵਾਨ ਨੇ ੧੪੦੦੦ ਫੁੱਟ ਤੋਂ ਛਾਲ ਮਾਰ ਕੇ ਰਿਕਾਰਡ ਬਣਾਇਆ ਸੀ।

(*ਅਜੀਤ*, ੨੦ ਅਕਤੂਬਰ, ੨੦੧੬)

ਅਮਰੀਕਾ ਵਿਚ ਸਿੱਖਾਂ ਵਿਰੁੱਧ ਨਸਲੀ ਹਮਲਿਆਂ ਕਾਰਨ ਆ ਰਹੀਆਂ ਮੁਸ਼ਕਿਲਾਂ ਅਤੇ ਅਮਰੀਕੀ ਲੋਕਾਂ ਵਿਸ਼ੇਸ਼ ਕਰ ਕੇ ਜੋ ਸਿੱਖਾਂ ਨਾਲ ਨਸਲੀ ਵਿਤਕਰਾ ਕਰਦੇ ਹਨ, ਨੂੰ ਜਾਗਰੂਕ ਕਰਨ ਲਈ "ਕੈਲੀਫੋਰਨੀਆ ਦੀ ਯੂਬਾ ਸਿਟੀ ਵਿਚ ਸਿੱਖ ਭਾਈਚਾਰੇ ਨੇ ਅਮਰੀਕੀਆਂ ਨੂੰ ਸਿੱਖ ਧਰਮ ਬਾਰੇ ਜਾਗਰੂਕ ਕਰਨ ਲਈ ਇਕ ਕੌਮੀ ਮੁਹਿੰਮ ਤਹਿਤ ੧੩੫੦੦੦ ਡਾਲਰ ਇਕੱਤਰ ਕੀਤੇ ਹਨ।" ਇਸ ਇਕੱਤਰ ਕੀਤੀ ਗਈ ਮਾਇਆ ਦੀ ਮਨਸ਼ਾ ਅਮਰੀਕਾ ਸਮੇਤ ਪੂਰੀ ਦੁਨੀਆ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਪ੍ਰਦਾਨ ਕਰਨ ਦੀ ਹੈ। (*ਪੰਜਾਬੀ ਟ੍ਰਿਬਿਊਨ*, ੨੨ ਅਕਤੂਬਰ, ੨੦੧੬)

ਅਗਲੀ ਖ਼ਬਰ ਗੁਆਂਢੀ ਮੁਲਕ ਪਾਕਿਸਤਾਨ ਦੀ ਹੈ ਜਿੱਥੇ "ਪਿਸ਼ਾਵਰ ਦੇ ਗੁਰਦੁਆਰਾ ਭਾਈ ਜੋਗਾ ਸਿੰਘ ਦੇ ਦੀਵਾਨ ਹਾਲ ਵਿਖੇ ਰੱਖੇ ਸਮਾਗਮ ਦੌਰਾਨ ਭਾਈ ਜੋਗਾ ਸਿੰਘ ਖਾਲਸਾ ਧਾਰਮਿਕ ਸਕੂਲ ਅਤੇ ਗੁਰੂ ਅੰਗਦ ਦੇਵ ਜੀ ਖਾਲਸਾ ਧਾਰਮਿਕ ਸਕੂਲ ਦੇ ੧੧੪ ਹੋਣਹਾਰ ਸਿੱਖ ਵਿਦਿਆਰਥੀਆਂ ਨੂੰ ਮਹਿਕਮਾ ਔਕਾਫ਼ ਵੱਲੋਂ ਵਜ਼ੀਫਾ ਤੇ ਸਰਟੀਫਿਕੇਟ ਦਿੱਤੇ ਗਏ।" (*ਪੰਜਾਬੀ ਟ੍ਰਿਬਿਊਨ*, ੨੪ ਅਕਤੂਬਰ, ੨੦੧੬)

*ਪੇਸ਼ਕਸ਼:*
*-ਬਿਕਰਮਜੀਤ ਸਿੰਘ ਜੀਤ*
*ਸ੍ਰੀ ਅੰਮ੍ਰਿਤਸਰ।*
*ਮੋ: +੯੧੮੭੨੭੮-੦੦੩੭੨*

*ਕਿਸ਼ਤ ਪੰਜਵੀਂ*

# ਜੰਗਨਾਮਾ

## (ਦੂਸਰਾ ਸਿੱਖ-ਅੰਗਰੇਜ਼ ਯੁੱਧ)

*-ਲੈਫ. ਪਰਸ਼ੋਤਮ ਸਿੰਘ ਲੱਲੀ**

੪੦

ਮੂਲਰਾਜ ਨੇ ਲਿਆ ਅਸਤੀਫਾ ਵਾਪਸ,
ਬਣਿਆ ਬਗਾਵਤ ਦਾ ਉਹ ਸਰਦਾਰ ਮੀਆਂ।
ਐਡਵਰਡ ਨੂੰ ਜਦੋਂ ਸੀ ਖ਼ਬਰ ਹੋਈ,
ਤੁਰੰਤ ਜੰਗ ਨੂੰ ਹੋਇਆ ਤਿਆਰ ਮੀਆਂ।
ਕੋਰਟਲੈਂਡ ਨੂੰ ਨਾਲ ਰਲਾ ਉਸਨੇ,
ਕੀਤਾ ਸਿੰਧ ਚਨਾਬ ਨੂੰ ਪਾਰ ਮੀਆਂ।
ਬਹਾਵਲਪੁਰੀਏ ਨਵਾਬ ਨੂੰ ਲਿਖੀ ਚਿੱਠੀ,
ਲੱਲੀ ਸਤਲੁਜੋਂ ਆ ਉਰਾਰ ਮੀਆਂ।

੪੧

ਓਧਰ ਵਿਚ ਮੁਲਤਾਨ ਦੇ ਹੋਈ ਗੜਬੜ,
ਫੌਜ ਹੋ ਗਈ ਕਾਬੂ ਤੋਂ ਬਾਹਰ ਯਾਰੋ।
ਮੁਲਤਾਨ ਸ਼ਹਿਰ ਦੇ ਲੋਕ ਵੀ ਨਾਲ ਰਲ ਗਏ,
ਨਾ ਕੋਈ ਹਾਕਮ ਤੇ ਨਾ ਸਰਕਾਰ ਯਾਰੋ।
ਐਂਡਰਸਨ ਤੇ ਅਗਨਿਊ ਮਾਰ ਦਿੱਤੇ,
ਫੜ ਲਿਆ ਕਾਹਨ ਸਿੰਘ ਸਰਦਾਰ ਯਾਰੋ,
ਕੀਤਾ ਧੱਕ ਕੇ ਕਿਲ੍ਹੇ ਵਿਚ ਕੈਦ ਲੱਲੀ,
ਮੁਲਤਾਨੀ ਜੰਗ ਨੂੰ ਹੋਏ ਤਿਆਰ ਯਾਰੋ।

੪੨

ਖਾਲਸਾ ਸਿਪਾਹੀ ਸਨ ਗੁੱਸੇ ਨਾਲ ਭਰੇ ਹੋਏ,
ਇਕੱਠੇ ਹੋਣ ਉਹ ਲੱਗੇ ਮੁਲਤਾਨ ਮੀਆਂ।
ਝੰਡੇ ਮੂਲਰਾਜ ਥੱਲੇ ਹੈ ਅਸਾਂ ਲੜਨਾ,
ਅੰਗਰੇਜ਼ ਸੋਧਣਾ ਅਸਾਂ ਸ਼ੈਤਾਨ ਮੀਆਂ।
ਐਡਵਰਡ ਵੀ ਆਪਣੀ ਫੌਜ ਲੈ ਕੇ,
ਆਉਂਦਾ ਵਧਦਾ ਵਾਂਗ ਤੂਫਾਨ ਮੀਆਂ।
ਸੱਦੂ ਸੰਮ ਦੇ ਪਿੰਡ ਉਹ ਆਣ ਪਹੁੰਚਾ

**ਪਿੰਡ ਧੁੱਪਸੜੀ, ਡਾਕ: ਜੀ.ਪੀ.ਟੀ. ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੋ: +੯੧੯੮੭੬੭-੩੪੦੭੯*

ਲੱਲੀ ਸਾਹਮਣੇ ਸ਼ਹਿਰ ਮੁਲਤਾਨ ਮੀਆਂ।

**੪੩**

ਬਹਾਵਲਪੁਰੀਏ ਵੀ ਨਾਲ ਹਨ ਦੌਦ-ਪੁੱਤਰ,
ਮੁਲਤਾਨ ਸ਼ਹਿਰ ਦੇ ਵੱਲ ਸਭ ਧਾਂਵਦੇ ਜੀ।
ਮੂਲ ਰਾਜ ਦੀ ਸੈਨਾ ਵੀ ਆਣ ਡੱਟੀ,
ਹਮਲੇ ਉਹਨਾਂ ਦੇ ਨੂੰ ਠੱਲ ਪਾਂਵਦੇ ਜੀ।
ਐਡਵਰਡ ਨੇ ਦਿੱਤਾ ਭਜਾ ਸਭ ਨੂੰ,
ਹਟ ਕੇ ਸ਼ਹਿਰ ਦੇ ਵੱਲ ਉਹ ਜਾਂਵਦੇ ਜੀ।
ਛੱਡ ਗਏ ਮੈਦਾਨ ਵਿਚ ਕਈ ਤੋਪਾਂ,
ਬਾਕੀ ਸ਼ਹਿਰ ਵੱਲ ਲੱਲੀ ਲਿਜਾਂਵਦੇ ਜੀ।

**੪੪**

ਐਡਵਰਡ ਦੇ ਕੋਲ ਸੀ ਫੌਜ ਥੋੜੀ,
ਨਹੀਂ ਤੇ ਸ਼ਹਿਰ ਦੇ ਵਿਚ ਉਸ ਜਾਵਣਾ ਸੀ।
ਹੁੰਦੀਆਂ ਉਸ ਕੋਲ ਜੇ ਕਿਲ੍ਹਾ-ਤੋੜ ਤੋਪਾਂ,
ਉਸ ਨੇ ਕਿਲੇ ਨੂੰ ਜਾ ਘੇਰਾ ਪਾਵਣਾ ਸੀ।
ਏਸੇ ਲਈ ਪਿਛਾਂਹ ਉਹ ਮੁੜ ਆਇਆ,
ਬੇਵਜ੍ਹਾ ਕੀ ਖ਼ਤਰਾ ਉਠਾਵਣਾ ਸੀ।
ਲੱਲੀ ਸ਼ਹਿਰ ਤੋਂ ਦੂਰ ਉਹ ਜਾ ਬੈਠਾ,
ਲਹੌਰੋਂ ਹੋਰ ਵੀ ਫੌਜ ਨੇ ਆਵਣਾ ਸੀ।

**੪੫**

ਮਜ਼ਬੂਤ ਬਹੁਤ ਮੁਲਤਾਨ ਦਾ ਕਿਲ੍ਹਾ ਹੈਸੀ,
ਕੰਧਾਂ ਉਸਦੀਆਂ ਵਾਂਗ ਫੌਲਾਦ ਮੀਆਂ।
ਛੋਟੀਆਂ ਤੋਪਾਂ ਦਾ ਗੋਲਾ ਫਜ਼ੂਲ ਓਥੇ,
ਹਮਲਾਵਰ ਫੌਜ ਹੋ ਜਾਂਦੀ ਬਰਬਾਦ ਮੀਆਂ।
ਫਰੈਡਰਿਕ ਕਰੀ ਏਜੰਟ ਲਹੌਰ ਬੈਠਾ,
ਐਡਵਰਡ ਆਖਿਆ ਭੇਜ ਇਮਦਾਦ ਮੀਆਂ।
ਕਿਲ੍ਹਾ-ਤੋੜ ਤੋਪਾਂ ਜੇ ਤੂੰ ਭੇਜ ਦੇਵੇਂ
ਲੱਲੀ ਕਿਲ੍ਹੇ ਨੂੰ ਕਰਾਂ ਬਰਬਾਦ ਮੀਆਂ।

**੪੬**

ਐਡਵਰਡ ਕਰੀ ਸੀ ਬੜਾ ਹੀ ਸੁਸਤ ਬੰਦਾ,
ਫੈਸਲੇ ਲੈਣ ਵਿਚ ਦੇਰ ਸਵੇਰ ਕਰਦਾ।
ਜੰਗੀ ਲਾਟ ਦੀ ਸਦਾ ਸਲਾਹ ਲੈਂਦਾ,

ਲਾਟ ਫੈਸਲੇ ਕਰਨ ਵਿਚ ਦੇਰ ਕਰਦਾ।
ਐਡਵਰਡ ਨੇ ਜੋ ਇਮਦਾਦ ਮੰਗੀ,
ਉਸਦੇ ਵਿਚ ਵੀ ਹੇਰ ਫੇਰ ਕਰਦਾ।
ਕਹਿੰਦਾ ਮੌਸਮ ਹੈ ਬਹੁਤ ਹੀ ਗਰਮ ਲੱਲੀ,
ਮਦਦ ਭੇਜਣੇ ਵਿਚ ਉਹ ਦੇਰ ਕਰਦਾ।

੪੭

ਅੰਤ ਇੱਕ ਲਹੌਰੋਂ ਉਸ ਫੌਜ ਭੇਜੀ,
ਸ਼ੇਰ ਸਿੰਘ ਦੀ ਵਿਚ ਕਮਾਨ ਮੀਆਂ।
ਤਰਦੀ ਰਾਵੀ ਚਨਾਬ ਦੇ ਇਹ ਪਾਣੀ,
ਪਹੁੰਚੀ ਗੋਗਰਾਂ ਦੇ ਅਸਥਾਨ ਮੀਆਂ।
ਸ਼ੇਰ ਸਿੰਘ 'ਤੇ ਨਹੀਂ ਇਤਬਾਰ ਕਰਦਾ,
ਉਸਨੂੰ ਸਮਝਦਾ ਸੀ ਬੇਈਮਾਨ ਮੀਆਂ।
ਐਡਰਵਡ ਰੱਖਦਾ ਉਸਤੇ ਨਜ਼ਰ ਲੱਲੀ,
ਅਟਾਰੀਵਾਲਾ ਹੋਇਆ ਪਰੇਸ਼ਾਨ ਮੀਆਂ।

੪੮

ਚਤਰ ਸਿੰਘ ਸਰਦਾਰ ਸੀ ਅਣਖ ਵਾਲਾ,
ਐਬਟ ਉਸਦੀ ਨਾ ਪਰਵਾਹ ਕਰਦਾ।
ਪਿਸ਼ਾਵਰ ਇਲਾਕੇ ਦੇ ਪਠਾਨ ਕਬੀਲਿਆਂ ਨੂੰ,
ਸ਼ਹਿ ਦੇ ਕੇ ਉਹ ਗੁਮਰਾਹ ਕਰਦਾ।
ਪਠਾਨ ਲੱਗੇ ਵੰਗਾਰਨ ਫਿਰ ਚਤਰ ਸਿੰਘ ਨੂੰ,
ਐਬਟ ਵਧੀਕੀਆਂ ਬੇਪਨਾਹ ਕਰਦਾ।
ਅਟਾਰੀਵਾਲੇ ਕਨੋਰੇ ਨੂੰ ਹੁਕਮ ਦਿੱਤਾ,
ਕਿਲ੍ਹਾ ਦੇਣ ਤੋਂ ਲੱਲੀ ਉਹ ਨਾਂਹ ਕਰਦਾ।

੪੯

ਅਟਾਰੀਵਾਲੇ ਨੇ ਕਿਲ੍ਹੇ 'ਤੇ ਕਰ ਕਬਜ਼ਾ,
ਦਿੱਤਾ ਕਰਨਲ ਕਨੋਰੇ ਨੂੰ ਮਾਰ ਮੀਆਂ।
ਕੈਪਟਨ ਐਬਟ ਦਾ ਕੋਈ ਨਾ ਵੱਸ ਚੱਲਿਆ,
ਫਰੈਡਰਿਕ ਕਰੀ ਨੂੰ ਕੀਤੀ ਪੁਕਾਰ ਮੀਆਂ।
ਚਤਰ ਸਿੰਘ ਤੇ ਉਸ ਇਲਜ਼ਾਮ ਲਾਇਆ,
ਇਹਨੇ ਕਨੋਰੇ ਦਾ ਕੀਤਾ ਸ਼ਿਕਾਰ ਮੀਆਂ।
ਲਿਆ ਆਪਣੇ ਅਫ਼ਸਰ ਦਾ ਪੱਖ ਲੱਲੀ,
ਗਵਰਨਰੀ ਆਹੁਦੇ ਤੋਂ ਲਾਹਿਆ ਸਰਦਾਰ ਮੀਆਂ।

# ਸਰਸਾ ਬੇਵਫ਼ਾ ਨਿਕਲੀ

-ਸ. ਸਤਿਨਾਮ ਸਿੰਘ ਕੋਮਲ*

*ਵਫਾ ਸਮਿਆਂ ਵੀ ਨਾ ਕੀਤੀ,*
*ਤੇ ਸਰਸਾ ਬੇਵਫ਼ਾ ਨਿਕਲੀ।*
*ਔਰੰਗੇ ਦੇ ਵਜ਼ੀਰਾਂ ਦੀ,*
*ਕਸਮ ਹਰ ਇਕ ਦਗ਼ਾ ਨਿਕਲੀ।*
*ਗੁਰੂ ਸੰਗ ਲਾਲ ਦੋ ਰਹਿ ਗਏ,*
*ਤੇ ਦਾਦੀ ਕੋਲ ਦੋ ਪੋਤੇ,*
*ਦੋ ਮਮਤਾ ਦੀਆਂ ਮੂਰਤ ਮਾਵਾਂ*
*ਦੇ ਦਿਲ ਖਾਲੀ 'ਚੋਂ ਹਾਅ ਨਿਕਲੀ।*
*ਵਿਛੋੜੇ ਪਏ ਨੇ ਸਰਸਾ 'ਤੇ,*
*ਰੁਲੀ ਰਾਹਾਂ 'ਚ ਮਮਤਾ ਵੀ,*
*ਜੋ ਕਾਤਿਲ ਸੀ ਮਾਸੂਮਾਂ ਦੀ,*
*ਉਹ ਗੰਗੂ ਦੀ ਦਇਆ ਨਿਕਲੀ।*
*ਵਫਾ ਵਿਕ ਗਈ ਕਿਵੇਂ ਗੁਜਰੀ,*
*ਪਈ ਜਿਸ 'ਤੇ ਓਹੀ ਜਾਣੇ,*
*ਰਜ਼ਾ ਉਸਦੀ 'ਚ, ਤੁਰ ਪਏ ਨੇ,*
*ਉਹ ਰਾਹ ਚਮਕੌਰ ਜਾ ਨਿਕਲੀ।*
*ਗੜ੍ਹੀ ਕੱਚੀ ਸਿੱਦਕ ਪੱਕਾ*
*ਸਮੇਂ ਦੀ ਪਰਖ ਵਿਚ ਪੂਰੇ,*
*ਤੇ ਸ਼ਾਹੀ ਫੌਜ ਵੈਰੀ ਦੀ,*
*ਗੁਰੂ ਸਾਹਵੇਂ ਹੈ ਆ ਨਿਕਲੀ।*
*ਅਸਾਂਵੀਂ ਜੰਗ ਦੁਨੀਆ ਦੀ,*
*ਲੜੀ ਗਈ ਏਸ ਧਰਤੀ 'ਤੇ*
*ਗੁਰੂ ਦੇ ਚੋਣਵੇਂ ਸਿੰਘਾਂ,*
*ਦਾ ਬਣਕੇ ਸੀ ਉਹ ਚਾਅ ਨਿਕਲੀ*
*ਗੁਰੂ ਸੰਗ ਸਿੰਘ ਨੇ ਚਾਲੀ,*
*ਤੇ ਦੁਸ਼ਮਣ ਹੈ ਨੇ ਲੱਖਾਂ ਵਿਚ,*
*ਲੜੇ ਜੰਗ ਨਾਲ ਸਤਿਗੁਰ ਦੇ,*
*ਸਿਰੇ ਦੀ ਹੈ ਕਲਾ ਨਿਕਲੀ।*

*ਸ਼ਹਾਦਤ ਪਾ ਪਿਤਾ ਸਾਹਵੇਂ,*
*ਸਮਰਪਿਤ ਕਰ ਗਏ ਆਪਾ,*
*ਸ਼ੁਕਰ ਤੇਰਾ ਨਿਭੀ ਸਿੱਖੀ,*
*ਗੁਰੂ ਮੁਖ ਤੋਂ ਸਦਾਅ ਨਿਕਲੀ।*
*ਰਜ਼ਾ ਤੇਰੀ 'ਚ ਰਹਿਣਾ ਹੈ,*
*ਇਹੋ ਮਕਸਦ ਇਹੋ ਜੀਵਨ,*
*ਸ਼ਹੀਦੀ ਦੋਵਾਂ ਪੁੱਤਰਾਂ ਦੀ,*
*ਨਾ ਮੁਖ ਤੋਂ ਬਣ ਗਿਲਾਅ ਨਿਕਲੀ।*
*ਨਿਛਾਵਰ ਮੋਹ ਪੁੱਤਰਾਂ ਦੇ*
*ਨਾ ਸਿਲ੍ਹੀ ਅੱਖ ਹੀ ਕੀਤੀ,*
*ਨਾ ਹੌਕਾ ਹੀ ਹੈ ਬੁਲ੍ਹਾਂ 'ਤੇ*
*ਨਾ ਦਿਲ 'ਚੋਂ ਹੀ ਏ ਹਾਅ ਨਿਕਲੀ।*
*ਪਿਤਾ ਬੇਕਫ਼ਨ ਲਾਸ਼ਾਂ ਨੂੰ,*
*ਮੈਦਾਨ-ਏ-ਜੰਗ ਛੱਡ ਤੁਰਿਆ,*
*ਇਹ ਸਭ ਕੁਝ ਵਾਹਿਗੁਰੂ ਜਾਣੇ,*
*ਕਿਹੋ ਜੇਹੀ ਰਜ਼ਾ ਨਿਕਲੀ।*
*ਸ਼ੁਕਰ ਕਰਦੇ ਸਬਰ ਕਰ ਕੇ,*
*ਗੜ੍ਹੀ ਨੂੰ ਅਲਵਿਦਾ ਆਖੀ,*
*ਜ਼ਮਾਨਾ ਬੇ-ਵਫ਼ਾ ਹੋਇਆ,*
*ਪ੍ਰਭੂ ਦਰ ਦੀ ਵਫ਼ਾ ਨਿਕਲੀ*
*ਜਦੋਂ ਤਾਰੀਖ਼ ਬੋਲੇਗੀ,*
*ਤਾਂ ਪਹਿਲਾਂ ਨਾਮ ਆਵੇਗਾ,*
*ਗੁਰੂ ਨੇਕੀ ਇਹ ਸਿੱਖਾਂ ਲਈ,*
*ਵਕਤ ਦੱਸਦਾ ਕੀ ਭਾਅ ਨਿਕਲੀ।*
*ਬਦਲ ਤੇਰੇ ਅਹਿਸਾਨਾਂ ਦਾ,*
*ਨਾ ਧਰਤੀ ਤੋਂ ਨਾ ਅੰਬਰ ਤੋਂ,*
*ਚੁਕਾ ਹੋਣਾ ਕਦੇ ਕੋਮਲ,*
*.ਗਜ਼ਲ ਤੇਰੀ ਗਵਾਹ ਨਿਕਲੀ।*

*੨੪੮, ਅਰਬਨ ਅਸਟੇਟ, ਲੁਧਿਆਣਾ। ਮੋ: ੯੮੭੨੬-੦੯੯੨੧*

*ਬਾਲ ਕਵਿਤਾ*

# ਨਿੱਕੀਆਂ ਜਿੰਦਾ ਵੱਡਾ ਸਾਕਾ

*-ਡਾ. ਹਰਬੰਸ ਸਿੰਘ**

*ਸੁਣੋ! ਸੁਣੋ! ਮੇਰੇ ਬਚਿਓ ਸੁਣੋ!*
*ਸਰਹੰਦ ਦੀ ਕਥਾ ਸੁਣਾਵਾਂ।*
*ਨਿੱਕੀਆਂ ਜਿੰਦਾਂ ਜਿੱਥੇ ਲਿਖਿਆ*
*ਵੱਡਾ ਇਕ ਸਿਰਨਾਵਾਂ।*

*ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਸਨ,*
*ਕਲਗੀਧਰ ਦੇ ਪਿਆਰੇ।*
*ਨਾਲ ਉਨ੍ਹਾਂ ਦੇ ਮਾਤਾ ਗੁਜਰੀ,*
*ਗੰਗੂ ਲਾਏ ਲਾਰੇ।*

*ਨਾਲ ਫਰੇਬ ਇਨ੍ਹਾਂ ਨੂੰ ਉਸ ਨੇ,*
*ਸੂਬੇ ਤਾਈਂ ਫੜਾਇਆ।*
*ਕਹਿੰਦਾ ਵੇਖੋ ਸ਼ੇਰ ਦੇ ਬੱਚੇ,*
*ਫੜ ਕੇ ਮੈਂ ਲਿਆਇਆ।*

*ਦੀਨ ਅਸਾਡੇ ਵਿਚ ਆ ਜਾਓ!*
*ਸੂਬੇ ਸ਼ਰਤ ਸੁਣਾਈ।*
*ਨਹੀਂ ਤਾਂ ਕਤਲ ਕਰਾਂਗਾ ਦੋਹਾਂ,*
*ਵਿਚ ਦੀਵਾਰ ਚੁਣਾਈ।*

*ਸ਼ੇਰ ਮੁਹੰਮਦ ਮਲੇਰਕੋਟਲੇ,*
*ਹਾਅ ਦਾ ਨਾਅਰਾ ਲਾਇਆ।*
*ਛੱਡੋ ਇਨ੍ਹਾਂ ਮਾਸੂਮ ਜਿੰਦਾਂ ਨੂੰ,*
*ਵਿਚ ਦਰਬਾਰ ਸੁਣਾਇਆ।*

*ਸੁੱਚਾ ਨੰਦ ਦੀਵਾਨ ਆਖਿਆ,*
*ਇਹ ਸ਼ੇਰਾਂ ਦੇ ਜਾਏ!*
*ਵੱਡੇ ਹੋ ਕੇ ਬਣਨ ਮੁਸੀਬਤ,*
*ਦੇਵੋ ਮਾਰ ਮੁਕਾਏ!*

*ਦਾਦੀ ਮਾਂ ਨੇ ਮੱਥਾ ਚੁੰਮਿਆ,*
*ਦੋਵੇਂ ਲਾਲ ਪਿਆਰੇ।*
*ਜਿੰਦ ਜਾਏ ਤਾਂ ਜਾਏ ਬੱਚਿਓ,*
*ਧਰਮ ਨ ਜਾਏ ਹਾਰੇ!*

*ਪਹੁੰਚ ਕਚਹਿਰੀ ਫਤਿਹ ਬੁਲਾਈ,*
*ਉੱਚੀ ਉਨ੍ਹਾਂ ਸੁਣਾਇਆ।*
*ਤੇਗ ਬਹਾਦਰ ਦਾਦਾ ਸਾਡੇ,*
*ਜਿਨ੍ਹਾਂ ਦਿੱਲੀ ਸੀਸ ਕਟਾਇਆ*

*ਦਸਮ ਗੁਰੂ ਦਾ ਅੰਮ੍ਰਿਤ ਛਕਿਆ*
*ਡਰ ਨਾ ਸਾਨੂੰ ਕਾਈ!*
*ਜਿੰਦ ਜਾਏ ਤਾਂ ਜਾਏ ਸਾਡੀ*
*ਧਰਮ ਨਾ ਸਾਡਾ ਜਾਈ।*

*ਨਵਾਬ ਸਰਹੰਦ ਗੁੱਸੇ ਵਿਚ ਆਇਆ,*
*ਮਿਸਤਰੀ ਰਾਜ ਬੁਲਾਏ।*
*ਨਿੱਕੇ ਨਿੱਕੇ ਲਾਲ ਇਹ ਦੋਵੇਂ,*
*ਕੰਧਾਂ ਵਿਚ ਚਿਣਵਾਏ।*

*ਮਾਤਾ ਗੁਜਰੀ ਜਦ ਇਹ ਸੁਣਿਆ,*
*ਜਿੰਦ ਪੰਖੇਰੂ ਹੋਈ।*
*ਯਾਦ ਰਹੇਗਾ ਸਾਕਾ ਸਰਹੰਦ,*
*ਦੁਨੀਆ ਜਦ ਤਕ ਹੋਈ।*

*ਆਓ, ਪ੍ਰਣਾਮ ਉਨ੍ਹਾਂ ਨੂੰ ਕਰੀਏ!*
*ਜਿੰਦ ਜਿਨ੍ਹਾਂ ਨੇ ਵਾਰੀ।*
*ਲਾਜ ਧਰਮ ਦੀ ਰੱਖੀ ਉਨ੍ਹਾਂ,*
*ਜਾਏ ਕੌਮ ਬਲਿਹਾਰੀ।* ■

**3c/38, 2nd Floor, New Rohtak Rd, Karol Bagh, New Delhi-5 Ph. 011- 65585395*

# ਸਰਹੰਦ ਦੀ ਦੀਵਾਰ

-ਸ੍ਰੀ. ਆਰ. ਐਲ. ਸਭਰਵਾਲ*

*ਰਹਿਮਾਨ ਉਲ ਰਹੀਮ ਕਾ ਐਲਾਨ ਖਤਮ ਕਰ ਦੀਆ।*
*ਹਜ਼ਰਤ-ਏ-ਇਸਲਾਮ ਕਾ ਪੈਗ਼ਾਮ ਖਤਮ ਕਰ ਦੀਆ।*
*ਸਰਹੰਦ ਕੇ ਨਵਾਬ ਨੇ ਇਸਲਾਮ ਕਤਲ ਕਰ ਦੀਆ,*
*ਗੋਬਿੰਦ ਕੇ ਦੋ ਬੱਚੋਂ ਕੋ ਜ਼ਿੰਦਾ ਨੀਂਹੋਂ ਮੇਂ ਦਫ਼ਨ ਕਰ ਦੀਆ।*

*ਸਦੀਓਂ ਤਕ ਰੋਏਗੀ ਤ੍ਵਾਰੀਖ਼ ਛਾਤੀ ਪੀਟ ਕਰ,*
*ਕਰਬਲਾ ਮੇਂ ਆਜ ਫਿਰ ਹੁਸੈਨ ਕਤਲ ਕਰ ਦੀਆ।*
*ਹਜ਼ਰਤ-ਏ-ਇਸਲਾਮ ਕਾ ਸਰ ਸ਼ਰਮ ਸੇ ਝੁਕ ਗਇਆ,*
*ਮਾਸੂਮ ਸੇ ਦੋ ਬੱਚੋਂ ਕੋ ਜ਼ਿੰਦਾ ਨੀਂਹੋਂ ਮੇਂ ਦਫ਼ਨ ਕਰ ਦੀਆ।*

*ਇਸਲਾਮ ਕੇ ਨਾਮ ਪਰ, ਗੁਨਾਹ-ਏ-ਅਜ਼ੀਮ ਕਰ ਦੀਆ,*
*ਇਨਸਾਨੀਅਤ ਕਾ ਹਰ ਮਜ਼ਹਬ, ਜ਼ਿੰਦਾ ਹੀ ਜੈਸੇ ਮਰ ਗਿਆ!*
*ਜ਼ੋਰ-ਓ-ਜ਼ੁਲਮ ਕੇ ਹਾਥ ਜਬ, ਗੁਰੂ ਗੋਬਿੰਦ ਤਕ ਨਾ ਜਾ ਸਕੇ,*
*ਬਦਲੇ ਮੇਂ ਦੋਂ ਬੱਚੋਂ ਕੋ ਜ਼ਿੰਦਾ ਹੀ ਨੀਂਹੋਂ ਮੇਂ ਦਫ਼ਨ ਕਰ ਦੀਆ।*

*ਅਪਨੇ ਈਮਾਨ ਧਰਮ ਪਰ ਬੱਚੇ ਖੜੇ ਰਹੇ,*
*ਲਾਲਚ ਨ ਉਨਕੋ ਮੋਹ ਸਕਾ, ਨ ਜ਼ੁਲਮ ਸੇ ਡਰੇ।*
*ਸ਼ਹੀਦ ਹੋ ਗਏ ਗੁਰੂ ਕੇ ਬੱਚੇ ਈਮਾਨ ਪਰ,*
*ਜ਼ਿੰਦਾ ਨੀਹੋਂ ਮੇਂ ਗੜ੍ਹ ਗਏ ਨਾ ਮੌਤ ਸੇ ਡਰੇ।*

*ਗੁਰੂ ਕੇ ਦੋ ਬੱਚੋਂ ਨੇ ਵੋਹ ਕਾਰਨਾਮਾ ਕਰ ਦੀਆ,*
*ਹਰ ਸਫ਼ਾ ਇਤਿਹਾਸ ਕਾ ਕੁਰਬਾਨੀ ਸੇ ਭਰ ਦੀਆ।*
*ਦਾਦਾ ਨੇ ਸਰ ਦੀਆ ਥਾ ਦੂਸਰੇ ਈਮਾਨ ਕੇ ਲੀਏ,*
*ਬੱਚੋ ਨੇ ਜਾਨ ਦੇ ਦੀ ਪਿਤਾ ਕੀ ਸ਼ਾਨ ਕੇ ਲੀਏ।*

*ਬੇ-ਗੁਨਾਹੋਂ ਪਰ ਗੁਨਾਹ-ਏ-ਅਜ਼ੀਮ ਕਰ ਦੀਆ,*
*ਦੋ ਬੱਚੋਂ ਕੋ ਦੀਵਾਰ ਮੇਂ ਜ਼ਿੰਦਾ ਹੀ ਦਫ਼ਨ ਕਰ ਦੀਆ।*
*ਰੋ ਪੜ੍ਹੀ ਸਾਰੀ ਖ਼ੁਦਾਈ ਧਰਤੀ ਕਾ ਸੀਨਾ ਫ਼ਟ ਗਿਆ।*
*ਸ਼ੈਤਾਨ ਨੇ ਇਨਸਾਨ ਕੋ ਜ਼ਿੰਦਾ ਹੀ ਨੀਂਹੋਂ ਮੇਂ ਦਫ਼ਨ ਕਰ ਦੀਆ।*

*ਜ਼ਿਆਰਤ ਕਰੋ, ਸਰ ਝੁਕਾਓ, ਆਂਸੂ ਬਹਾਓ ਪਿਆਰ ਮੇਂ,*
*ਦੋ ਬੱਚੇ ਜ਼ਿੰਦਾ ਦਫ਼ਨ ਹੈ ਸਰਹੰਦ ਕੀ ਦੀਵਾਰ ਮੇਂ।* ■

*ਕੋਠੀ ਨੰ: ੭੬੧, ਸੈਕਟਰ ੪੩-ਏ, ਚੰਡੀਗੜ੍ਹ। ਮੋ: +੯੧੯੪੧੭੯-੨੦੭੫੦

# ਮੇਰੀ ਤੈਨੂੰ ਨਮਸਕਾਰ ਹੈ

-ਸ. ਅਰਸ਼ਪ੍ਰੀਤ ਸਿੰਘ*

*ਧੰਨ ਗੁਰੂ ਗੋਬਿੰਦ ਸਿੰਘ ਸਾਹਿਬ,*
*ਤੇਰੀ ਜੋਤ ਨਿਰਾਲੀ।*
*ਮੇਰੀ ਤੈਨੂੰ ਨਮਸਕਾਰ ਹੈ,*
*ਐ ਪੰਥ ਦੇ ਵਾਲੀ।*
*ਸੰਤ-ਸਿਪਾਹੀ ਬਣ ਕੇ ਤੂੰ ਤਾਂ,*
*ਸੱਚ ਦਾ ਰਾਹ ਵਿਖਾਇਆ।*
*ਪਾਪਾਂ ਦਾ ਨਾਸ਼ ਤੂੰ ਕਰ ਕੇ,*
*ਸੱਚਾ ਧਰਮ ਚਲਾਇਆ।*
*ਜੇ ਕੋਈ ਤੇਰੇ ਪਾਸੋਂ ਮੰਗੇ,*
*ਉਹ ਨਾ ਮੁੜਦਾ ਖਾਲੀ।*
*ਮੇਰੀ ਤੈਨੂੰ ਨਮਸਕਾਰ ਹੈ,*
*ਐ ਪੰਥ ਦੇ ਵਾਲੀ।*
*ਪਟਨਾ ਸ਼ਹਿਰ ਨੂੰ ਭਾਗ ਤੂੰ ਲਾਇਆ,*
*ਇਸ ਧਰਤੀ 'ਤੇ ਆ ਕੇ।*
*ਹਰ ਕੋਈ ਫਿਰ ਧੰਨ ਹੋ ਗਿਆ,*
*ਦਰਸ਼ਨ ਤੇਰੇ ਪਾ ਕੇ।*
*ਪਿਤਾ ਨੇ ਤੈਨੂੰ ਪਾਵਣ ਦੇ ਲਈ,*
*ਬਹੁਤ ਤਪੱਸਿਆ ਘਾਲੀ।*
*ਮੇਰੀ ਤੈਨੂੰ ਨਮਸਕਾਰ ਹੈ,*
*ਐ ਪੰਥ ਦੇ ਵਾਲੀ।*
*ਪੰਡਤ ਚੱਲ ਕਸ਼ਮੀਰੋਂ ਆਏ,*
*ਤੂੰ ਨਾ ਖਾਲੀ ਮੋੜੇ।*
*ਸ਼ਹੀਦ ਹੋਣ ਲਈ ਆਪਣੇ ਹੱਥੀਂ,*
*ਪਿਤਾ ਦਿਲੀ ਵੱਲ ਤੋਰੇ।*

*ਬਣਿਆ ਦੁਖੀਆਂ ਦਾ ਹਮਦਰਦੀ,*
*ਦਿਲ ਵਿਚ ਦਇਆ ਤੂੰ ਪਾਲੀ।*
*ਮੇਰੀ ਤੈਨੂੰ ਨਮਸਕਾਰ ਹੈ,*
*ਐ ਪੰਥ ਦੇ ਵਾਲੀ।*
*ਧੰਨ ਹੈ ਦਾਤਾ ਜਿਗਰਾ ਤੇਰਾ,*
*ਚਾਰੇ ਪੁੱਤਰ ਵਾਰੇ।*
*ਤੇਰੀ ਮਹਿਮਾ ਕੀ ਮੈਂ ਗਾਵਾਂ,*
*ਤੇਰੇ ਚੋਜ ਨਿਆਰੇ।*
*ਬਾਣੀ ਤੇਰੀ ਪੜ੍ਹ ਕੇ ਦਾਤਾ,*
*ਗਿੱਠ-ਗਿੱਠ ਚੜ੍ਹਦੀ ਲਾਲੀ।*
*ਮੇਰੀ ਤੈਨੂੰ ਨਮਸਕਾਰ ਹੈ,*
*ਐ ਪੰਥ ਦੇ ਵਾਲੀ।*
*ਪਿਤਾ ਤੇ ਚਾਰੇ ਪੁੱਤਰ ਵਾਰ ਕੇ,*
*ਕਿੱਦਾਂ ਘੜੀ ਗੁਜ਼ਾਰੀ।*
*ਮਾਤਾ ਗੁਜਰੀ ਠੰਢੇ ਬੁਰਜ 'ਚ*
*ਦੱਸ ਤੂੰ ਕਿੱਦਾਂ ਵਾਰੀ।*
*ਇਹ ਦੁਖ ਵਾਲਾ ਤੂੰ ਸਮਾਂ ਵੇਖ ਕੇ,*
*ਕਿੱਦਾਂ ਘੜੀ ਸੀ ਟਾਲੀ।*
*ਮੇਰੀ ਤੈਨੂੰ ਨਮਸਕਾਰ ਹੈ,*
*ਐ ਪੰਥ ਦੇ ਵਾਲੀ।*
*ਤੇਰੇ ਵਰਗਾ ਨਾ ਕੋਈ ਹੋਇਆ,*
*ਨਾ ਹੋਣਾ ਬਨਵਾਲੀ।*
*ਮੇਰੀ ਤੈਨੂੰ ਨਮਸਕਾਰ ਹੈ,*
*ਐ ਪੰਥ ਦੇ ਵਾਲੀ।*

■

*ਪਿੰਡ ਮਧਰਾ, ਡਾਕ: ਉਧਨਵਾਲ, ਤਹਿ: ਬਟਾਲਾ, ਜ਼ਿਲ੍ਹਾ ਗੁਰਦਾਸਪੁਰ-੧੪੩੫੦੫। ਮੋ: +੯੧੯੮੭੨੦-੭੭੯੦੭

# ਚੋਜੀ ਦਾਤੇ ਦੇ ਚੋਜ ਕਮਾਲ ਦੇ ਸਨ

-ਗਿਆਨੀ ਪਿਆਰਾ ਸਿੰਘ ਜਾਚਕ*

*ਸੋਲਾਂ ਸੌ ਨੜ੍ਹਿੰਨਵੇਂ ਦਾ ਸਾਲ ਹੈ ਸੀ, ਕਰਿਸ਼ਮੇਂ ਬੜੇ ਸੋਹਣੇ ਉਸ ਲਾਲ ਦੇ ਸਨ।*
*ਹੈ ਸੀ ਪਹਿਲੀ ਵੈਸਾਖ ਦਾ ਦਿਨ ਸੋਹਣਾ, ਸੋਹਣਾ ਓਸ ਦਿਨ ਰੰਗ ਵਿਖਾਲਦੇ ਸਨ।*
*ਕੇਸਗੜ੍ਹ ਵਿਚ ਲਾਇਆ ਦੀਵਾਨ ਚੋਜੀ, ਜੈਕਾਰੇ ਬੋਲੇ ਸੋ ਨਿਹਾਲ ਦੇ ਸਨ।*
*ਬੀਰ ਰਸੀ ਕਵਿਤਾਵਾਂ ਉੱਥੇ ਸੁਣ ਲੋਕੀਂ, ਲਾਲੋ ਲਾਲ ਹੋਏ ਵਾਂਗ ਗ਼ੁਲਾਬ ਦੇ ਸਨ।*
*ਉੱਥੇ ਗੁਰਾਂ ਨੇ ਸਿਰਾਂ ਦੀ ਮੰਗ ਕੀਤੀ, ਉਹ ਪਏ ਸਿੱਖੀ ਨੂੰ ਸੱਚੇ ਵਿਚ ਢਾਲਦੇ ਸਨ।*
*ਉਨ੍ਹਾਂ ਸਾਜਿਆ ਪੰਜਾਂ ਪਿਆਰਿਆਂ ਨੂੰ, ਚੋਜੀ ਦਾਤੇ ਦੇ ਚੋਜ ਕਮਾਲ ਦੇ ਸਨ।*

*ਉਨ੍ਹਾਂ ਘੋਲ ਕੇ ਮਿੱਠੇ ਪਤਾਸਿਆਂ ਨੂੰ, ਸ਼ਕਤੀ ਅੰਮ੍ਰਿਤ ਦੇ ਵਿਚ ਸੀ ਭਰ ਦਿੱਤੀ।*
*ਰੂਹਾਂ ਵਿਚ ਸੀ ਬੀਰਤਾ ਨੂੜ ਦਿੱਤੀ, ਸ਼ੇਰਾਂ ਵਾਂਗ ਸੀ ਜਿੰਦੜੀ ਕਰ ਦਿੱਤੀ।*
*ਬਾਬਾ ਦੀਪ ਸਿੰਘ ਤਲੀ 'ਤੇ ਸੀਸ ਧਰ ਕੇ, ਬਾਜ਼ੀ ਜ਼ੁਲਮ ਵਾਲੀ ਕਰ ਸੀ ਸਰ ਦਿੱਤੀ।*
*ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਕਮਾਲ ਕੀਤੀ, ਜਾਨ ਆਪਣੀ ਨੀਹਾਂ ਵਿਚ ਧਰ ਦਿੱਤੀ।*
*ਖੰਡੇ ਧਾਰ ਉਨ੍ਹਾਂ ਅੰਮ੍ਰਿਤ-ਪਾਨ ਕੀਤਾ, ਪੁੱਤਰ ਸਤਿਗੁਰੂ ਦੀਨ ਦਿਆਲ ਦੇ ਸਨ।*
*ਚਿਣੇ ਗਏ ਸਰਹੰਦ ਦੀ ਕੰਧ ਅੰਦਰ, ਚੋਜੀ ਦਾਤੇ ਦੇ ਚੋਜ ਕਮਾਲ ਦੇ ਸਨ।*

*ਜਦੋਂ ਜ਼ੁਲਮ ਨੇ ਅੱਤ ਦਾ ਸ਼ੋਰ ਪਾਇਆ, ਖੰਭ ਝੜ ਗਏ ਜਦੋਂ ਤਰਕਾਲ ਦੇ ਸਨ।*
*ਜਦੋਂ ਸੂਰਜ ਦੀ ਰੋਸ਼ਨੀ ਪਈ ਫਿੱਕੀ, ਲੋਕੀਂ ਸੱਚ ਦੀ ਰੋਸ਼ਨੀ ਭਾਲਦੇ ਸਨ।*
*ਜ਼ਾਲਮ ਜਦੋਂ ਮਜ਼ਲੂਮਾਂ ਦੀ ਜਾਨ ਲੈ ਕੇ, ਰਾਤ ਵਾਲੜੇ ਦੀਵੇ ਪਏ ਬਾਲਦੇ ਸਨ।*
*ਉਦੋਂ ਪਿਤਾ ਦੀ ਤੇਜ਼ ਕਿਰਪਾਨ ਚਮਕੀ, ਉਹ ਮਜਲੂਮਾਂ ਨੂੰ ਪਏ ਸੰਭਾਲਦੇ ਸਨ।*
*ਬਿਜਲੀ ਕੜਕਦੀ ਉਹਦੀ ਕਮਾਨ ਵਿੱਚੋਂ, ਤੀਰ ਉਸ ਦੇ ਜਾਹ-ਓ-ਜਲਾਲ ਦੇ ਸਨ।*
*ਉਨ੍ਹਾਂ ਬੰਦਾ ਬਹਾਦਰ ਤਿਆਰ ਕੀਤਾ, ਚੋਜੀ ਦਾਤੇ ਦੇ ਚੋਜ ਕਮਾਲ ਦੇ ਸਨ।*

*ਧਰਮ ਨੂੰ ਉਨ੍ਹਾਂ ਬਚਾਉਣ ਖਾਤਰ, ਪਿਆਰ ਉਨ੍ਹਾਂ ਨੇ ਬੜੇ ਬੇ-ਲਾਗ ਕੀਤੇ।*
*ਬੱਚੇ ਉਨ੍ਹਾਂ ਦੇ ਉਸ ਬਚਾ ਲਏ ਸੀ, ਧੀਆਂ-ਭੈਣਾਂ ਦੇ ਸਾਂਭ ਸੁਹਾਗ ਦਿੱਤੇ।*
*ਨੌਵੇਂ ਪਾਤਸ਼ਾਹ ਆਪ ਕੁਰਬਾਨ ਹੋ ਗਏ, ਉਨ੍ਹਾਂ ਛੋਹ ਸ਼ਹੀਦੀ ਦੇ ਰਾਗ ਦਿੱਤੇ।*
*ਹੱਥੀਂ ਸਾਰਾ ਪਰਵਾਰ ਲੁਟਾ ਕੇ ਤੇ, ਸ਼ੁਕਰਗੁਜ਼ਾਰ ਉਹ ਪੁਰਖ ਅਕਾਲ ਦੇ ਸਨ।*
*ਹੁੰਦੇ ਅਜੀਤ ਸਿੰਘ ਜੁਝਾਰ ਸਿੰਘ ਸ਼ਹੀਦ ਵੇਖੇ, ਚੋਜੀ ਦਾਤੇ ਦੇ ਚੋਜ ਕਮਾਲ ਦੇ ਸਨ।*

*ਪਿੰਡ ਤੇ ਡਾਕ: ਇੱਬਣ ਕਲਾਂ, ਝਬਾਲ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੯। ਮੋ: +੯੧੯੯੧੪੪-੯੬੧੯੫

*ਨਿੱਕੀ ਉਮਰ ਅੰਦਰ ਨਿੱਕੇ ਬੱਚਿਆਂ ਦੀ, ਹੱਥੀਂ ਆਪਣੀ ਫੌਜ ਬਣਾਂਵਦੇ ਸਨ।*
*ਗਤਕਾ, ਤੀਰ, ਨੇਜਾ ਤੇ ਕਿਰਪਾਨ ਬਾਜ਼ੀ, ਉਨ੍ਹਾਂ ਤਾਈਂਓਂ ਉਹ ਆਪ ਸਿਖਾਂਵਦੇ ਸਨ।*
*ਨੀਲੇ ਕੱਪੜੇ, ਸੋਹਣੀ ਦਸਤਾਰ ਨੀਲੀ, ਇਨ੍ਹਾਂ ਨਾਲ ਉਹ ਸਿੰਘ ਸਜਾਂਵਦੇ ਸਨ।*
*ਫਿਰ ਉਨ੍ਹਾਂ ਨੂੰ ਸਿੰਘ ਸਜਾ ਕੇ ਤੇ ਸ਼ੇਰ ਬੱਚਿਆਂ ਨੂੰ ਹੱਥੀਂ ਪਾਲਦੇ ਸਨ।*
*ਸ਼ਕਤੀ ਅੰਮ੍ਰਿਤ ਦੀ ਉਨ੍ਹਾਂ ਨੂੰ ਦੇ ਕੇ ਤੇ ਸਵਾ ਲੱਖ ਨਾਲ ਇਕ ਲੜਾਂਵਦੇ ਸਨ।*
*ਚਾਲੀ ਮੁਕਤਿਆਂ ਨੂੰ ਮੁਕਤੀ ਆਪ ਬਖਸ਼ੀ, ਚੋਜੀ ਦਾਤੇ ਦੇ ਚੋਜ ਕਮਾਲ ਦੇ ਸਨ।*

*ਨੌਵੇਂ ਪਾਤਸ਼ਾਹ ਜਦੋਂ ਸ਼ਹੀਦ ਹੋਏ, ਧਰਤੀ ਉੱਤੇ ਸੀ ਤੇਜ਼ ਇਲਾਹੀ ਆਇਆ।*
*ਆ ਕੇ ਜ਼ਾਲਮਾਂ ਦਾ ਫਸਤਾ ਵੱਢ ਦਿੱਤਾ, ਬਣ ਕੇ ਆਪ ਉਹ ਸੰਤ ਸਿਪਾਹੀ ਆਇਆ।*
*ਜ਼ੁਲਮ ਜਗ ਤੋਂ ਸਾਰੇ ਕਾਫੂਰ ਕੀਤੇ, ਮੇਟਣ ਵਾਸਤੇ ਪਾਪ ਸਿਆਹੀ ਆਇਆ।*
*ਗੁਰੂ ਤੇਗ ਬਹਾਦਰ ਦਾ ਸੀਸ ਲੈ ਕੇ, ਅਨੰਦਪੁਰ ਭਾਈ ਜੈਤਾ ਵਾਹੋ ਦਾਹੀ ਆਇਆ।*
*ਉਹਨੇ ਚਰਨਾਂ 'ਤੇ ਸੀਸ ਝੁਕਾ ਦਿੱਤਾ, ਚਰਨੀਂ ਲੱਗੇ ਨੂੰ ਆਪ ਉਠਾਲਦੇ ਸਨ।*
*ਕਹਿਣ ਰੰਘਰੇਟੇ ਹੈਨ ਗੁਰੂ ਬੇਟੇ, ਚੋਜੀ ਦਾਤੇ ਦੇ ਚੋਜ ਕਮਾਲ ਦੇ ਸਨ।*

*ਚਾਲੀ ਮੁਕਤਿਆਂ ਦੀ ਮੈਨੂੰ ਯਾਦ ਆਈ, ਮੈਨੂੰ ਚੇਤੇ ਮੁਕਤਸਰ ਦਾ ਯੁੱਧ ਆਇਆ।*
*ਜਿਹੜੇ ਲਿਖ ਬੇਦਾਵਾ ਦੇ ਗਏ ਸੀ, ਹਿਰਦਾ ਉਨ੍ਹਾਂ ਦਾ ਨਜ਼ਰ ਸੀ ਸ਼ੁੱਧ ਆਇਆ।*
*ਸਭਨਾਂ ਉੱਥੇ ਸ਼ਹੀਦੀਆਂ ਪਾ ਲਈਆਂ, ਜੀਵਨ ਹੋਂਵਦਾ ਉਨ੍ਹਾਂ ਦਾ ਸ਼ੁੱਧ ਆਇਆ।*
*ਮਹਾਂ ਸਿੰਘ ਦੀ ਅੰਤਿਮ ਅਰਦਾਸ ਸੁਣ ਕੇ, ਦਸਵੇਂ ਪਾਤਸ਼ਾਹ ਪਰਖਣ ਸੀ ਬੁਧ ਆਇਆ।*
*ਉਨ੍ਹਾਂ ਆਣ ਬੇਦਾਵੇ ਨੂੰ ਪਾੜ ਦਿੱਤਾ, ਉਹ ਜਵਾਬ ਆਪੇ ਹਰ ਸਵਾਲ ਦੇ ਸਨ।*
*ਉਨ੍ਹਾਂ ਟੁੱਟਿਆਂ ਨੂੰ ਮੁੜ ਕੇ ਗੰਢ ਲਿਆ, ਚੋਜੀ ਦਾਤੇ ਦੇ ਚੋਜ ਕਮਾਲ ਦੇ ਸਨ।*

*ਪਾਉਂਟਾ ਸਾਹਿਬ ਦੀ ਬਾਰਾਂਦਰੀ ਅੰਦਰ, ਸ਼ਾਹੀ ਠਾਠ ਦੇ ਕਵੀ ਦਰਬਾਰ ਹੁੰਦੇ।*
*ਉੱਥੇ ਕਵੀਆਂ ਨੂੰ ਰੱਜ ਸਨਮਾਨ ਦਿੰਦੇ, ਉੱਥੇ ਆਪ ਮੌਜੂਦ ਸਰਕਾਰ ਹੁੰਦੇ।*
*ਕਲਮਾਂ ਵਾਲਿਆਂ ਉੱਥੇ ਫਰਿਆਦ ਕੀਤੀ, ਨਹੀਂ ਜਮਨਾ ਦੇ ਸ਼ੋਰ ਸਹਾਰ ਹੁੰਦੇ।*
*ਕਹਿੰਦੇ ਜਮਨਾ ਨਦੀਏ ਖਾਮੋਸ਼ ਹੋ ਜਾ, ਮੇਰੇ ਕਵੀ ਤੇ ਤੈਥੋਂ ਦੁਖਿਆਰ ਹੁੰਦੇ।*
*ਕਵੀਆਂ ਤਾਂਈਂ ਉਹ ਰੱਜ ਇਨਾਮ ਦਿੰਦੇ, ਉਨ੍ਹਾਂ ਤਾਂਈ ਉਹ ਸੋਹਣਾ ਸੰਭਾਲਦੇ ਸਨ।*
*'ਜਾਚਕ' ਪੁੱਤਰਾਂ ਜਿਹਾ ਪਿਆਰ ਦਿੰਦੇ, ਚੋਜੀ ਦਾਤੇ ਦੇ ਚੋਜ ਕਮਾਲ ਦੇ ਸਨ।*

■

# ਸ੍ਰੀ ਦਸਮੇਸ਼ ਜੀ ਦੇ ਪਰਉਪਕਾਰ

-ਸ. ਸੁਰਜੀਤ ਸਿੰਘ*

ਗੁਰੂ ਦਸਮੇਸ਼ ਦੀ ਸਿਫਤ ਨਾ ਕਰ ਸਕਾਂ, ਸੋਚਣ ਲਈ ਲਵਾਂ ਦਿਮਾਗ ਦੀ ਦਾਤ ਕਿੱਥੋਂ?
ਲਿਖਣ ਲੱਗਿਆਂ ਨਾ ਉਹ ਲਿਖੀ ਜਾਏ। ਸੁਰਜੀਤ, ਲਵਾਂ ਸਿਆਹੀ ਕਲਮ ਦਵਾਤ ਕਿੱਥੋਂ?
*ਨੀਵੇਂ ਕਹਿ ਕੇ ਜਿਨ੍ਹਾਂ ਨੂੰ ਲੋਕ ਭੰਡਨ ਕੀਤਾ, ਉਨ੍ਹਾਂ ਨਾਲ ਪਿਆਰ ਦਾਤੇ।*
*ਨੀਵੀਆਂ ਜਾਤਾਂ ਦੇ ਜਿਨ੍ਹਾਂ ਨੂੰ ਸਮਝਦੇ ਸੀ, ਬਣਾਇਆ ਉਨ੍ਹਾਂ ਨੂੰ ਸਰਦਾਰ ਦਾਤੇ।*
*ਕਰਮ, ਧਰਮ, ਪਖੰਡ 'ਚ ਫਸਿਆਂ ਨੂੰ, ਦੇ ਉਪਦੇਸ਼ ਕੀਤਾ ਭਵ ਸਾਗਰ ਤੋਂ ਪਾਰ ਦਾਤੇ।*
*ਝੂਠੇ ਰਸਮਾਂ ਵਹਿਮਾਂ ਵਿਚ ਡੁੱਬਿਆਂ ਨੂੰ ਚੱਪੂ ਨਾਮ ਦਾ ਲਾ, ਦਿੱਤੇ ਤਾਰ ਦਾਤੇ।*
*ਡੁੱਬਦੀ ਬੇੜੀ ਹਿੰਦ ਵਾਸੀਆਂ ਦੀ, ਦੇ ਕੁਰਬਾਨੀਆਂ ਕੀਤੀ ਪਾਰ ਦਾਤੇ।*
*ਸੰਸਾਰ ਤੋਂ ਜ਼ੁਲਮ ਮਿਟਾਉਣ ਖਾਤਰ, ਕੀਤਾ ਖਾਲਸਾ ਪੰਥ ਤਿਆਰ ਦਾਤੇ।*

*ਨੀਚਾਂ ਤੋਂ ਊਚ ਤੂੰ ਏਂ ਕਰਨ ਵਾਲਾ, ਹੋਈ ਮਨੁੱਖਤਾ 'ਤੇ ਕਿਰਪਾ ਮਹਾਨ ਤੇਰੀ।*
*ਖਾਲੀ ਦਰੋਂ ਸਵਾਲੀ ਨਾ ਮੋੜਦਾ ਤੂੰ, ਉਸਤਤ ਕਰੇ ਏ ਕੁੱਲ ਜਹਾਨ ਤੇਰੀ।*
*ਜਿਸ ਦੀ ਕਿਤੋਂ ਮੁਰਾਦ ਨਾ ਹੋਏ ਪੂਰੀ, ਸ਼ਰਨ ਲੈਂਦਾ ਉਹ ਦਾਤਾ ਆਣ ਤੇਰੀ।*
*ਕੀਤੀ ਦਯਾ ਤੂੰ ਸਦਾ ਮਜ਼ਲੂਮ ਉੱਤੇ, ਸਿਫਤ ਕੀ ਕਰਾਂ ਮੈਂ ਗੁਣੀ ਨਿਧਾਨ ਤੇਰੀ।*
*ਹਰ ਇਕ ਦੀ ਤੂੰ ਏਂ ਫਰਿਆਦ ਸੁਣੀ, ਜੁਲਮ ਮਿਟਾਉਣ ਲਈ ਕਿਰਪਾਨ ਤੇਰੀ।*
*ਆਜ਼ਜ਼ ਹੋ ਕੇ ਡਿੱਗੇ ਜੋ ਵਿਚ ਚਰਨਾਂ, ਨਿਗ੍ਹਾ ਹੋਈ ਫਿਰ ਮਿਹਰਬਾਨ ਤੇਰੀ।*

*ਤੂੰ ਚਿੜੀਆਂ ਤੋਂ ਬਾਜ਼ ਤੁੜਾਏ ਦਾਤਾ, ਸਵਾ ਲੱਖ ਨਾਲ ਲੜਦਾ ਜਵਾਨ ਤੇਰਾ।*
*ਫੜ੍ਹਾਂ ਜੋ ਬਹੁਤੀਆਂ ਮਾਰਦੇ ਸਨ, ਸਾਮ੍ਹਣੇ ਨਾ ਹੋਣ ਖੌਫ਼ ਖਾਣ ਤੇਰਾ।*
*ਭੁੱਲ ਜਾਂਦੇ ਉਠਾਉਣੀ ਤੇਗ ਸੂਰੇ, ਲੋਹਾ ਮੰਨਦਾ ਏ ਕੁੱਲ ਜਹਾਨ ਤੇਰਾ।*
*ਵਾਂਗਰ ਕਾਇਰਾਂ ਦੇ ਦੁਸ਼ਮਣ ਭੱਜ ਜਾਂਦੇ, ਫ਼ਤ੍ਹੇ ਹੁੰਦਾ ਏ ਕੁੱਲ ਮੈਦਾਨ ਤੇਰਾ।*
*ਗੁੱਡੀ ਵਾਂਗ ਚੜ੍ਹੇ ਅਕਾਸ਼ ਉੱਤੇ, ਭਰਦੇ ਪਾਣੀ ਸ਼ਾਹ ਸੁਲਤਾਨ ਤੇਰਾ।*
*ਕਰੇਂ ਨਜ਼ਰ ਦੇ ਨਾਲ ਨਿਹਾਲ ਜਿਸ ਨੂੰ, ਉਹ ਹਰ ਦਮ ਦਾਤਾ ਗੀਤ ਗਾਣ ਤੇਰਾ।*

*ਭੁਲਾਏ ਜਾਣ ਨਾ ਦਸਮੇਸ਼ ਤੇਰੇ ਕੌਤਕ, ਕੀਤੇ ਜੋ ਉਪਕਾਰ ਦੇ ਵਿਚ।*
*ਜ਼ੁਲਮ ਸਾਮ੍ਹਣੇ ਝੁੱਕਣਾ ਜਾਣਦੇ ਨਹੀਂ, ਐਸਾ ਖ਼ੂਨ ਤੇਰੇ ਪਰਵਾਰ ਦੇ ਵਿਚ।*
*ਮਾਣ ਤੋੜ ਕੇ ਚਕਨਾਚੂਰ ਕੀਤੇ, ਆਏ ਜੋ ਵੀ ਲੋਭ-ਹੰਕਾਰ ਦੇ ਵਿਚ।*
*ਆਜ਼ਜ਼ ਹੋ ਕੇ ਡਿੱਗੇ ਜੋ ਵਿਚ ਚਰਨਾਂ, ਪਾਇਆ ਮਾਣ ਉਨ੍ਹਾਂ ਤੇਰੇ ਦਰਬਾਰ ਦੇ ਵਿਚ।*
*ਜਿਵੇਂ ਵਿਚ ਅਕਾਸ਼ ਦੇ ਚੰਨ ਚਮਕੇ ਸੋਭਾ ਦਸਮੇਸ਼ ਦੀ ਸਾਰੇ ਸੰਸਾਰ ਦੇ ਵਿਚ।*
*ਪਾਰ ਕੀਤੇ 'ਸੁਰਜੀਤ ਸਿੰਘਾ' ਸੋ ਘੜੀ ਅੰਦਰ, ਨਾਮ ਜਪਣ ਜੋ ਤੇਰਾ ਪਿਆਰ ਦੇ ਵਿਚ।* ■

*ਐਲ-੬/੧੩੧, ਗਲੀ ਨੰ: ੨, ਬਜ਼ਾਰ ਨੰ: ੩ , ਨਿਊ ਸ਼ਹੀਦ ਊਧਮ ਸਿੰਘ ਨਗਰ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ। ਮੋ: +੯੧੯੨੧੬੫-੪੭੫੬੩

ਖ਼ਬਰਨਾਮਾ

# ਪ੍ਰੋ. ਕਿਰਪਾਲ ਸਿੰਘ ਬਡੂੰਗਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤੀਜੀ ਵਾਰ ਪ੍ਰਧਾਨ ਚੁਣੇ ਗਏ

ਸ੍ਰੀ ਅੰਮ੍ਰਿਤਸਰ ੫ ਨਵੰਬਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਤੇ ਕਾਰਜਕਾਰਨੀ ਦੀ ਚੋਣ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਈ। ਜਿਸ ਵਿਚ ਪ੍ਰੋ. ਕਿਰਪਾਲ ਸਿੰਘ ਬਡੂੰਗਰ ਸਰਬ-ਸੰਮਤੀ ਨਾਲ ਤੀਜੀ ਵਾਰ ਸ਼੍ਰੋਮਣੀ ਗੁ.ਪ੍ਰ. ਕਮੇਟੀ ਦੇ ੪੧ਵੇਂ ਪ੍ਰਧਾਨ ਚੁਣੇ ਗਏ। ਉਨ੍ਹਾਂ ਦੇ ਪ੍ਰਧਾਨ ਬਣਨ ਨਾਲ ਸਮੁੱਚੇ ਸਿੱਖ ਪੰਥਕ ਹਲਕਿਆਂ 'ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਇਜਲਾਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਮੱਲ ਸਿੰਘ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ੍ ਬਠਿੰਡਾ ਤੋਂ ਸਿੰਘ ਸਾਹਿਬ ਗਿਆਨੀ ਗੁਰਮੁਖ ਸਿੰਘ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਸ਼ਮੂਲੀਅਤ ਕੀਤੀ। ਜਨਰਲ ਇਜਲਾਸ ਤੋਂ ਪਹਿਲਾਂ ਅਰਦਾਸ ਭਾਈ ਰਾਜਦੀਪ ਸਿੰਘ ਨੇ ਕੀਤੀ ਤੇ ਹੁਕਮਨਾਮਾ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਲਿਆ। ਚੋਣ ਪ੍ਰਕਿਰਿਆ ਡਿਪਟੀ ਕਮਿਸ਼ਨਰ ਸ. ਬਲਵਿੰਦਰ ਸਿੰਘ ਵੱਲੋਂ ਸ਼ੁਰੂ ਕਰਦਿਆਂ ਹਾਊਸ ਨੂੰ ਪ੍ਰਧਾਨਗੀ ਲਈ ਨਾਮ ਪੇਸ਼ ਕਰਨ ਲਈ ਕਿਹਾ ਗਿਆ। ਜਿਸ ਲਈ ਜਥੇਦਾਰ ਤੋਤਾ ਸਿੰਘ ਨੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦਾ ਨਾਮ ਪ੍ਰਧਾਨਗੀ ਪਦ ਲਈ ਪੇਸ਼ ਕੀਤਾ। ਉਨ੍ਹਾਂ ਦੇ ਨਾਮ ਦੀ ਤਾਈਦ ਬੀਬੀ ਜਗੀਰ ਕੌਰ ਅਤੇ ਤਾਈਦ-ਮਜੀਦ ਸ. ਨਵਤੇਜ ਸਿੰਘ ਕੌਣੀ ਨੇ ਕੀਤੀ। ਇਸ ਉਪਰੰਤ ਚੁਣੇ ਗਏ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਹਾਊਸ ਦੀ ਅਗਲੀ ਕਾਰਵਾਈ ਚਲਾਉਣ ਲਈ ਡਿਪਟੀ ਕਮਿਸ਼ਨਰ ਵੱਲੋਂ ਸੱਦਾ ਦਿੱਤਾ ਗਿਆ।

ਸੀਨੀਅਰ ਮੀਤ ਪ੍ਰਧਾਨ ਵਜੋਂ ਸ. ਬਲਦੇਵ ਸਿੰਘ ਕਿਆਮਪੁਰ ਨੂੰ ਚੁਣਿਆ ਗਿਆ ਜਿਨ੍ਹਾਂ ਦਾ ਨਾਮ ਸ. ਸੁਰਿੰਦਰ ਸਿੰਘ ਭੂਲੇਰਾਠਾ, ਹੁਸ਼ਿਆਰਪੁਰ ਮੈਂਬਰ ਸ਼੍ਰੋਮਣੀ ਗੁ.ਪ੍ਰ. ਕਮੇਟੀ ਨੇ ਪੇਸ਼ ਕੀਤਾ। ਇਨ੍ਹਾਂ ਦੇ ਨਾਮ ਦੀ ਤਾਈਦ ਸ. ਰਘੂਜੀਤ ਸਿੰਘ ਅਤੇ ਤਾਈਦ-ਮਜੀਦ ਸ. ਜਰਨੈਲ ਸਿੰਘ ਡੋਗਰਾਂ ਵਾਲਾ ਮੈਂਬਰ, ਸ਼੍ਰੋਮਣੀ ਗੁ.ਪ੍ਰ. ਕਮੇਟੀ ਨੇ ਕੀਤੀ।

ਜੂਨੀਅਰ ਮੀਤ ਪ੍ਰਧਾਨ ਦੇ ਅਹੁਦੇ ਲਈ ਬਾਬਾ ਬੂਟਾ ਸਿੰਘ ਨੂੰ ਚੁਣਿਆ ਗਿਆ। ਇਨ੍ਹਾਂ ਦਾ ਨਾਮ ਸ. ਸੁਰਜੀਤ ਸਿੰਘ ਗੜ੍ਹੀ ਨੇ ਪੇਸ਼ ਕੀਤਾ ਅਤੇ ਸ. ਅਲਵਿੰਦਰਪਾਲ ਸਿੰਘ ਪੱਖੋਕੇ ਮੈਂਬਰ, ਸ਼੍ਰੋਮਣੀ ਗੁ.ਪ੍ਰ. ਕਮੇਟੀ ਨੇ ਤਾਈਦ ਅਤੇ ਤਾਈਦ-ਮਜੀਦ ਕੀਤੀ।

ਜਨਰਲ ਸਕੱਤਰ ਦੇ ਅਹੁਦੇ ਲਈ ਸ. ਅਮਰਜੀਤ ਸਿੰਘ ਮੈਂਬਰ ਸ਼੍ਰੋਮਣੀ ਗੁ.ਪ੍ਰ. ਕਮੇਟੀ ਨੂੰ ਚੁਣਿਆ ਗਿਆ। ਇਨ੍ਹਾਂ ਦਾ ਨਾਮ ਸ. ਮੇਜਰ ਸਿੰਘ ਰਾਮਪੁਰਾ ਫੂਲ ਮੈਂਬਰ ਸ਼੍ਰੋਮਣੀ ਗੁ.ਪ੍ਰ. ਕਮੇਟੀ ਨੇ ਪੇਸ਼ ਕੀਤਾ ਤੇ ਤਾਈਦ ਸ. ਪਰਮਜੀਤ ਸਿੰਘ ਰਾਏਪੁਰ ਨੇ ਕੀਤੀ ਅਤੇ ਤਾਈਦ-ਮਜੀਦ ਸ. ਨਵਤੇਜ ਸਿੰਘ ਕੌਣੀ ਅਤੇ ਤਾਈਦ-ਮਜੀਦ ਬੀਬੀ ਜਗੀਰ ਕੌਰ ਮੈਂਬਰ ਗੁ.ਪ੍ਰ. ਸ਼੍ਰੋਮਣੀ ਕਮੇਟੀ ਨੇ ਕੀਤੀ।

ਉਪਰੰਤ ਪ੍ਰੋ. ਕਿਰਪਾਲ ਸਿੰਘ ਜੀ ਬਡੂੰਗਰ ਵੱਲੋਂ ੧੧ ਮੈਂਬਰੀ ਅੰਤ੍ਰਿੰਗ ਕਮੇਟੀ

ਦੇ ਮੈਂਬਰਾਂ ਦੇ ਨਾਮ ਪੇਸ਼ ਕੀਤੇ ਗਏ। ਜਿਨ੍ਹਾਂ ਵਿਚ ਸ. ਜੈਪਾਲ ਸਿੰਘ ਮੰਡੀਆਂ ਹੁਸ਼ਿਆਰਪੁਰ, ਸ. ਨਿਰਮਲ ਸਿੰਘ ਹਰਿਆਓ, ਸ. ਕੁਲਵੰਤ ਸਿੰਘ ਮੰਨਣ, ਸ. ਸਤਪਾਲ ਸਿੰਘ ਤਲਵੰਡੀ ਭਾਈ, ਸ. ਬਲਵਿੰਦਰ ਸਿੰਘ ਵੇਈਂਪੂਈ, ਸ. ਗੁਰਮੇਲ ਸਿੰਘ ਸੰਗਤਪੁਰਾ, ਬੀਬੀ ਜੋਗਿੰਦਰ ਕੌਰ ਬਠਿੰਡਾ, ਭਾਈ ਰਾਮ ਸਿੰਘ ਅੰਮ੍ਰਿਤਸਰ, ਸ. ਗੁਰਚਰਨ ਸਿੰਘ, ਸ. ਸੁਰਜੀਤ ਸਿੰਘ ਭਿੱਟੇਵੱਡ ਤੇ ਸ. ਸੁਰਜੀਤ ਸਿੰਘ ਕਾਲਾਬੂਲਾ ਦਾ ਨਾਮ ਪੇਸ਼ ਕੀਤਾ ਗਿਆ। ਜਿਸ ਨੂੰ ਹਾਊਸ ਦੇ ਸਮੁੱਚੇ ਮੈਂਬਰਾਂ ਵੱਲੋਂ ਜੈਕਾਰਿਆਂ ਦੀ ਗੂੰਜ ਵਿੱਚ ਪ੍ਰਵਾਨਗੀ ਦਿੱਤੀ ਗਈ।

ਜਨਰਲ ਇਜਲਾਸ ਵਿਚ ਸਿੱਖ ਇਤਿਹਾਸ ਰੀਸਰਚ ਬੋਰਡ ਅਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰਾਂ ਦੀ ਚੋਣ ਵੀ ਸਰਬ-ਸੰਮਤੀ ਨਾਲ ਕਰ ਲਈ ਗਈ। ਜਨਰਲ ਇਜਲਾਸ ਦੀ ਅਰੰਭਤਾ ਤੋਂ ਪਹਿਲਾਂ ਪੰਥ ਤੋਂ ਵਿੱਛੜ ਚੁੱਕੀਆਂ ਸ਼ਖ਼ਸੀਅਤਾਂ ਜਿਨ੍ਹਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਰੇਸ਼ਮ ਸਿੰਘ, ਸ. ਨਿਰਮਲ ਸਿੰਘ ਘਰਾਚੋਂ, ਬੀਬੀ ਹਰਬੰਸ ਕੌਰ ਸੁਖਾਣਾ, ਸ. ਦਿਲਬਾਗ ਸਿੰਘ ਪਠਾਨਕੋਟ, ਸ. ਬਲਬੀਰ ਸਿੰਘ ਕੁਰਾਲਾ ਅਤੇ ਬਾਬਾ ਜਸਵੀਰ ਸਿੰਘ ਕਾਲਾਮਲ੍ਹਾ ਸਾਬਕਾ ਮੈਂਬਰ ਸ਼੍ਰੋਮਣੀ ਗੁ.ਪ੍ਰ. ਕਮੇਟੀ ਨੂੰ ਪੰਜ ਵਾਰ ਮੂਲ ਮੰਤਰ ਦਾ ਜਾਪ ਕਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

## ਸ਼੍ਰੋਮਣੀ ਗੁ.ਪ੍ਰ. ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਪੰਜਾਬ ਦੇ ਪਾਣੀਆਂ ਲਈ ਰਾਸ਼ਟਰਪਤੀ ਤੋਂ ਇਨਸਾਫ ਦੀ ਮੰਗ ਕੀਤੀ

ਸ੍ਰੀ ਅੰਮ੍ਰਿਤਸਰ ੧੨ ਨਵੰਬਰ: ਪ੍ਰੋ. ਕਿਰਪਾਲ ਸਿੰਘ ਬਡੂੰਗਰ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਹੇਠ ਅੰਤ੍ਰਿੰਗ ਕਮੇਟੀ ਦੀ ਪਲੇਠੀ ਇਕੱਤਰਤਾ ਸ਼੍ਰੋਮਣੀ ਗੁ.ਪ੍ਰ. ਕਮੇਟੀ ਦੇ ਇਕੱਤਰਤਾ ਘਰ, ਪ੍ਰਬੰਧਕੀ ਬਲਾਕ ਵਿਖੇ ਹੋਈ। ਜਿਸ ਦੀ ਸ਼ੁਰੂਆਤ ਮੂਲ ਮੰਤਰ ਦੇ ਜਾਪ ਉਪਰੰਤ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਮੁੱਖ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵੱਲੋਂ ਅਰਦਾਸ ਨਾਲ ਹੋਈ। ਇਸ ਉਪਰੰਤ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਪ੍ਰਧਾਨ, ਸ਼੍ਰੋਮਣੀ ਗੁ.ਪ੍ਰ. ਕਮੇਟੀ ਨੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਅੱਜ ਦੀ ਇਕੱਤਰਤਾ ਵਿਚ ਸਮੁੱਚੀ ਅੰਤ੍ਰਿੰਗ ਕਮੇਟੀ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ੧੪ ਮਹੱਤਵਪੂਰਨ ਮਤਿਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਮਤਿਆਂ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਵੱਖ-ਵੱਖ ਥਾਵਾਂ 'ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ, ਗੁਟਕੇ ਅਤੇ ਪੋਥੀਆਂ ਦੀ ਹੋਈ ਬੇਅਦਬੀ ਦੀਆਂ ਹਿਰਦੇਵੇਦਕ ਮੰਦਭਾਗੀਆਂ ਘਟਨਾਵਾਂ 'ਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕਰਦੇ ਹੋਏ ਹਿਰਦੇ ਤੋਂ ਡੂੰਘੀ ਪੀੜਾ ਮਹਿਸੂਸ ਕੀਤੀ ਗਈ ਅਤੇ ਇਸ ਸਬੰਧੀ ਫੈਸਲਾ ਕੀਤਾ ਗਿਆ ਹੈ ਕਿ ਮੈਂਬਰ ਸ਼੍ਰੋਮਣੀ ਗੁ.ਪ੍ਰ. ਕਮੇਟੀ ਆਪਣੇ ਹਲਕੇ ਵਿਚਲਿਆਂ ਪਿੰਡਾਂ ਤੇ ਸ਼ਹਿਰਾਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸਭਾ-ਸੁਸਾਇਟੀਆਂ ਦੇ ਪ੍ਰਬੰਧਕਾਂ ਨੂੰ ਨਾਲ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ, ਗੁਰਦੁਆਰਾ ਸਾਹਿਬਾਨ ਦੀ ਸਾਂਭ-ਸੰਭਾਲ ਨੂੰ ਯਕੀਨੀ ਬਣਾਉਣ ਲਈ ਲੋੜੀਂਦੇ ਪ੍ਰਬੰਧ ਕਰਨ ਦਾ ਉਪਰਾਲਾ ਕਰਨਗੇ। ਇਹ ਫੈਸਲਾ ਵੀ

ਕੀਤਾ ਗਿਆ ਹੈ ਕਿ ਸਮੂਹ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿਚਲੇ ਗੁਰਦੁਆਰਾ ਸਾਹਿਬਾਨ ਵਿਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦਾ ਮੁਕੰਮਲ ਵੇਰਵਾ ਤਿਆਰ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵਾਤਾਵਰਣ ਦੀ ਸ਼ੁੱਧਤਾ ਲਈ ਬਾਬਾ ਸੇਵਾ ਸਿੰਘ ਕਾਰ-ਸੇਵਾ ਖਡੂਰ ਸਾਹਿਬ ਵਾਲੇ, ਬਾਬਾ ਬਲਬੀਰ ਸਿੰਘ ਸੀਚੇਵਾਲ ਅਤੇ ਹੋਰ ਵਾਤਾਵਰਣ ਪ੍ਰੇਮੀਆਂ ਨੂੰ ਨਾਲ ਲੈ ਕੇ ਵਾਤਾਵਰਣ ਦੇ ਸੁਧਾਰ ਲਈ ਲਹਿਰ ਚਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਦੇਸ਼-ਵਿਦੇਸ਼ ਦੀਆਂ ਸੰਗਤਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਗੁ.ਪ੍ਰ. ਕਮੇਟੀ ਦੇ ਪ੍ਰਬੰਧ ਅਧੀਨ ਸਾਰੇ ਗੁਰਦੁਆਰਾ ਸਾਹਿਬਾਨ ਦੀਆਂ ਸਰਾਵਾਂ ਨੂੰ ਆਨਲਾਈਨ ਕੀਤਾ ਜਾਵੇਗਾ ਜਿਸ ਨਾਲ ਦੇਸ਼-ਵਿਦੇਸ਼ ਵਿਚ ਕਿਤੇ ਵੀ ਬੈਠਾ ਸ਼ਰਧਾਲੂ ਰਿਹਾਇਸ਼ ਲਈ ਕਮਰੇ ਬੁੱਕ ਕਰਵਾ ਸਕੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁ.ਪ੍ਰ. ਕਮੇਟੀ ਦੇ ਪ੍ਰਬੰਧ ਅਧੀਨ ਚੱਲਦੇ ਸਾਰੇ ਸਕੂਲਾਂ/ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਅਤੇ ਦੂਜੇ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਦੀ ਸਨਿਓਰਟੀ ਲਿਸਟ ਬਣਾਉਣ ਲਈ ਸਬ ਕਮੇਟੀ ਨੀਯਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹਰੇਕ ਤਰ੍ਹਾਂ ਦੀ ਭਰਤੀ ਅਤੇ ਪ੍ਰਮੋਸ਼ਨ ਯੋਗਤਾ ਟੈਸਟ ਲੈਣ ਉਪਰੰਤ ਹੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਕ ਹੋਰ ਮਹੱਤਵਪੂਰਨ ਮਤੇ ਵਿਚ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਵਿਚ ਅੰਮ੍ਰਿਤ-ਸੰਚਾਰ ਲਹਿਰ ਨੂੰ ਹੋਰ ਪ੍ਰਚੰਡ ਕਰਨ ਦੀ ਯੋਜਨਾ ਨੂੰ ਅੰਜਾਮ ਦਿੱਤਾ ਗਿਆ ਹੈ ਅਤੇ ਵੱਡੇ ਪੱਧਰ ’ਤੇ ਅੰਮ੍ਰਿਤ-ਸੰਚਾਰ ਪ੍ਰੋਗਰਾਮ ਕਰਾਏ ਜਾਣਗੇ ਬਾਰੇ ਵੀ ਫੈਸਲਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰੋਗਰਾਮਾਂ ਵਿਚ ਹਰੇਕ ਹਲਕੇ ਦੇ ਮੈਂਬਰ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁ.ਪ੍ਰ. ਕਮੇਟੀ ਦੇ ਪ੍ਰਬੰਧ ਅਧੀਨ ਚੱਲਦੇ ਸਕੂਲਾਂ/ ਕਾਲਜਾਂ ਦੇ ਬੱਚਿਆਂ ਅੰਦਰ ਗੁਰਬਾਣੀ, ਗੁਰ-ਇਤਿਹਾਸ ਅਤੇ ਸਿੱਖ ਵਿਰਸੇ ਬਾਰੇ ਜਾਣਕਾਰੀ ਦੇਣ ਦੇ ਠੋਸ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਮਕਸਦ ਲਈ ਹਰੇਕ ਸਕੂਲ ਵਿਚ ਧਾਰਮਿਕ ਅਧਿਆਪਕ ਨਿਯੁਕਤ ਕੀਤਾ ਜਾਵੇਗਾ। ਸਕੂਲਾਂ ਦੇ ਨਾਲ-ਨਾਲ ਕਾਲਜਾਂ ਅੰਦਰ ਵੀ ਸਵੇਰ ਦੀ ਅਸੈਂਬਲੀ ਅਰੰਭ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸਕੂਲਾਂ/ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦-ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਧਾਰਮਿਕ ਸਮਾਗਮ/ਸੈਮੀਨਾਰ ਕੀਤੇ ਜਾਣਗੇ ਤਾਂ ਕਿ ਵਿਦਿਆਰਥੀਆਂ ਨੂੰ ਦਸਮ ਪਿਤਾ ਦੇ ਜੀਵਨ, ਉਦੇਸ਼, ਕੁਰਬਾਨੀ ਅਤੇ ਫ਼ਲਸਫ਼ੇ ਤੋਂ ਜਾਣੂ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਦਸਮੇਸ਼ ਪਿਤਾ ਦੇ ੩੫੦-ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਹਰੇਕ ਜ਼ਿਲ੍ਹਾ ਹੈੱਡ ਕੁਆਰਟਰ ਤੇ ਚੋਣਵੀਆਂ ਥਾਵਾਂ ’ਤੇ ਇਕ-ਇਕ ਗੁਰਮਤਿ ਸਮਾਗਮ ਕੀਤਾ ਜਾਵੇਗਾ ਜਿਸ ਵਿਚ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰ, ਕਥਾਵਾਚਕ ਤੇ ਸਿੱਖ ਵਿਦਵਾਨ ਸੰਗਤਾਂ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਉਪਦੇਸ਼ ਅਤੇ ਕੁਰਬਾਨੀਆਂ ਬਾਰੇ ਗਿਆਨ ਭਰਪੂਰ ਜਾਣਕਾਰੀ ਦੇਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁ.ਪ੍ਰ. ਕਮੇਟੀ ਵੱਲੋਂ ਹਰੇਕ ਸਾਲ ਦੋ ਸਿੱਖ ਬੁੱਧੀਜੀਵੀਆਂ, ਰਾਸ਼ਟਰੀ/ਅੰਤਰਰਾਸ਼ਟਰੀ ਸਿੱਖ ਖਿਡਾਰੀਆਂ ਅਤੇ ਕਿਸੇ ਵੀ ਖੇਤਰ ਵਿਚ ਨਾਮਣਾ ਖੱਟਣ ਵਾਲੇ ਸਿੱਖ ਨੂੰ ਵਿਸ਼ੇਸ਼ ਸਨਮਾਨ

ਦੇ ਕੇ ਸਨਮਾਨਿਤ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਅੰਤ੍ਰਿੰਗ ਕਮੇਟੀ ਵਿਚ ਇਹ ਵੀ ਫੈਸਲਾ ਲਿਆ ਗਿਆ ਕਿ ਪਿਛਲੇ ਸਮੇਂ ਵਿਚ ਸ਼੍ਰੋਮਣੀ ਗੁ.ਪ੍ਰ. ਕਮੇਟੀ ਵੱਲੋਂ ਚਲਾਏ ਜਾਂਦੇ ਗੁਰਮਤਿ ਟ੍ਰੇਨਿੰਗ ਇੰਸਟੀਚਿਊਟ ਵਿਚ ਸ਼੍ਰੋਮਣੀ ਗੁ.ਪ੍ਰ. ਕਮੇਟੀ ਦੇ ਸੇਵਾਦਾਰ ਤੋਂ ਲੈ ਕੇ ਸਕੱਤਰ ਦੇ ਅਹੁਦੇ ਤੀਕ, ਗੁਰਬਾਣੀ ਕੀਰਤਨ ਕਰਨ ਵਾਲੇ ਸਮੂਹ ਰਾਗੀ ਸਿੰਘਾਂ, ਗ੍ਰੰਥੀ ਸਿੰਘਾਂ ਅਤੇ ਅਖੰਡ ਪਾਠੀ ਸਿੰਘਾਂ, ਕਥਾਵਾਚਕ ਅਤੇ ਪ੍ਰਚਾਰਕ ਸਿੰਘਾਂ, ਢਾਡੀ ਸਿੰਘਾਂ ਅਤੇ ਕਵੀਸ਼ਰ ਸਾਹਿਬਾਨ ਲਈ ਵਿਸ਼ੇਸ਼ ਗੁਰਮਤਿ ਸਿਖਲਾਈ ਕੈਂਪ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਵਿਚਲੇ ਗੁਰਧਾਮਾਂ ਜਿਨ੍ਹਾਂ ਦਾ ਪ੍ਰਬੰਧ ਸ਼੍ਰੋਮਣੀ ਗੁ.ਪ੍ਰ. ਕਮੇਟੀ ਅਧੀਨ ਨਹੀਂ ਉਨ੍ਹਾਂ ਦੇ ਗੁਰਧਾਮਾਂ ਦੇ ਪ੍ਰਬੰਧਕਾਂ, ਗ੍ਰੰਥੀ ਸਿੰਘਾਂ ਅਤੇ ਰਾਗੀ ਸਿੰਘਾਂ ਲਈ ਵੀ ਵਿਸ਼ੇਸ਼ ਗੁਰਮਤਿ ਸਿਖਲਾਈ ਕੈਂਪਾਂ ਦਾ ਆਯੋਜਨ ਕੀਤਾ ਜਾਵੇਗਾ।

ਪ੍ਰੋ. ਬਡੂੰਗਰ ਨੇ ਕਿਹਾ ਕਿ ਇਸ ਇਕੱਤਰਤਾ ਵਿਚ ਇਹ ਮਹਿਸੂਸ ਕੀਤਾ ਗਿਆ ਕਿ ਪੰਜਾਬ ਨਾਲ ਸ਼ੁਰੂ ਤੋਂ ਹੀ ਧੱਕੇ ਹੁੰਦੇ ਆਏ ਹਨ। ਪਹਿਲਾਂ ੧੯੪੭ ਈ. ਦੀ ਵੰਡ ਸਮੇਂ ਪੰਜਾਬ ਦੇ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਅਤੇ ਸਿੱਖਾਂ ਦੇ ਪ੍ਰਾਣਾਂ ਤੋਂ ਪਿਆਰੇ ਗੁਰਧਾਮ ਵੱਖ ਕਰ ਦਿੱਤੇ ਗਏ। ਉਨ੍ਹਾਂ ਕਿਹਾ ਕਿ ਵੱਖ-ਵੱਖ ਸਮੇਂ ਪੰਜਾਬੀ ਸੂਬੇ ਦੀ ਵੰਡ ਦੌਰਾਨ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰੱਖੇ ਗਏ। ਪੰਜਾਬ ਜੋ ਪੰਜ ਦਰਿਆਵਾਂ ਦੀ ਧਰਤੀ ਸੀ ਦੇ ਰਹਿੰਦੇ ਢਾਈ ਦਰਿਆਵਾਂ ਦੇ ਪਾਣੀ ਦੀ ਕੇਂਦਰੀ ਕਾਂਗਰਸ ਸਰਕਾਰ ਨੇ ਅੰਤਰ-ਰਾਸ਼ਟਰੀ ਨਿਰਧਾਰਤ ਨਿਯਮਾਂ ਦੀ ਉਲੰਘਣਾ ਕਰ ਕੇ ਗੁਆਂਢੀ ਸੂਬਿਆਂ ਨੂੰ ਦੇਣ ਦੇ ਦੁਖਦਾਈ ਤੇ ਘਾਤਕ ਫੈਸਲੇ ਕੀਤੇ, ਜਿਸ ਨਾਲ ਹਰੇਕ ਪੰਜਾਬੀ ਦੇ ਦਿਲ ਨੂੰ ਗਹਿਰੀ ਸੱਟ ਵੱਜੀ। ਜੇਕਰ ਪੰਜਾਬ ਦਾ ਪਾਣੀ ਖੋਹਿਆ ਗਿਆ ਤਾਂ ਕਿਰਸਾਨੀ ਬਰਬਾਦ ਹੋ ਜਾਵੇਗੀ, ਜਿਸ ਦਾ ਸਿੱਧਾ ਅਸਰ ਸਿੱਖਾਂ ’ਤੇ ਪਏਗਾ। ਉਨ੍ਹਾਂ ਕਿਹਾ ਕਿ ਅੱਜ ਦੀ ਇਕੱਤਰਤਾ ਮਾਣਯੋਗ ਸੁਪਰੀਮ ਕੋਰਟ ਦੇ ਫੈਸਲੇ ਦੇ ਮੱਦੇ-ਨਜ਼ਰ ਮਾਣਯੋਗ ਰਾਸ਼ਟਰਪਤੀ ਭਾਰਤ ਸਰਕਾਰ ਨੂੰ ਅਪੀਲ ਕਰਦੀ ਹੈ ਕਿ ਪੰਜਾਬ ਦੀ ਹੱਕੀ ਮੰਗ ਨੂੰ ਪ੍ਰਵਾਨ ਕਰਕੇ ਪੰਜਾਬ ਦੇ ਪਾਣੀਆਂ ਨੂੰ ਕਿਸੇ ਵੀ ਸੂਰਤ ਵਿਚ ਪੰਜਾਬ ਤੋਂ ਨਾ ਖੋਹਿਆ ਜਾਵੇ। ਅੰਤ੍ਰਿੰਗ ਕਮੇਟੀਨੇ ਮੰਗ ਕੀਤੀ ਹੈ ਕਿ ਪੰਜਾਬ ਦੇ ਪਾਣੀਆਂ ਲਈ ਸਿੱਧੇ ਰਾਇਪੇਰੀਅਨ ਕਾਨੂੰਨ ਅਧੀਨ ਟ੍ਰਿਬਿਊਨਲ ਦਾ ਗਠਨ ਕਰ ਕੇ ਇਸ ਦਾ ਯੋਗ ਫੈਸਲਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਪਾਕਿਸਤਾਨ ਸਥਿਤ ਸ੍ਰੀ ਕਰਤਾਰਪੁਰ ਸਾਹਿਬ ਦੇ ਖੁੱਲੇ ਦਰਸ਼ਨ-ਦੀਦਾਰਿਆਂ ਲਈ ਸੰਗਤੀ ਲਾਂਘੇ ਦੀ ਵੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਭਾਰਤ ਅਤੇ ਪਾਕਿਸਤਾਨ ਸਰਕਾਰ ਪਾਸੋਂ ਮੰਗ ਕੀਤੀ ਗਈ ਹੈ ਕਿ ਸੰਗਤਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਸ੍ਰੀ ਕਰਤਾਰਪੁਰ ਸਾਹਿਬ ਲਈ ਖੁੱਲ੍ਹਾ ਲਾਂਘਾ ਦਿੱਤਾ ਜਾਵੇ ਤਾਂ ਜੋ ਸੰਗਤਾਂ ਭਾਰਤੀ ਸਰਹੱਦ ਤੋਂ ਆਪਣੇ ਵਿਛੜੇ ਗੁਰਧਾਮ ਦੇ ਦਰਸ਼ਨ-ਦੀਦਾਰੇ ਕਰ ਸਕਣ।

■

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ

## ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਅੰਮ੍ਰਿਤ-ਸੰਚਾਰ ਸਮਾਗਮ

ਭਾਈ ਜਸਪਾਲ ਸਿੰਘ ਗ੍ਰੰਥੀ, ਸ੍ਰੀ ਅਕਾਲ ਤਖਤ ਸਾਹਿਬ, ਭਾਈ ਕਰਮ ਸਿੰਘ ਅਤੇ ਭਾਈ ਕੋਮਲ ਸਿੰਘ ਪੰਜ ਪਿਆਰੇ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ੧ ਜੂਨ ਤੋਂ ੩੧ ਅਕਤੂਬਰ, ੨੦੧੬ ਤਕ ਹੋਏ ਅੰਮ੍ਰਿਤ-ਸੰਚਾਰ ਸਮਾਗਮਾਂ ਵਿਚ ਕੁੱਲ ੧੧੩੧੯ ਪ੍ਰਾਣੀ ਅਤੇ ੧ ਜੂਨ ਤੋਂ ੩੧ ਅਕਤੂਬਰ, ੨੦੧੬ ਤਕ ਪੰਜਾਬ ਤੇ ਪੰਜਾਬ ਤੋਂ ਬਾਹਰ ਹੋਏ ਅੰਮ੍ਰਿਤ-ਸੰਚਾਰ ਸਮਾਗਮਾਂ ਵਿਚ ਕੁੱਲ ੪੦੨੯ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

## ਸਿੱਖ ਮਿਸ਼ਨ ਕਲਕੱਤਾ ਵੱਲੋਂ ਗੁਰਮਤਿ ਸਮਾਗਮ

ਸਿੱਖ ਮਿਸ਼ਨ ਕਲਕੱਤਾ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ) ਦੇ ਇੰਚਾਰਜ ਸ. ਜਗਮੋਹਨ ਸਿੰਘ ਦੀ ਅਗਵਾਈ ਵਿਚ ਪ੍ਰਚਾਰਕ ਭਾਈ ਚਰਨਜੀਤ ਸਿੰਘ ਅਤੇ ਭਾਈ ਗੁਰਵਿੰਦਰ ਸਿੰਘ ਜੰਮੂ ਰਾਹੀਂ ਗੁ. ਸ੍ਰੀ ਗੁਰੂ ਸਿੰਘ ਸਭਾ ਗਾਈ ਘਾਟਾ, ਜ਼ਿਲ੍ਹਾ ਬਰਧਵਾਨ (ਪੱਛਮੀ ਬੰਗਾਲ) ਵਿਖੇ ੧ ਨਵੰਬਰ, ੨੦੧੬ ਨੂੰ ਗੁਰਮਤਿ ਦੀਵਾਨ ਸਜਾਇਆ ਗਿਆ, ਜਿਸ ਦੌਰਾਨ ਹੋਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ਕੁੱਲ ੨੧ ਪ੍ਰਾਣੀਆਂ ਨੇ ਖੰਡੇ-ਬਾਟੇ ਦੀ ਪਾਹੁਲ ਹਾਸਲ ਕੀਤੀ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁ.ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ ਰਹਿਤ ਦਿੱਤੇ ਗਏ। ਇਸ ਸਮਾਗਮ ਨੂੰ ਸਫਲ ਬਣਾਉਣ ਵਿਚ ਸ. ਤਰਸੇਮ ਸਿੰਘ, ਸ. ਜਗਦੀਸ਼ ਸਿੰਘ (ਸੈਂਟਰਲ ਕਮੇਟੀ) ਸ. ਅਰਜਨ ਸਿੰਘ. ਸ. ਜਰਨੈਲ ਸਿੰਘ, ਡਾ. ਦਲਜੀਤ ਸਿੰਘ, ਸ. ਅਜੀਤ ਸਿੰਘ, ਸ. ਹਰਦੇਵ ਸਿੰਘ, ਸ. ਚੰਚਲ ਸਿੰਘ (ਦੁਰਗਾਪੁਰ), ਸ. ਜਸਪਾਲ ਸਿੰਘ (ਰਾਨੀਗੰਜ) ਅਤੇ ਸਮੂਹ ਸੰਗਤਾਂ ਦਾ ਸਹਿਯੋਗ ਰਿਹਾ।

## ਪਿੰਡ ਬੁਤਾਲਾ ਵਿਖੇ ਅੰਮ੍ਰਿਤ ਸੰਚਾਰ

ਭਾਈ ਜਸਪਾਲ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਪਾਤਸ਼ਾਹੀ ਛੇਵੀਂ, ਬੁਤਾਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੫ ਅਗਸਤ, ੨੦੧੬ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ, ਜਿਸ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਨੇ ੬੦ ਪ੍ਰਾਣੀਆਂ ਨੂੰ ਅੰਮ੍ਰਿਤ-ਪਾਨ ਕਰਵਾ ਕੇ ਗੁਰੂ ਵਾਲੇ ਬਣਾਇਆ। ਅੰਮ੍ਰਿਤ-ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ, (ਸ਼੍ਰੋਮਣੀ ਗੁ.ਪ੍ਰ. ਕਮੇਟੀ), ਸ੍ਰੀ ਅੰਮ੍ਰਿਤਸਰ ਵੱਲੋਂ ਕਕਾਰ ਭੇਟਾ-ਰਹਿਤ ਦਿੱਤੇ ਗਏ।

ਇਸ ਸਮਾਗਮ ਤੋਂ ਪਹਿਲਾਂ ਗੁਰਮਤਿ ਦੇ ਪ੍ਰਚਾਰ ਤੇ ਪ੍ਰਸਾਰ ਲਈ ਪਿੰਡ ਬੁਤਾਲਾ ਤੇ ਆਸ-ਪਾਸ ਦੇ ਵੱਖ-ਵੱਖ ਇਲਾਕਿਆਂ ਵਿਚ ਗੁਰਮਤਿ ਪ੍ਰਚਾਰ ਵਹੀਰ ਚਲਾ ਕੇ ਭਾਈ ਜਸਪਾਲ ਸਿੰਘ ਅਤੇ ਭਾਈ ਖਜ਼ਾਨ ਸਿੰਘ ਪ੍ਰਚਾਰਕਾਂ ਤੋਂ ਇਲਾਵਾ,

ਵੱਖ-ਵੱਖ ਕਵੀਸ਼ਰੀ ਜਥਿਆਂ ਨੇ ਸੰਗਤਾਂ ਨੂੰ ਅੰਮ੍ਰਿਤ ਛਕ ਕੇ ਬਾਣੀ ਤੇ ਬਾਣੇ ਨਾਲ ਜੁੜਨ ਦੀ ਪ੍ਰੇਰਨਾ ਕੀਤੀ।

## ਗੁਰਦੁਆਰਾ ਗੁਰੂ ਕਾ ਬਾਗ ਵਿਖੇ ਗੁਰਮਤਿ ਸਮਾਗਮ

ਭਾਈ ਮਨਦੀਪ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ, (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਗੁਰਦੁਆਰਾ ਗੁਰੂ ਕਾ ਬਾਗ, ਘੁੱਕੇਵਾਲੀ, ਤਹਿਸੀਲ ਅਜਨਾਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਕਾ ਬਾਗ ਦੇ ਸਾਕੇ ਨੂੰ ਸਮਰਪਿਤ ੬ ਤੋਂ ੮ ਅਗਸਤ, ੨੦੧੬ ਤਕ ਗੁਰਮਤਿ ਸਮਾਗਮ ਕਰਵਾਏ ਗਏ, ਜਿਨ੍ਹਾਂ ਵਿਚ ਬੱਚਿਆਂ ਦੇ ਕਵਿਤਾ, ਕਵੀਸ਼ਰੀ, ਗੁਰਬਾਣੀ ਕੰਠ, ਭਾਸ਼ਣ, ਕੀਰਤਨ ਅਤੇ ਦਸਤਾਰ ਮੁਕਾਬਲੇ ਹੋਏ।

ਇਸ ਦੌਰਾਨ ੭ ਅਗਸਤ, ੨੦੧੬ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ਕੁੱਲ ੫੩ ਪ੍ਰਾਣੀਆਂ ਨੇ ਅੰਮ੍ਰਿਤ-ਪਾਨ ਕੀਤਾ। ੮ ਅਗਸਤ, ੨੦੧੬ ਨੂੰ ਹੋਏ ਮੁੱਖ ਸਮਾਗਮ ਵਿਚ ਵੱਖ-ਵੱਖ ਢਾਡੀ, ਰਾਗੀ ਅਤੇ ਕਵੀਸ਼ਰੀ ਜਥਿਆਂ ਨੇ ਸੰਗਤਾਂ ਨੂੰ ਗੁਰਬਾਣੀ ਤੇ ਗੁਰ-ਇਤਿਹਾਸ ਨਾਲ ਜੋੜਿਆ। ਇਸ ਮੌਕੇ ਸ. ਜੋਧ ਸਿੰਘ ਸਮਰਾ, ਬੀਬੀ ਸਵਰਨ ਕੌਰ ਤੇੜਾ, (ਮੈਂਬਰ ਸਾਹਿਬਾਨ, ਸ਼੍ਰੋਮਣੀ ਗੁ.ਪ੍ਰ. ਕਮੇਟੀ) ਤੋਂ ਇਲਾਵਾ ਮੈਨੇਜਰ ਪ੍ਰਗਟ ਸਿੰਘ ਤੇੜਾ ਨੇ ਗੁਰੂ ਕੇ ਬਾਗ ਦੇ ਸਾਕੇ ਨਾਲ ਸੰਬੰਧਿਤ ਪਰਵਾਰਾਂ ਨੂੰ ਸਿਰੋਪਾਓ ਦੇ ਕੇ ਅਤੇ ਗੁਰਮਤਿ ਮੁਕਾਬਲਿਆਂ ਵਿੱਚੋਂ ਪਹਿਲੇ, ਦੂਜੇ ਤੇ ਤੀਜੇ ਸਥਾਨ ’ਤੇ ਆਉਣ ਵਾਲੇ ਬੱਚਿਆਂ ਨੂੰ ਸ਼ੀਲਡਾਂ ਦੇ ਕੇ ਸਨਮਾਨਿਤ ਕੀਤਾ।

## ਪਿੰਡ ਰਜਾਦਾ ਵਿਖੇ ਅੰਮ੍ਰਿਤ-ਸੰਚਾਰ ਸਮਾਗਮ

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ), ਸ੍ਰੀ ਅੰਮ੍ਰਿਤਸਰ ਵੱਲੋਂ ਪਿੰਡ ਰਜਾਦਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਗੁ. ਬਾਬਾ ਜੀਵਨ ਸਿੰਘ ਜੀ ਸ਼ਹੀਦ ਵਿਖੇ ੧੬ ਅਗਸਤ, ੨੦੧੬ ਨੂੰ ਦਸਮੇਸ਼ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦-ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੰਮ੍ਰਿਤ-ਸੰਚਾਰ ਕਰਵਾਇਆ ਗਿਆ, ਜਿਸ ਵਿਚ ੯੫ ਪ੍ਰਾਣੀਆਂ ਨੇ ਅੰਮ੍ਰਿਤ-ਪਾਨ ਕੀਤਾ। ਅੰਮ੍ਰਿਤ-ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ, (ਸ਼੍ਰੋਮਣੀ ਗੁ.ਪ੍ਰ. ਕਮੇਟੀ), ਸ੍ਰੀ ਅੰਮ੍ਰਿਤਸਰ ਵੱਲੋਂ ਕਕਾਰ ਭੇਟਾ-ਰਹਿਤ ਦਿੱਤੇ ਗਏ।

ਇਨ੍ਹਾਂ ਸਮਾਗਮਾਂ ਦੀ ਸਫਲਤਾ ਲਈ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਭਾਈ ਮਨਜੀਤ ਸਿੰਘ ਕਾਦੀਆਂ, ਭਾਈ ਸਿਮਰਨਜੀਤ ਸਿੰਘ ਅਤੇ ਭਾਈ ਮਹਿਤਾਬ ਸਿੰਘ ਖਾਲਸਾ ਦੇ ਕਵੀਸ਼ਰੀ ਜਥੇ ਨੇ ਆਸ-ਪਾਸ ਦੇ ਪਿੰਡਾਂ ਵਿਚ ਦੀਵਾਨ ਲਗਾ ਕੇ ਸੰਗਤਾਂ ਨੂੰ ਪ੍ਰੇਰਿਆ। ਹਲਕਾ ਮੈਂਬਰ ਜਥੇ. ਸੇਵਾ ਸਿੰਘ ਸੇਖਵਾਂ ਨੇ ਇਨ੍ਹਾਂ ਸਮਾਗਮਾਂ ਦੀ ਵਿਸ਼ੇਸ਼ ਰੂਪ ਵਿਚ ਅਗਵਾਈ ਕੀਤੀ।

■